ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 89 | 20 Sept. to 26 Sept., 2023 | Ph.: (510) 240-5949 | Email: asrtimes@gmail.com



# ਨਿੱਝਰ ਹੱਤਿਆ ਮਾਮਲੇ ਕਾਰਨ ਕੈਨੇਡਾ-ਭਾਰਤ ਦੇ ਰਿਸ਼ਤਿਆਂ 'ਚ ਆਈ ਵੱਡੀ ਕੁੜੱਤਣ

## ਅਸੀਂ ਭਾਰਤ ਨੂੰ ਭੜਕਾਅ ਨਹੀਂ ਰਹੇ, ਪਰ ਸਿੱਖ ਆਗੂ ਦੀ ਹੱਤਿਆ ਦੇ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਜਾਵੇ : ਟਰੂਡੋ

## ਭਾਰਤੀ ਵਿਦੇਸ਼ ਮੰਤਰਾਲੇ ਨੇ ਕੈਨੇਡਾ ਦੇ ਦੋਸ਼ਾਂ ਨੂੰ ਨਕਾਰਿਆ

ਪਟਿਆਲਾ/ਏ.ਟੀ.ਨਿਊਜ਼ : ਕੈਨੇਡਾ ਵਿੱਚ ਸਿੱਖਾਂ ਦੀ ਆਬਾਦੀ 7,70,000 ਤੋਂ ਜ਼ਿਆਦਾ ਹੈ, ਇਹ ਅੰਕੜਾ ਦੇਸ਼ ਦੀ ਕੁੱਲ ਆਬਾਦੀ ਦਾ 2 ਫੀਸਦੀ ਹੈ, ਪਰ ਇਹ ਆਬਾਦੀ ਕੈਨੇਡਾ ਦੇ ਰਾਜਨੀਤਿਕ ਅਤੇ ਸਮਾਜਿਕ ਜੀਵਨ ਵਿੱਚ ਬਹੁਤ ਮਹੱਤਵਪੂਰਨ ਥਾਂ ਰਖਦੀ ਹੈ। ਜਸਟਿਨ ਟਰੂਡੋ ਨੇ ਸਾਲ 2015 ਦੇ ਵਿੱਚ ਪਹਿਲੀ ਸਰਕਾਰ ਬਣਾਈ ਸੀ, ਤੇ ਟਰੂਡੋ ਦੀ ਪਹਿਲੀ ਸਰਕਾਰ ਵਿੱਚ 4 ਸਿੱਖ ਮੰਤਰੀ ਸ਼ਾਮਲ ਸਨ। ਟਰੂਡੋ ਦੇ ਮੁਤਾਬਕ ਹੀ ਜੇ ਗੱਲ ਕਰੀਏ ਤਾਂ ਉਹਨਾਂ ਕਿਹਾ ਸੀ ਕਿ ਉਹਨਾਂ ਦੀ ਕੈਬਨਿਟ ਦੇ ਵਿੱਚ ਜਿੰਨੇ ਸਿੱਖ ਸ਼ਾਮਲ ਹਨ, ਉਨੇ ਸਿੱਖ ਭਾਰਤ ਦੀ ਕੈਬਨਿਟ ਵਿੱਚ ਵੀ ਨਹੀਂ ਹਨ। ਸਿੱਖ ਕੌਮ ਦੇ ਲਈ ਇਹ ਇੱਕ ਬਹੁਤ ਹੀ ਸਤਿਕਾਰ ਤੇ ਮਾਣ ਵਾਲੀ ਗੱਲ ਹੈ।

ਜੀ- 20 ਦੇ ਸੰਮੇਲਨ ਦੌਰਾਨ ਹੀ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਚਕਾਰ ਗੱਲਬਾਤ ਤੋਂ ਬਾਅਦ ਕੁੜੱਤਣ ਸਿਆਸੀ ਸਫ਼ਾਂ ਦੇ ਵਿੱਚ ਦਿਖਾਈ ਦੇ ਰਹੀ ਸੀ। ਇਹ ਮੌਕਾਮੇਲ ਹੀ ਸੀ ਕਿ ਇੱਕ ਪਾਸੇ ਭਾਰਤ ਦੀ ਨਵੀਂ ਸੰਸਦ ਦਾ ਉਦਘਾਟਨ ਹੋ ਰਿਹਾ ਸੀ, ਦੂਜੇ ਪਾਸੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੈਨੇਡਾ ਦੀ ਸੰਸਦ ਵਿੱਚ ਹਰਦੀਪ ਸਿੰਘ ਨਿੱਝਰ ਦੇ ਕਤਲ ਪਿੱਛੇ ਭਾਰਤ ਸਰਕਾਰ ਦਾ ਹੱਥ ਹੋਣ ਦੀ ਗੱਲ ਕੀਤੀ ਜਾ ਰਹੀ ਸੀ।



ਸ਼ੁਰੂ ਤੋਂ ਹੀ ਭਾਈ ਨਿੱਝਰ ਦੇ ਸਮਰਥਕਾਂ ਨੇ ਦੋਸ਼ ਲਗਾਇਆ ਕਿ ਉਹਨਾਂ ਦੇ ਕਤਲ ਦੇ ਪਿੱਛੇ ਭਾਰਤ ਦਾ ਹੱਥ ਹੈ, ਹੁਣ ਪ੍ਰਧਾਨ ਮੰਤਰੀ ਟਰੂਡੋ ਵੱਲੋਂ ਇਸ ਸਬੰਧੀ ਦਿੱਤਾ ਗਿਆ ਬਿਆਨ ਚਰਚਾ ਦਾ ਵਿਸ਼ਾ ਹੈ। ਟਰੂਡੋ ਨੇ ਸੰਸਦ ਵਿੱਚ ਕਿਹਾ ਕਿ "ਕੈਨੇਡੀਅਨ ਧਰਤੀ 'ਤੇ ਕੈਨੇਡੀਅਨ ਨਾਗਰਿਕ ਦੀ ਹੱਤਿਆ ਵਿੱਚ ਕਿਸੇ ਸਰਕਾਰ ਦਾ ਹੱਥ ਅਸੀਂ ਬਰਦਾਸ਼ਤ (ਬਾਕੀ ਸਫ਼ਾ 29 'ਤੇ)

### ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਟਰੂਡੋ ਦੇ ਬਿਆਨ ਦਾ ਸਮਰਥਣ

ਵਰਲਡ ਸਿੱਖ ਆਰਗੇਨਾਈਜੇਸ਼ਨ ਸਮੇਤ ਕੈਨੇਡਾ ਦੇ ਹੋਰ ਸਿੱਖ ਸਮੂਹਾਂ ਨੇ ਪ੍ਰਧਾਨ ਮੰਤਰੀ ਦੇ ਬਿਆਨ ਦਾ ਸਵਾਗਤ ਕਰਦਿਆਂ ਕਿਹਾ ਕਿ ਜਸਟਿਨ ਟਰੂਡੋ ਨੇ ਓਸ ਗੱਲ ਦੀ ਪੁਸ਼ਟੀ ਕੀਤੀ ਹੈ, ਜੋ ਪਹਿਲਾਂ ਹੀ ਪੰਜਾਬੀ ਭਾਈਚਾਰੇ ਦੇ ਵਿੱਚ ਚਰਚਾ ਦਾ ਵਿਸ਼ਾ ਸੀ। ਇਸ ਵਿੱਚ ਵੀ ਟਰੂਡੋ ਦਾ ਵੱਡਪਣ ਹੈ ਕਿ ਉਸ ਨੇ ਕਿਹਾ ਕਿ ਮੈਂ ਭਾਰਤ ਵਿੱਚ ਤਨਾਓ ਨਹੀਂ ਵਧਾਉਣਾ ਚਾਹੁੰਦਾ ਸਗੋਂ ਮੈਂ ਅਪੀਲ ਕਰਦਾ ਹਾਂ ਕਿ ਸਿੱਖ ਆਗੂ ਦੀ ਹੱਤਿਆ ਨੂੰ ਗੰਭੀਰਤਾ ਨਾਲ ਲਿਆ ਜਾਵੇ ਤੇ ਭਾਰਤ ਸਰਕਾਰ ਕੈਨੇਡਾ ਦਾ ਸਾਥ ਦੇਵੇ।

### ਭਾਰਤ ਅਤੇ ਕੈਨੇਡਾ ਵਿਚਾਲੇ ਵਪਾਰਕ ਸਬੰਧ

ਭਾਰਤ ਅਤੇ ਕੈਨੇਡਾ ਵਿਚਾਲੇ 'ਮੁਕਤ ਵਪਾਰ ਸਮਝੌਤੇ' 'ਤੇ ਗੱਲਬਾਤ ਕੁਝ ਸਿਆਸੀ ਘਟਨਾਵਾਂ ਕਾਰਨ ਰੁਕ ਗਈ ਹੈ। ਆਰਥਿਕ ਮਾਹਿਰਾਂ ਅਨੁਸਾਰ ਭਾਰਤ ਅਤੇ ਕੈਨੇਡਾ ਦਰਮਿਆਨ ਦੁਵੱਲਾ ਵਪਾਰ ਹਾਲ ਹੀ ਦੇ ਸਾਲਾਂ ਵਿੱਚ ਕਾਫੀ ਵਧਿਆ ਹੈ, ਜੋ ਕਿ 2022-23 ਵਿੱਚ 8.16 ਅਰਬ ਅਮਰੀਕੀ ਡਾਲਰ ਤੱਕ ਪਹੁੰਚ ਗਿਆ ਹੈ।

ਕੈਨੇਡਾ ਨੂੰ ਭਾਰਤ ਦੇ ਨਿਰਯਾਤ (4.1 ਅਰਬ ਅਮਰੀਕੀ ਡਾਲਰ) ਵਿੱਚ ਦਵਾਈਆਂ, ਰਤਨ, ਗਹਿਣੇ, ਕੱਪੜੇ ਅਤੇ ਮਸ਼ੀਨਰੀ ਸ਼ਾਮਲ ਹਨ, ਜਦੋਂ ਕਿ ਭਾਰਤ ਨੂੰ ਕੈਨੇਡਾ ਦੇ (ਬਾਕੀ ਸਫ਼ਾ 29 'ਤੇ)

### ਸੁਖਾਂਵੇਂ ਨਹੀਂ ਰਹੇ ਟਰੂਡੋ ਅਤੇ ਮੋਦੀ ਵਿਚਾਲੇ ਸਬੰਧ

ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਸਬੰਧ ਪਹਿਲਾਂ ਤੋਂ ਹੀ ਸੁਖਾਂਵੇਂ ਨਹੀਂ ਰਹੇ। ਜਦੋਂ ਟਰੂਡੋ 2018 ਵਿੱਚ ਭਾਰਤ ਦੇ ਦੌਰੇ 'ਤੇ ਆਏ ਸਨ ਤਾਂ ਉਸ ਸਮੇਂ ਵੀ ਭਾਰਤ ਸਰਕਾਰ ਵੱਲੋਂ ਉਹਨਾਂ ਪ੍ਰਤੀ ਕੋਈ ਖਾਸ ਦਿਲਚਸਪੀ ਨਹੀਂ ਦਿਖਾਈ ਗਈ ਸੀ। ਭਾਵੇਂ ਕਿ ਪ੍ਰਧਾਨ ਮੰਤਰੀ ਮੋਦੀ ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ, ਇਜ਼ਰਾਇਲ ਦੇ ਪ੍ਰਧਾਨ ਮੰਤਰੀ ਨੇਤਨ ਯਾਹੂ, ਸੰਯੁਕਤ ਅਰਬ ਅਮੀਰਾਤ ਦੇ ਸ਼ਹਿਜ਼ਾਦੇ ਕਰਾਊਨ ਪ੍ਰਿੰਸ ਦੇ ਸਵਾਗਤ ਲਈ ਦਿੱਲੀ ਹਵਾਈ ਅੱਡੇ 'ਤੇ ਆਪ ਗਏ ਸਨ, ਜਦੋਂ ਕਿ ਟਰੂਡੋ ਨੂੰ ਰਿਸੀਵ ਕਰਨ ਲਈ ਪ੍ਰਧਾਨ ਮੰਤਰੀ ਮੋਦੀ ਵੱਲੋਂ ਇੱਕ ਜੂਨੀਅਰ ਮੰਤਰੀ ਨੂੰ ਭੇਜਿਆ ਗਿਆ ਸੀ ਅਤੇ ਰਵਾਇਤ ਦੇ ਮੁਤਾਬਿਕ ਭਾਰਤੀ ਪ੍ਰਾਹੁਣਾਚਾਰੀ ਦਾ ਪਾਲਣ ਵੀ ਨਹੀਂ ਸੀ ਕੀਤਾ ਗਿਆ, ਜਿਸ ਕਰਕੇ ਪੰਜਾਬੀ ਮੀਡੀਆ ਨੇ ਕਿਹਾ ਸੀ ਕਿ "ਭਾਰਤ ਨੇ ਪ੍ਰਾਹੁਣਾਚਾਰੀ ਦਾ ਹੱਕ ਗੁਆਇਆ।" ਜਦੋਂ ਤੋਂ ਜਸਟਿਨ ਟਰੂਡੋ ਕੈਨੇਡਾ ਦੇ ਪ੍ਰਧਾਨ ਮੰਤਰੀ ਬਣੇ ਹਨ, ਉਦੋਂ ਤੋਂ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਕੈਨੇਡਾ ਨਹੀਂ ਗਏ।

### ਦੋਵੇਂ ਸਰਕਾਰਾਂ ਇਸ ਮਾਮਲੇ 'ਤੇ ਸੰਜੀਦਾ ਵਿਚਾਰ ਕਰਨ : ਧਾਮੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਭਾਰਤ ਅਤੇ ਅਮਰੀਕਾ ਦੀਆਂ ਸਰਕਾਰਾਂ ਨੂੰ ਇਸ ਮਾਮਲੇ 'ਤੇ ਸੰਜੀਦਾ ਵਿਚਾਰ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਦੇਸ਼ ਵਿਦੇਸ਼ ਦੇ ਸਿੱਖਾਂ ਦੇ ਨਾਲ ਸਬੰਧਿਤ ਅਜਿਹੇ ਮਾਮਲਿਆਂ 'ਤੇ ਇੱਕ ਸੁਹਿਰਦ ਪਹੁੰਚ ਅਪਣਾਵੇ ਅਤੇ ਸਿੱਖਾਂ ਦੇ ਅੰਦਰ ਬੇਵਿਸ਼ਵਾਸੀ ਵਾਲਾ ਮਾਹੌਲ ਨਾ ਬਣਨ ਦੇਵੇ।

### ਸਾਨੂੰ ਤਾਂ ਪਹਿਲਾਂ ਤੋਂ ਪਤਾ ਸੀ : ਹਿੰਮਤ ਸਿੰਘ ਨਿੱਝਰ

ਭਾਈ ਹਰਦੀਪ ਸਿੰਘ ਨਿੱਝਰ ਦੇ ਤਾਏ ਹਿੰਮਤ ਸਿੰਘ ਨਿੱਝਰ ਨੇ ਕਿਹਾ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ ਤਾਂ ਹਰਦੀਪ ਦੀ ਹੱਤਿਆ ਪਿਛੇ ਭਾਰਤੀ ਏਜੰਸੀਆਂ ਦਾ ਹੱਥ ਹੁਣ ਦੱਸਿਆ ਜਦੋਂਕਿ ਉਹਨਾਂ ਨੂੰ ਤਾਂ ਪਹਿਲੇ ਦਿਨ ਤੋਂ ਹੀ ਇਸ ਬਾਰੇ ਪਤਾ ਸੀ। ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿੱਚ ਕੈਨੇਡਾ ਦੇ 'ਗਲੋਬਲ ਮੇਲ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਭਾਈ ਹਰਦੀਪ ਸਿੰਘ ਨਿੱਝਰ ਦੇ ਪੁੱਤਰ ਬਲਰਾਜ ਸਿੰਘ ਨਿੱਝਰ ਨੇ ਕਿਹਾ ਕਿ ਮੇਰੇ ਪਿਤਾ ਦੀ ਮੌਤ ਨੂੰ ਤਿੰਨ ਮਹੀਨੇ ਹੋ ਗਏ ਸੀ, ਪਰ ਉਸ ਦੇ ਬਾਰੇ ਦੇ ਵਿੱਚ ਕੋਈ ਜਾਂਚ, ਕੋਈ ਗੱਲਬਾਤ ਨਾ ਹੋਣਾ ਸਾਡੇ ਲਈ ਚਿੰਤਾ ਦੀ ਵੀ ਗੱਲ ਸੀ। ਟਰੂਡੋ ਦੇ ਬਿਆਨ ਤੋਂ ਬਾਅਦ ਸਾਨੂੰ ਆਸ ਦੀ ਕਿਰਨ ਦਿਖਾਈ ਦਿੱਤੀ ਹੈ। ਭਾਵੇਂ ਕਿ ਉਹਨਾਂ ਨੂੰ ਅਤੇ ਉਹਨਾਂ ਦੇ ਪਿਤਾ ਨੂੰ ਮਹੀਨਿਆਂ ਪਹਿਲਾਂ ਸੰਭਾਵੀ ਖ਼ਤਰਿਆਂ ਬਾਰੇ ਚਿਤਾਵਨੀ ਮਿਲ ਗਈ ਸੀ। ਉਨ੍ਹਾਂ ਕਿਹਾ ਕਿ ਕੁਦਰਤੀ ਮੌਤ ਹੁੰਦੀ ਤਾਂ ਯਕੀਨ ਕਰਨਾ ਅਤੇ ਆਪਣੇ ਆਪ ਨੂੰ ਮਨਾਉਣਾ ਥੋੜਾ ਸੌਖਾ ਹੁੰਦਾ ਪਰ ਇਹ ਜਿਸ ਤਰੀਕੇ ਨਾਲ ਹੋਇਆ.....।

# ਕੈਲੀ.ਫੋਰਨੀਆ ਵਸਦੇ ਸਿੱਖ ਹੁਣ ਪਗੜੀ ਨਾਲ ਚਲਾ ਸਕਣਗੇ ਮੋਟਰ-ਸਾਈਕਲ







ਸੈਕਰਾਮੈਂਟੋ / ਹੁਸਨ ਲੜੋਆ ਬੰਗਾ: ਸਿੱਖ ਭਾਈਚਾਰੇ ਲਈ ਰਾਹਤ ਵਾਲੀ ਗੱਲ ਹੈ ਕਿ ਬੀਤੇ ਕੱਲ੍ਹ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਖੇ ਕੈਲੀਫੋਰਨੀਆ ਸਟੇਟ ਸੈਨੇਟ ਵਿੱਚ ਬਿੱਲ ਵੱਡੇ ਬਹੁਮਤ ਨਾਲ ਪਾਸ ਹੋ ਗਿਆ ਹੈ। ਹੁਣ ਇਸ ਬਿੱਲ ਤੇ ਕੈਲੀਫੋਰਨੀਆ ਸਟੇਟ ਦੇ ਗਵਰਨਰ ਦੇ ਦਸਤਖ਼ਤ ਦੇ ਨਾਲ ਇਹ ਇੱਕ ਕਾਨੂੰਨ ਬਣ ਜਾਵੇਗਾ। ਇਸ ਦੇ ਤਹਿਤ ਜਲਦੀ ਹੀ ਸਿੱਖ ਸਿਰਾਂ ਉੱਪਰ ਪੱਗਾਂ, ਦਸਤਾਰਾਂ ਅਤੇ ਦੁਮਾਲੇ ਸਜਾਕੇ, ਕੈਲੀਫੋਰਨੀਆ ਸਟੇਟ ਵਿੱਚ ਕਾਨੂੰਨੀ ਤੌਰ ’ਤੇ ਮੋਟਰ-ਸਾਈਕਲ ਚਲਾ ਸਕਦੇ ਹਨ। ਬਿੱਲ ਸਟੇਟ ਸੈਨੇਟਰ ਬਰਾਇਨ ਡਾਹਲੀ ਨੇ ਕਾਨੂੰਨ ਦੇ ਮਾਹਰਾਂ ਅਤੇ ਪਲੈਨਿੰਗ ਕਮਿਸ਼ਨ ਦੇ ਵਾਈਸ ਚੇਅਰਮੈਨ ਮਨਦੀਪ ਸਿੰਘ ਦੀ ਮਦਦ ਨਾਲ ਤਿਆਰ ਕੀਤਾ ਸੀ। ਇਕ ਮੁਕੰਮਲ ਕਾਨੂੰਨ ਬਣਨ ਤੋਂ ਪਹਿਲਾ ਬਿੱਲ ਨੂੰ ਬਹੁਤ ਸਾਰੀਆਂ ਸਟੇਟ ਕਮੇਟੀਆਂ, ਸੈਨੇਟ ਫਲੋਰ, ਅਸੈਂਬਲੀ ਫਲੋਰ ਅਤੇ ਹੋਰ ਬਹੁਤ ਸਾਰੀਆਂ ਪ੍ਰਕਿਰਿਆ ਵਿੱਚੋਂ ਲੰਘਣਾ ਪਆ। ਸੈਨੇਟਰ ਬਰਾਇਨ ਡਾਹਲੀ ਅਤੇ ਪਲੈਨਿੰਗ ਕਮਿਸ਼ਨ ਦੇ ਵਾਈਸ ਚੇਅਰਮੈਨ ਮਨਦੀਪ ਸਿੰਘ ਨੇ ਬਹੁਤ ਮਿਹਨਤ ਕਰਕੇ ਬਿੱਲ ਨੂੰ ਹਰ ਇੱਕ ਪੜਾਵ ਵਿੱਚੋਂ ਵੱਡੇ ਬਹੁਮਤ ਨਾਲ ਪਾਸ ਕਰਵਾਇਆ ਹੈ। ਅਮਰੀਕਾ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰਾ ਰਹਿ ਰਿਹਾ ਹੈ ਅਤੇ ਇਤਿਹਾਸ ’ਚ ਪਹਿਲੀ ਵਾਰ ਸਿੱਖਾਂ ਨੂੰ ਅਮਰੀਕਾ ਦੀ ਕਿਸੇ ਸਟੇਟ ਵਿੱਚ ਕਾਨੂੰਨੀ ਤੌਰ ’ਤੇ ਪੱਗ ਬੰਨ ਕੇ ਮੋਟਰ-ਸਾਈਕਲ ਚਲਾਉਣ ਦਾ ਹੱਕ ਮਿਲਣ ਜਾ ਰਹੀ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਤੇ ਕਾਨੂੰਨ ਬਣਨ ਨਾਲ ਸਿੱਖਾਂ ਨੂੰ ਭਾਰੀ ਰਾਹਤ ਮਿਲੇਗੀ।

# ਫਰਿਜ਼ਨੋ ਵਿਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 28ਵੀਂ ਬਰਸੀ ਮੌਕੇ ਵਿਸ਼ੇਸ਼ ਸਮਾਗਮ





ਫਰਿਜ਼ਨੋ, (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ) : ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਬਣੇ ਖਾਲੜਾ ਪਾਰਕ ਵਿੱਚ ਲੰਘੇ ਸ਼ਨੀਵਾਰ ਫਰਿਜ਼ਨੋ ਵੱਲੋਂ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਪ੍ਰਬੰਧਕ ਕਮੇਟੀ ਵੱਲੋਂ ਇੰਡੋ-ਯੂ.ਐਸ. ਹੈਰੀਟੇਜ਼ ਦੇ ਸਹਿਯੋਗ ਨਾਲ ’ਤੇ ਜੈਕਾਰਾ ਮੂਵਮਿੰਟ ਦੇ ਨੌਜਵਾਨਾਂ ਦੇ ਉੱਦਮ ਸਦਕੇ ਇੱਕ ਵਿਸ਼ੇਸ਼ ਸਮਾਗਮ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 28ਵੀਂ ਬਰਸੀ ਨੂੰ ਮੁੱਖ ਰੱਖਕੇ ਕਰਵਾਇਆ ਗਿਆ। ਇਸ ਮੌਕੇ ਜਿੱਥੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਗਿਆ, ਓਥੇ ਹੀ 9/11 ਦੀ 22ਵੀ ਬਰਸੀ ਮੌਕੇ ਅਮਰੀਕਾ ਵਿੱਚ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਤਿੰਨ ਹਜ਼ਾਰ ਤੋਂ ਵੱਧ ਨਿਰਦੋਸ਼ ਲੋਕਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ। ਸਮਾਗਮ ਦੀ ਸ਼ੁਰੂਆਤ ਗੁਰਬਾਣੀ ਦੇ ਸ਼ਬਦ ਅਤੇ ਅਮੈਰਿਕਨ ਐਂਨਥੰਮ ਉਪਰੰਤ ਕੀਤੀ ਗਈ। ਪਿਛੋਂ ਸਟੇਜ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਇਸ ਪਿੱਛੋਂ ਗਾਇਕ ਕਮਲਜੀਤ ਬੈਨੀਪਾਲ ਅਤੇ ਸ਼ਾਇਰ ਰਣਜੀਤ ਗਿੱਲ (ਜੱਗਾ ਸਧਾਰ) ਨੇ ਕਵਿਸ਼ਰੀ ਗਾਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ ’ਤੇ ਪੰਛੀ ਝਾਤ ਪਵਾਈ। ਯਮਲੇ ਜੱਟ ਦੇ ਲਾਡਲੇ ਸ਼ਗਿਰਦ ਰਾਜ ਬਰਾੜ ਅਤੇ ਪੱਪੀ ਭਦੌੜ ਨੇ ਇਨਕਲਾਬੀ ਗੀਤਾਂ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਹੈਰੀ ਮਾਨ, ਰਾਜ ਸਿੱਧੂ, ਕਾਕਾ ਅਮਰਜੀਤ ਸਿੰਘ, ਪੰਜਾਬੀ ਰੇਡੀਓ ਯੂ.ਐਸ.ਏ. ਦੇ ਹੋਸਟ ਰਾਜਕਰਨਬੀਰ ਸਿੰਘ, ਰੇਡੀਓ ਹੋਸਟ ਜਗਤਾਰ ਸਿੰਘ ਗਿੱਲ, ਪਰਮਪਾਲ ਸਿੰਘ, ਗੁਰਦੀਪ ਸ਼ੇਰਗਿੱਲ, ਰਣਜੋਧ ਸਿੰਘ ਰਿਆੜ, ਹਿਸਟੋਰੀਅਨ ਗਗਨਦੀਪ ਸਿੰਘ ਆਈ. ਏ. ਐਸ., ਮਲਕੀਤ ਸਿੰਘ ਕਿੰਗਰਾ, ਮਨਦੀਪ ਸਿੰਘ ਸਿਲਮਾਂ, ਜਗਦੀਸ਼ ਸਿੰਘ, ਹਰਨੇਕ ਸਿੰਘ ਲੋਹਗੜ, ਆਦਿ ਨੇ ਸਟੇਜ਼ ਤੋਂ ਹਾਜ਼ਰੀ ਭਰੀ। ਇਸ ਮੌਕੇ ਕਾਂਗਰਸ ਲਈ ਰਨ ਕਰ ਰਹੇ ਮਾਇਕਲ ਮਾਹਿਰ ਨੇ ਵੀ ਖਾਲੜਾ ਸਾਹਿਬ ਨੂੰ ਯਾਦ ਕੀਤਾ ਅਤੇ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਨੇ ਉਹਨਾਂ ਨੂੰ ਸਿਰੋਪਾਓ ਦੇਕੇ ਨਿਵਾਜਿਆ।

ਇਸ ਮੌਕੇ ਪਾਰਕ ਦੀ ਸਫਾਈ ਵਾਲੇ ਮੁਲਾਜ਼ਮਾਂ ਗੈਬਰੀਅਲ ਅਤੇ ਟੀਮ ਨੂੰ ਵੀ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਵੱਲੋਂ ਸਨਮਾਨਤ ਕੀਤਾ ਗਿਆ।

ਇਸ ਮੌਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਉਹਨਾਂ ਦੀ ਬੇਟੀ ਬੀਬੀ ਨਵਕਿਰਨ ਕੌਰ ਖਾਲੜਾ ਉਚੇਚੇ ਤੌਰ ’ਤੇ ਪਹੁੰਚੇ ਹੋਏ ਸਨ। ਇਸ ਮੌਕੇ ਬਾਬਿਆਂ ਦੀ ਪਾਰਕ ਕਮੇਟੀ ਵੱਲੋਂ ਉਹਨਾਂ ਨੂੰ ਸ਼ਾਲ ਦੇਕੇ ਨਿਵਾਜਿਆ ਗਿਆ। ਇਸ ਮੌਕੇ ਹੈਰੀ ਮਾਨ, ਪੱਤਰਕਾਰ ਨੀਟਾ ਮਾਛੀ ਕੇ, ਰਾਜਕਰਨਬੀਰ ਸਿੰਘ, ਹਰਜੋਤ ਸਿੰਘ ਖਾਲਸਾ, ਗੁਰਦੀਪ ਸ਼ੇਰਗਿੱਲ ਆਦਿ ਨੂੰ ਵੀ ਉਹਨਾਂ ਦੀਆਂ ਸੇਵਾਵਾਂ ਬਦਲੇ ਸਿਰੋਪਾਓ ਦਿੱਤੇ ਗਏ। ਅੰਤ ਵਿੱਚ ਖਾਲੜਾ ਪਾਰਕ ਵਾਲਿਆਂ ਬਾਬਿਆਂ ਦੀ ਕਮੇਟੀ ਦੇ ਮੋਢੀ ਮੈਂਬਰ ਸ. ਹਰਦੇਵ ਸਿੰਘ ਸਿੱਧੂ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਚਾਹ ਪਕੌੜਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਨਿਊ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ ਨੇ ਜਲੇਬੀਆਂ ਦਾ ਲੰਗਰ ਵਰਤਾਇਆ ਗਿਆ। ਇਸ ਮੌਕੇ ਖਾਲੜਾ ਸਾਬ੍ਹ ਦੇ ਜਵਾਈ ਸ.ਦਲਬੀਰ ਸਿੰਘ ਗਿੱਲ ਨੂੰ ਵੀ ਸਿਰੋਪਾਓ ਨਾਲ ਨਿਵਾਜਿਆ ਗਿਆ। ਇਸਪ੍ਰੋਗਰਾਮ ਦੀ ਕਾਮਯਾਬੀ ਦਾ ਸਿਹਰਾ ਸਮੂਹ ਇੰਡੋ-ਯੂ. ਐਸ. ਹੈਰੀਟੇਜ਼ , ਸਮੂਹ ਬਾਬਿਆਂ ਦੀ ਪਾਰਕ ਕਮੇਟੀ ਮੈਂਬਰ ਅਤੇ ਜੈਕਾਰਾ ਮੂਵਮਿੰਟ ਦੇ ਅਣਥੱਕ ਮੈਂਬਰਾਂ ਸਿਰ ਬੱਝਦਾ ਹੈ। ਇਸ ਮੌਕੇ ਇੰਡੋ - ਯੂ. ਐਸ. ਹੈਰੀਟੇਜ਼ ਅਤੇ ਬਾਬਿਆਂ ਦੀ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਕਿ ਸਤੰਬਰ ਦੇ ਤੀਸਰੇ ਸ਼ਨੀਵਾਰ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਇਹ ਬਰਸੀ ਹਰੇਕ ਸਾਲ ਮਨਾਈ ਜਾਇਆ ਕਰੇਗੀ ਅਤੇ ਸੰਗਤ ਦੇ ਸਹਿਯੋਗ ਲਈ ਅਤੇ ਵਲੰਟੀਅਰ ਵੀਰਾ ਦੀ ਮਿਹਨਤ ਲਈ ਉਹਨਾਂ ਦਾ ਸਪੈਸ਼ਲ ਧੰਨਵਾਦ ਕੀਤਾ।

(ਬਾਕੀ ਸਫ਼ਾ 30 ’ਤੇ)

# ਅਮਰੀਕਾ ’ਤੇ 11 ਸਤੰਬਰ ਦੇ ਹਮਲੇ ਦੇ ਯਾਦਗਾਰੀ ਸਮਾਰੋਹ ’ਚ ਓਹਾਇਓ ਦੇ ਸਿੱਖ ਭਾਈਚਾਰੇ ਨੇ ਕੀਤੀ ਸ਼ਮੂਲੀਅਤ

## ਵਰਲਡ ਟਰੇਡ ਸੈਂਟਰ ਦੇ ਪਿਲਰਾਂ ਦੀਆਂ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਯਾਦਗਾਰਾਂ ਕੀਤੀਆਂ ਸਥਾਪਿਤ





ਸੈਕਰਾਮੈਂਟੋ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਡੇਟਨ ਦੇ ਸਿੱਖ ਭਾਈਚਾਰੇ ਨੇ ਸੈਂਕੜੇ ਹੋਰ ਸਥਾਨਕ ਅਮਰੀਕਨਾਂ ਨਾਲ 11 ਸਤੰਬਰ, 2001 ਨੂੰ ਨਿਊਯਾਰਕ ਵਿਖੇ ਵਰਲਡ ਟਰੇਡ ਸੈਂਟਰ ਟਾਵਰਾਂ ਅਤੇ ਪੈਂਟਾਗਨ ’ਤੇ ਹੋਏ ਅੱਤਵਾਦੀ ਹਮਲਿਆਂ ਦੀ 22ਵੀਂ ਵਰ੍ਹੇਗੰਢ ਮਨਾਉਂਦੇ ਹੋਏ ਪ੍ਰਸਿੱਧ ਸ਼ਹਿਰ ਡੇਟਨ ਦੇ ਨਾਲ ਲੱਗਦੇ ਬੀਵਰਕ੍ਰੀਕ ਸ਼ਹਿਰ ਦੇ 9/11 ਮੈਮੋਰੀਅਲ ਵਿਖੇ ਸ਼ਰਧਾਂਜਲੀ ਦਿੱਤੀ। ਇਹਨਾਂ ਟਾਵਰਾਂ ਦੀਆਂ ਇਮਾਰਤਾਂ ਵਿੱਚ ਅਤੇ ਆਲੇ ਦੁਆਲੇ 2600 ਤੋਂ ਵੱਧ ਲੋਕ ਮਾਰੇ ਗਏ ਸਨ, ਜਦੋਂ ਅੱਤਵਾਦੀਆਂ ਨੇ ਹਵਾਈ ਜਹਾਜ਼ਾਂ ਨੂੰ ਅਗਵਾ ਕੀਤਾ ਅਤੇ ਟਾਵਰਾਂ ਨਾਲ ਟਕਰਾਅ ਦਿੱਤਾ। 186 ਲੋਕ ਪੈਂਟਾਗਨ ਵਿਖੇ ਜਹਾਜ਼ ਨਾਲ ਕੀਤੇ ਗਏ ਹਮਲੇ ਅਤੇ 40 ਪੈਨਸਿਲਵੇਨੀਆ ਵਿੱਚ ਇੱਕ ਜਹਾਜ਼ ਹਾਦਸੇ ਵਿੱਚ ਮਾਰੇ ਗਏ ਸਨ। ਸਮਾਰੋਹ ਵਿੱਚ ਯਾਦਗਾਰ ਉੱਤੇ ਝੰਡਾ ਨੀਵਾਂ ਕੀਤਾ ਗਿਆ, ਫੌਜ ਦੇ ਜਵਾਨਾਂ ਵੱਲੋਂ ਫੁੱਲ ਚੜਾਏ ਗਏ, ਰਾਸ਼ਟਰੀ ਗੀਤ ਗਾਇਆ ਗਿਆ, ਇੱਕ ਰਸਮੀ ਘੰਟੀ ਵਜਾਈ ਗਈ ਅਤੇ ਚਾਰ ਜਹਾਜਾਂ ਵੱਲੋਂ ਫਲਾਈਓਵਰ ਕਰਕੇ ਸ਼ਰਧਾਂਜਲੀ ਦਿੱਤੀ ਗਈ। ਬੀਵਰਕ੍ਰੀਕ ਦੇ ਮੇਅਰ ਬੌਬ ਸਟੋਨ ਨੇ ਸ਼ਰਧਾਂਜਲੀ ਸੰਦੇਸ਼ ਦਿੱਤਾ।

ਸਮਾਰੋਹ ਵਿੱਚ ਸ਼ਾਮਲ ਹੋਏ ਸਿੱਖ ਭਾਈਚਾਰੇ ਦੇ ਕਾਰਕੁਨ ਸਮੀਪ ਸਿੰਘ ਗੁਮਟਾਲਾ ਨੇ ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਇਸ ਸਲਾਨਾ ਯਾਦਗਾਰੀ ਸਮਾਰੋਹ ਦਾ ਆਯੋਜਨ ਬੀਵਰਕ੍ਰੀਕ ਦੇ 9/11 ਮੈਮੋਰੀਅਲ ਵਿਖੇ ਕੀਤਾ ਜਾਂਦਾ ਹੈ ਤਾਂ ਜੋ ਉਸ ਦਿਨ ਗੁਆਚੀਆਂ ਜਾਨਾਂ ਅਤੇ ਕੁਰਬਾਨੀਆਂ ਨੂੰ ਯਾਦ ਕੀਤਾ ਜਾ ਸਕੇ। ਬੀਵਰਕ੍ਰੀਕ ਦੇ ਇਸ 9/11 ਮੈਮੋਰੀਅਲ ਵਿੱਚ ਸਟੀਲ ਦਾ ਇੱਕ 25-ਫੁੱਟ ਉੱਚਾ ਮੁੜਿਆ ਹੋਇਆ ਪਿਲਰ ਸਥਾਪਿਤ ਕੀਤਾ ਗਿਆ ਹੈ, ਜੋ ਹਮਲੇ ਤੋਂ ਪਹਿਲਾਂ ਵਰਲਡ ਟਰੇਡ ਸੈਂਟਰ ਦੇ ਉੱਤਰੀ ਟਾਵਰ ਦੀਆਂ 101ਵੀਂ ਅਤੇ 105ਵੀਂ ਮੰਜ਼ਿਲਾਂ ਦੇ ਵਿਚਕਾਰ ਲੱਗਾ ਹੋਇਆ ਸੀ। ਇਸ ਟੁਕੜੇ ਨੂੰ ਦੋ ਅੱਗ ਬੁਝਾਊ ਦਸਤਿਆਂ ਦੁਆਰਾ ਬੀਵਰਕ੍ਰੀਕ ਵਿੱਚ ਲਿਆਂਦਾ ਗਿਆ ਸੀ ਜੋ ਓਹੀਓ ਟਾਸਕ ਫੋਰਸ ਵਨ ਦਾ ਹਿੱਸਾ ਸਨ ਅਤੇ ਇਹਨਾਂ ਨੇ ਨਿਊਯਾਰਕ ਵਿੱਚ ਗਰਾਊਂਡ ਜ਼ੀਰੋ ਵਿਖੇ ਬਚਾਅ ਕਾਰਜਾਂ ਵਿੱਚ ਸਹਾਇਤਾ ਕੀਤੀ ਸੀ। ਹਰ ਸਾਲ ਸਿੱਖ ਭਾਈਚਾਰੇ ਵੱਲੋਂ ਬਲਬੀਰ ਸਿੰਘ ਸੋਢੀ ਨੂੰ ਵੀ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਇਸ ਹਮਲੇ ਤੋਂ ਚਾਰ ਦਿਨ ਬਾਅਦ ਉਹਨਾਂ ਦੇ ਮੀਸਾ, ਐਰੀਜ਼ੋਨਾ ਗੈਸ ਸਟੇਸ਼ਨ ਦੇ ਬਾਹਰ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਦੱਸਣਯੋਗ ਹੈ ਕਿ ਉਸ ਸਮੇਂ ਹਮਲਾਵਰ 11 ਸਤੰਬਰ ਦੇ ਹਮਲਿਆਂ ਦਾ ਬਦਲਾ ਲੈਣ ਲਈ ਮੁਸਲਮਾਨਾਂ ਨੂੰ ਮਾਰਨਾ ਚਾਹੁੰਦਾ ਸੀ। ਇਹ 9/11 ਦੇ ਹਮਲੇ ਤੋਂ ਬਾਅਦ ਦਾ ਪਹਿਲਾ ਘਾਤਕ ਨਫ਼ਰਤੀ ਅਪਰਾਧ ਸੀ। ਇਸ ਤੋਂ ਬਾਅਦ ਸਿੱਖਾਂ, ਮੁਸਲਮਾਨਾਂ, ਦੱਖਣੀ ਏਸ਼ੀਆਈ ਅਤੇ ਹੋਰਨਾਂ ਵਿਰੁੱਧ ਨਫ਼ਰਤ ਅਤੇ ਵਿਤਕਰੇ ਦੀਆਂ ਘਟਨਾਵਾਂ ਦੀ ਇੱਕ ਲਹਿਰ ਦੀ ਸ਼ੁਰੂਆਤ ਹੋਈ।

ਇਸ ਸਮਾਰੋਹ ਵਿੱਚ ਭਾਗ ਲੈਣ ਵਾਲੇ ਸਿੱਖ ਸੋਸਾਇਟੀ ਆਫ ਡੇਟਨ ਦੇ ਮੈਂਬਰਾਂ ਵਿੱਚ ਡਾ. ਚਰਨਜੀਤ ਸਿੰਘ ਗੁਮਟਾਲਾ, ਅਵਤਾਰ ਸਿੰਘ ਸਪਰਿੰਗਫੀਲਡ, ਡਾ. ਦਰਸ਼ਨ ਸਿੰਘ ਸਹਿਬੀ ਅਤੇ ਪਰਮਿੰਦਰ ਸਿੰਘ ਬਾਸੀ ਸ਼ਾਮਲ ਸਨ।

ਇੱਥੇ ਇਹ ਦੱਸਣਾ ਵਰਨਣਯੋਗ ਹੈ ਕਿ ਵਰਲਡ ਟਰੇਡ ਸੈਂਟਰ ਦੇ ਬਹੁਤ ਸਾਰੇ ਇਹਨਾਂ ਪਿਲਰਾਂ ਨੂੰ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਬਣਾਈਆਂ ਯਾਦਗਾਰਾਂ ’ਤੇ ਸਥਾਪਿਤ ਕੀਤਾ ਗਿਆ ਹੈ ਜਿੱਥੇ ਲੋਕ ਕਿਸੇ ਵੀ ਸਮੇਂ ਸ਼ਰਧਾਂਜਲੀ ਭੇਂਟ ਕਰ ਸਕਦੇ ਹਨ।



# 'ਨਵਾਂ ਸੰਸਦ ਭਵਨ' ਨਵੇਂ ਭਾਰਤ ਦਾ 'ਉਦੈ'



- ਨਵੇਂ ਸੰਸਦ ਭਵਨ ਦੇ ਸ਼ੁਰੂ ਹੋਣ ਨਾਲ ਨਵੇਂ ਅਧਿਆਏ ਦੀ ਹੋਈ ਸ਼ੁਰੂਆਤ
- ਭਾਰਤ ਦੇ ਗੌਰਵਮਈ ਇਤਿਹਾਸ ਦਾ ਹਿੱਸਾ ਬਣਿਆ ਪੁਰਾਣਾ ਸੰਸਦ ਭਵਨ
- ਦੇਸ਼ 'ਚ ਆਜ਼ਾਦੀ ਦੀ ਸਵੇਰ ਵੇਖਣ ਵਾਲੇ ਸੰਸਦ ਭਵਨ ਨੂੰ ਅਲਵਿਦਾ
- ਪੁਰਾਣੇ ਸੰਸਦ ਭਵਨ ਨੂੰ ਅਜਾਇਬ ਘਰ ਵਿੱਚ ਬਦਲਣ ਦੀ ਯੋਜਨਾ

ਨਵੀਂ ਦਿੱਲੀ/ਏ.ਟੀ.ਨਿਊਜ਼: ਬੀਤੀ 18 ਸਤੰਬਰ ਦੇ ਦਿਨ 95 ਸਾਲ ਪਹਿਲਾਂ ਬਣੀ ਸੰਸਦ ਤੋਂ ਵਿਦਾਇਗੀ ਲੈ ਲਈ ਗਈ। ਇਸ ਸੰਸਦ ਭਵਨ ਨੂੰ 1912 ਤੋਂ 13 ਦੇ ਵਿੱਚ ਇੰਡਵਨ ਅਤੇ ਹਰਬਟ ਬੇਕਰ ਨੇ ਡਿਜ਼ਾਇਨ ਕੀਤਾ ਸੀ ਅਤੇ ਇਸ ਸੰਸਦ ਭਵਨ ਦੀ ਸ਼ਕਲ ਗੋਲ ਸੀ। ਪ੍ਰਿੰਸ ਆਰਥਰ ਨੇ 12 ਫ਼ਰਵਰੀ 1921 ਨੂੰ ਇਸ ਸੰਸਦ ਭਵਨ ਦਾ ਨੀਂਹ ਪੱਥਰ ਰੱਖਿਆ, ਜਿਸ ਦਾ 18 ਜਨਵਰੀ 1927 ਨੂੰ ਲਾਰਡ ਇਰਵਿਨ ਨੇ ਉਦਘਾਟਨ ਕੀਤਾ। ਉਸ ਸਮੇਂ ਇਸ ਇਮਾਰਤ ਦੀ ਉਸਾਰੀ 'ਤੇ ਕਰੀਬ 83 ਲੱਖ ਰੁਪਏ ਖ਼ਰਚਾ ਆਇਆ ਸੀ। ਦਸੰਬਰ 1946 ਦੇ ਵਿੱਚ ਸੰਵਿਧਾਨਕ ਅਸੈਂਬਲੀ ਦੀ ਇਸ ਵਿੱਚ ਪਹਿਲੀ ਬੈਠਕ ਹੋਈ। ਇਸੇ ਸੰਸਦ ਤੋਂ ਹੀ 15 ਅਗਸਤ 1947 ਨੂੰ ਲਾਰਡ ਮਾਊਂਟ ਬੇਟਨ ਨੇ ਭਾਰਤ ਆਜ਼ਾਦ ਹੋਣ ਦੀ ਵਧਾਈ ਦਿੱਤੀ ਸੀ। ਇਹ ਉਹੀ ਜਗ੍ਹਾ ਸੀ ਜਿਥੇ 15 ਪ੍ਰਧਾਨ ਮੰਤਰੀ, 16



ਸਪੀਕਰ ਤੇ 7500 ਤੋਂ ਜ਼ਿਆਦਾ ਸਾਂਸਦਾਂ ਨੇ ਇਤਿਹਾਸ ਰਚਿਆ। ਇਸ ਜਗ੍ਹਾ ਵਿੱਚ ਅਸੀਂ ਬਹੁਤ ਕੁਝ ਪਾਇਆ ਅਤੇ ਬਹੁਤ ਕੁਝ ਗੁਆਇਆ। ਯਾਨੀ ਕਿ ਇਹ ਸਾਡੇ ਕਈ ਸੁੱਖਾਂ ਤੇ ਦੁੱਖਾਂ ਦੀ ਵੀ ਗਵਾਹੀ ਭਰਦੀ ਹੈ ਇਹ ਇਮਾਰਤ। ਅਸੀਂ ਕਈ ਲੱਖਾਂ ਲਾਸ਼ਾਂ ਦੇ ਉੱਤੋਂ ਲੰਘ ਕੇ, ਆਪਣੇ ਆਪ ਨੂੰ ਦੋ ਹਿੱਸਿਆਂ ਵਿੱਚ ਵੰਡਿਆ, ਫੇਰ ਆਜ਼ਾਦੀ ਮਿਲੀ, ਤੇ ਉਹਨਾਂ ਪਲਾਂ ਨੂੰ ਵੀ ਇਸੇ ਸੰਸਦ ਦੇ ਵਿੱਚ ਹੀ ਇਤਿਹਾਸਕ ਬਣਾਇਆ ਗਿਆ। ਸੰਵਿਧਾਨ ਦਾ ਖਰੜਾ ਤਿਆਰ ਕਰਨ ਦੀ ਗਵਾਹ ਹੈ ਇਹ ਇਮਾਰਤ।

ਸੰਸਦ ਭਵਨ ਸਿਰਫ਼ ਇੱਕ ਪ੍ਰਤੀਕ ਇਮਾਰਤ ਨਹੀਂ, ਇਹ ਇਤਿਹਾਸ ਅਤੇ ਸਾਡੇ ਲੋਕਤੰਤਰ ਦਾ ਭੰਡਾਰ ਹੈ। ਇਸ ਇਮਾਰਤ ਨੇ ਬਸਤੀਵਾਦ ਸ਼ਾਸਨ, ਦੂਜੇ ਵਿਸ਼ਵ ਯੁੱਧ, ਆਜ਼ਾਦੀ ਦੀ ਸਵੇਰ, ਸੰਵਿਧਾਨ ਨੂੰ ਅੰਗੀਕਾਰ ਕੀਤੇ ਜਾਂਦੇ ਅਤੇ ਕਈ ਬਿੱਲਾਂ ਨੂੰ ਪਾਸ ਹੁੰਦੇ ਵੇਖਿਆ, ਜਿਨ੍ਹਾਂ 'ਚੋਂ ਕਈ ਇਤਿਹਾਸਕ ਅਤੇ ਕਈ ਵਿਵਾਦਿਤ ਰਹੇ। ਹੁਣ ਇਹ ਪੁਰਾਣੀ ਸੰਸਦ ਅਜਾਇਬ ਘਰ ਦੇ ਵਿੱਚ ਤਬਦੀਲ ਕੀਤੀ ਜਾਵੇਗੀ।

## ਨਵੀਂ ਸੰਸਦੀ ਇਮਾਰਤ ਦੀ ਲੋੜ ਕਿਉਂ ਪਈ?



ਸਰਕਾਰ ਦੀ ਰਾਏ ਮੁਤਾਬਿਕ ਸੰਸਦ ਦੀ ਨਵੀਂ ਇਮਾਰਤ ਦੀ ਲੋੜ ਇਸ ਲਈ ਪਈ, ਕਿ ਇਹ ਇਮਾਰਤ ਪੁਰਾਣੀ ਸੀ, ਜਗ੍ਹਾ ਵੀ ਘੱਟ ਸੀ, ਆਧੁਨਿਕ ਸਹੂਲਤਾਂ ਵੀ ਨਹੀਂ ਸਨ। ਸੱਤਾਧਾਰੀ ਧਿਰ ਦੇ ਆਗੂ ਕਹਿ ਰਹੇ ਹਨ ਕਿ ਵਿਧਾਨਕ ਕੰਮਕਾਜ ਦੇ ਨਵੇਂ ਅਤਿ-ਆਧੁਨਿਕ ਭਵਨ ਵਿੱਚ ਟਰਾਂਸਫਰ ਹੁੰਦੇ ਹੀ ਭਾਰਤ ਕਈ ਮਾਇਨਿਆਂ 'ਚ ਇਤਿਹਾਸ ਦਾ ਇਕ ਪੰਨਾ ਪਲਟਾਏਗਾ। ਇਸ ਦੇ ਦੋਵਾਂ ਸਦਨਾਂ ਵਿੱਚ ਸੰਸਦ ਮੈਂਬਰਾਂ ਲਈ ਬੈਠਣ ਦੇ ਸੁਵਿਧਾਜਨਕ ਪ੍ਰਬੰਧਾਂ ਦੀ ਵੀ ਘਾਟ ਸੀ। 1971 ਦੀ ਮਰਦਮਸ਼ੁਮਾਰੀ ਦੇ ਆਧਾਰ 'ਤੇ ਕੀਤੀ ਗਈ ਹੱਦਬੰਦੀ ਦੇ ਆਧਾਰ 'ਤੇ 545 ਲੋਕ ਸਭਾ ਸੀਟਾਂ ਦੀ ਗਿਣਤੀ 'ਚ ਕਿਸੇ ਤਰ੍ਹਾਂ ਦਾ ਕੋਈ ਬਦਲਾਅ ਨਹੀਂ ਕੀਤਾ ਗਿਆ। ਲੋਕ ਸਭਾ ਅਤੇ ਰਾਜ ਸਭਾ ਨੇ 5 ਅਗਸਤ 2019 ਨੂੰ ਸਰਕਾਰ ਨੂੰ ਸੰਸਦ ਦੀ ਨਵੀਂ ਇਮਾਰਤ ਬਣਾਉਣ ਦੀ ਬੇਨਤੀ ਕੀਤੀ ਸੀ।

## ਸੰਸਦ ਭਵਨ ਦੀ ਨਵੀਂ ਇਮਾਰਤ

ਲੋਕਤੰਤਰ ਦਾ ਮੰਦਰ ਯਾਨੀ ਨਵੇਂ ਸੰਸਦ ਭਵਨ 10 ਮਈ 2020 ਨੂੰ ਨੀਂਹ ਪੱਥਰ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਰਖਿਆ ਗਿਆ। 28 ਮਈ 2023 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਸੰਸਦ ਦੀ ਨਵੀਂ ਇਮਾਰਤ ਦਾ ਉਦਘਾਟਨ ਕੀਤਾ, ਹਾਲਾਂ ਕਿ ਇਸ ਸਮਾਗਮ ਦਾ ਵਿਰੋਧੀ ਧਿਰ ਨੇ ਬਾਈਕਾਟ ਕੀਤਾ ਸੀ। ਨਵੇਂ ਸੰਸਦ ਭਵਨ ਦੇ ਦਰਵਾਜ਼ੇ 'ਤੇ ਵੱਡੇ ਅੱਖਰਾਂ 'ਚ ਸੱਤਿਆਮੇਵ ਜਯਤੇ ਲਿਖਿਆ ਹੋਇਆ ਹੈ। ਨਵੀਂ ਸੰਸਦ ਦੀ ਇਮਾਰਤ ਨੂੰ ਤਿਕੋਣੀ ਸ਼ਕਲ ਵਿੱਚ ਡਿਜ਼ਾਈਨ ਕੀਤਾ ਗਿਆ ਹੈ।



ਸੰਸਦ ਭਵਨ 'ਚ ਲੋਕ ਸਭਾ ਦੀ ਇਮਾਰਤ ਰਾਸ਼ਟਰੀ ਪੰਛੀ ਮੋਰ ਦੀ ਥੀਮ 'ਤੇ ਅਤੇ ਰਾਜ ਸਭਾ ਦੀ ਇਮਾਰਤ ਨੂੰ ਰਾਸ਼ਟਰੀ ਫੁੱਲ ਕਮਲ ਦੀ ਥੀਮ 'ਤੇ ਡਿਜ਼ਾਈਨ ਕੀਤਾ ਗਿਆ ਹੈ। ਪੁਰਾਣੀ ਲੋਕ ਸਭਾ ਵਿੱਚ ਵੱਧ ਤੋਂ ਵੱਧ 552 ਲੋਕ ਬੈਠ ਸਕਦੇ ਹਨ। ਨਵੀਂ ਲੋਕ ਸਭਾ ਇਮਾਰਤ ਦੀ ਸਮਰੱਥਾ 888 ਸੀਟਾਂ ਦੀ ਹੈ। ਪੁਰਾਣੀ ਰਾਜ ਸਭਾ ਭਵਨ ਵਿੱਚ 250 ਮੈਂਬਰਾਂ ਦੇ ਬੈਠਣ ਦੀ ਸਮਰੱਥਾ ਹੈ, ਜਦੋਂ ਕਿ ਨਵੇਂ ਰਾਜ ਸਭਾ ਹਾਲ ਦੀ ਸਮਰੱਥਾ ਵਧਾ ਕੇ 384 ਕਰ ਦਿੱਤੀ ਗਈ ਹੈ। ਨਵੀਂ ਸੰਸਦ ਭਵਨ ਦੀ ਸਾਂਝੀ ਬੈਠਕ ਦੌਰਾਨ ਇੱਥੇ 1272 ਮੈਂਬਰ ਬੈਠ ਸਕਣਗੇ।

ਨਵੀਂ ਪਾਰਲੀਮੈਂਟ ਵਿੱਚ ਸੰਵਿਧਾਨ ਹਾਲ ਇਮਾਰਤ ਦੇ ਵਿਚਕਾਰ ਬਣਿਆ ਹੋਇਆ ਹੈ। ਇਸ ਦੇ ਉੱਪਰ ਅਸ਼ੋਕ ਸਤੰਭ ਸਥਾਪਿਤ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਹਾਲ 'ਚ ਸੰਵਿਧਾਨ ਦੀ ਕਾਪੀ ਰੱਖੀ ਜਾਵੇਗੀ। ਇਸ ਤੋਂ ਇਲਾਵਾ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਸੁਭਾਸ਼ ਚੰਦਰ ਬੋਸ ਅਤੇ ਦੇਸ਼ ਦੇ ਪ੍ਰਧਾਨ ਮੰਤਰੀਆਂ ਦੀਆਂ ਵੱਡੀਆਂ ਤਸਵੀਰਾਂ ਵੀ ਲਗਾਈਆਂ ਗਈਆਂ ਹਨ।

ਇਸ ਦਾ ਨਿਰਮਾਣ 15 ਜਨਵਰੀ 2021 ਨੂੰ ਸ਼ੁਰੂ ਹੋਇਆ ਸੀ। ਇਸ ਨੂੰ ਬਣਾਉਣ ਦਾ ਟੈਂਡਰ ਸਤੰਬਰ 2020 ਵਿੱਚ ਟਾਟਾ ਪ੍ਰੋਜੈਕਟ ਨੂੰ ਦਿੱਤਾ ਗਿਆ ਸੀ। ਨਵੇਂ ਸੰਸਦ ਭਵਨ ਦੇ ਆਰਕੀਟੈਕਟ ਬਿਮਲ ਪਟੇਲ ਹਨ। ਨਵੀਂ ਸੰਸਦ ਦੀ ਇਮਾਰਤ ਪੂਰੀ ਤਰ੍ਹਾਂ ਭੂਚਾਲ ਰੋਧਕ ਹੈ। ਨਵੀਂ ਲੋਕ ਸਭਾ ਵਿੱਚ 888 ਅਤੇ ਰਾਜ ਸਭਾ ਵਿੱਚ 384 ਸੀਟਾਂ ਹੋਣਗੀਆਂ, ਜਦਕਿ ਕੁੱਲ ਸੀਟਾਂ 1,272 ਹੋ ਜਾਣਗੀਆਂ।

## ਸੰਸਦ ਦੀ ਨਵੀਂ ਇਮਾਰਤ ਦਾ ਨਾਮ ਹੋਵੇਗਾ 'ਭਾਰਤ ਦਾ ਸੰਸਦ ਭਵਨ'

ਨਵੀਂ ਦਿੱਲੀ/ਏ.ਟੀ.ਨਿਊਜ਼ :- ਸੰਸਦ ਦੀ ਨਵੀਂ ਇਮਾਰਤ ਨੂੰ 'ਭਾਰਤ ਦਾ ਸੰਸਦ ਭਵਨ' ਨਾਮ ਦਿੱਤਾ ਗਿਆ ਹੈ।



ਲੋਕ ਸਭਾ ਸਕੱਤਰੇਤ ਦੀ ਨੋਟੀਫਿਕੇਸ਼ਨ 'ਚ ਇਹ ਜਾਣਕਾਰੀ ਦਿੱਤੀ ਗਈ। ਸੋਮਵਾਰ ਨੂੰ ਜਾਰੀ ਨੋਟੀਫਿਕੇਸ਼ਨ 'ਚ ਕਿਹਾ ਗਿਆ,"ਲੋਕ ਸਭਾ ਸਪੀਕਰ ਨੂੰ ਇਹ ਸੂਚਿਤ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਨਵੀਂ ਦਿੱਲੀ ਸਥਿਤ ਭੂਖੰਡ ਸੰਖਿਆ 118 'ਚ ਸੰਸਦ ਭਵਨ ਦੀ ਹੱਦ ਅਤੇ ਮੌਜੂਦਾ ਸੰਸਦ ਭਵਨ ਦੇ ਪੂਰਬ 'ਚ ਸਥਿਤ ਸੰਸਦ ਦੀ ਨਵੀਂ ਇਮਾਰਤ, ਜਿਸ ਦੇ ਦੱਖਣ 'ਚ ਰਾਏਸੀਨਾ ਰੋਡ ਅਤੇ ਉੱਤਰ 'ਚ ਰੈੱਡ ਕ੍ਰਾਸ ਰੋਡ ਹੈ, ਉਸ ਨੂੰ 'ਭਾਰਤ ਦਾ ਸੰਸਦ ਭਵਨ' ਨਾਮ ਦਿੱਤਾ ਗਿਆ ਹੈ।" ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਸਾਰੇ ਦਲਾਂ ਦੇ ਸੰਸਦ ਮੈਂਬਰਾਂ ਨੇ ਸੋਮਵਾਰ ਨੂੰ ਪੁਰਾਣੇ ਸੰਸਦ ਭਵਨ ਨੂੰ ਵਿਦਾਈ ਦਿੱਤੀ। ਮੰਗਲਵਾਰ ਤੋਂ ਸੰਸਦ ਦੀ ਕਾਰਵਾਈ ਨਵੀਂ ਇਮਾਰਤ 'ਚ ਟਰਾਂਸਫਰ ਹੋਵੇਗੀ।

### 'ਸੰਵਿਧਾਨ ਸਦਨ' ਦੇ ਨਾਂ ਨਾਲ ਜਾਣਿਆ ਜਾਵੇਗਾ ਸੰਸਦ ਦਾ ਪੁਰਾਣਾ ਭਵਨ

ਲੋਕ ਸਭਾ ਸਪੀਕਰ ਓਮ ਬਿਰਲਾ ਨੇ ਕਿਹਾ ਕਿ ਪੁਰਾਣੇ ਸੰਸਦ ਭਵਨ ਨੂੰ ਹੁਣ 'ਸੰਵਿਧਾਨ ਸਦਨ' ਦੇ ਨਾਂ ਨਾਲ ਜਾਣਿਆ ਜਾਵੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸੰਸਦ ਦਾ ਕੰਮਕਾਰ ਇੱਥੇ ਨਵੇਂ ਭਵਨ 'ਚ ਟਰਾਂਸਫਰ ਹੋ ਗਿਆ ਹੈ। ਸਪੀਕਰ ਨੇ ਇਹ ਵੀ ਐਲਾਨ ਕੀਤਾ ਕਿ ਹੁਣ ਲੋਕ ਸਭਾ ਦੀ ਕਾਰਵਾਇ 'ਚ ਉਪਯੋਗ ਕੀਤੇ ਜਾਣ ਵਾਲੇ 'ਸਦਨ', 'ਲਾਬੀ' ਅਤੇ 'ਗੈਲਰੀ' ਵਰਗੇ ਸ਼ਬਦਾਂ ਦਾ ਹੁਣ ਨਵੀਂ ਇਮਾਰਤ 'ਚ ਜ਼ਿਕਰ ਹੋਵੇਗਾ।

# ਅਮਰੀਕਾ ਖ਼ਬਰਨਾਮਾ

## ਅਮਰੀਕੀ ਰਾਸ਼ਟਰਪਤੀ ਬਿਡੇਨ ਦਾ ਪੁੱਤਰ ਹੰਟਰ ਝੂਠੇ ਬਿਆਨਾਂ ਅਤੇ .ਗੈਰ ਕਾਨੂੰਨੀ ਹਥਿਆਰ ਰੱਖਣ ਦਾ ਦੋਸ਼ੀ ਕਰਾਰ

ਵਾਸ਼ਿੰਗਟਨ: ਰਾਸ਼ਟਰਪਤੀ ਜੋਅ ਬਿਡੇਨ ਦੇ ਪੁੱਤਰ, ਹੰਟਰ ਬਿਡੇਨ ਨੂੰ 14 ਸਤੰਬਰ, 2023 ਨੂੰ ਝੂਠੇ ਬਿਆਨ ਦੇਣ ਦੇ ਦੋ ਮਾਮਲਿਆਂ ਅਤੇ ਗੈਰ-ਕਾਨੂੰਨੀ ਤੌਰ 'ਤੇ ਹਥਿਆਰ ਰੱਖਣ ਦੇ ਇੱਕ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਇਹ ਦੋਸ਼ 2018 ਦੀ ਇੱਕ ਘਟਨਾ ਤੋਂ ਪੈਦਾ ਹੋਏ ਹਨ ਜਿਸ ਵਿੱਚ ਬਿਡੇਨ ਨੇ ਡੇਲਾਵੇਅਰ ਬੰਦੂਕ ਦੀ ਦੁਕਾਨ ਤੋਂ ਇੱਕ ਬੰਦੂਕ ਖਰੀਦੀ ਸੀ, ਇਸ ਤੱਥ ਦੇ ਬਾਵਜੂਦ ਕਿ ਉਹ ਉਸ ਸਮੇਂ ਨਸ਼ੇ ਦਾ ਆਦੀ ਸੀ।



ਬਿਡੇਨ ਨੇ ਸਵੀਕਾਰ ਕੀਤਾ ਹੈ ਕਿ ਉਸਨੇ ਬੰਦੂਕ ਦੀ ਖਰੀਦ ਲਈ ਲੋੜੀਂਦੇ ਫੈਡਰਲ ਫਾਰਮ 'ਤੇ ਝੂਠ ਬੋਲਿਆ, ਜੋ ਇਹ ਪੁੱਛਦਾ ਹੈ ਕਿ ਕੀ ਖ਼ਰੀਦਦਾ ਵਰਤਮਾਨ ਵਿੱਚ ਗੈਰ-ਕਾਨੂੰਨੀ ਨਸ਼ਿਆਂ ਦੀ ਵਰਤੋਂ ਕਰ ਰਿਹਾ ਹੈ ਜਾਂ ਆਦੀ ਹੈ। ਉਸਨੇ ਇਹ ਵੀ ਕਿਹਾ ਹੈ ਕਿ ਉਹ ਉਸ ਸਮੇਂ ਨਸ਼ੇ ਨਾਲ ਸੰਘਰਸ਼ ਕਰ ਰਿਹਾ ਸੀ, ਪਰ ਹੁਣ ਉਹ ਸੰਜਮ ਹੈ।ਬਿਡੇਨ ਵਿਰੁੱਧ ਦੋਸ਼ ਨਿਆਂ ਵਿਭਾਗ ਦੇ ਵਿਸ਼ੇਸ਼ ਵਕੀਲ ਡੇਵਿਡ ਵੇਸ ਦੁਆਰਾ ਦਾਇਰ ਕੀਤੇ ਗਏ ਸਨ, ਜੋ 2018 ਤੋਂ ਬਿਡੇਨ ਦੇ ਵਪਾਰਕ ਸੌਦਿਆਂ ਦੀ ਜਾਂਚ ਕਰ ਰਹੇ ਹਨ। ਵੇਸ ਇੱਕ ਰਿਪਬਲੀਕਨ ਹੈ ਜਿਸ ਨੂੰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਨਿਯੁਕਤ ਕੀਤਾ ਗਿਆ ਸੀ। ਜੁਲਾਈ 2023 ਵਿੱਚ, ਬਿਡੇਨ ਅਤੇ ਵੇਸ ਇੱਕ ਪਟੀਸ਼ਨ ਸੌਦੇ 'ਤੇ ਪਹੁੰਚੇ ਜਿਸ ਵਿੱਚ ਬਿਡੇਨ ਨੇ ਪ੍ਰੋਬੇਸ਼ਨ ਦੇ ਬਦਲੇ ਦੋ ਮਾਮੂਲੀ ਟੈਕਸ ਦੋਸ਼ਾਂ ਲਈ ਦੋਸ਼ੀ ਮੰਨਿਆ। ਸੌਦੇ ਵਿੱਚ ਸੰਗੀਨ ਬੰਦੂਕ ਚਾਰਜ ਨੂੰ ਮੁਅੱਤਲ ਕਰਨ ਲਈ ਇੱਕ ਸਮਝੌਤਾ ਵੀ ਸ਼ਾਮਲ ਸੀ।

ਹਾਲਾਂਕਿ, ਪਟੀਸ਼ਨ ਸੌਦਾ ਜੁਲਾਈ ਵਿੱਚ ਢਹਿ ਗਿਆ ਜਦੋਂ ਇੱਕ ਜੱਜ ਨੇ ਚਿੰਤਾ ਜ਼ਾਹਰ ਕੀਤੀ ਕਿ ਇਸ ਨੇ ਬਿਡੇਨ ਨੂੰ ਯੂਕਰੇਨ, ਚੀਨ ਅਤੇ ਹੋਰ ਥਾਵਾਂ 'ਤੇ ਉਸਦੇ ਕਾਰੋਬਾਰੀ ਸੌਦਿਆਂ ਨਾਲ ਸਬੰਧਤ ਸੰਭਾਵਿਤ ਅਪਰਾਧਾਂ ਸਮੇਤ ਹੋਰ ਅਪਰਾਧਾਂ ਦੇ ਦੋਸ਼ਾਂ ਤੋਂ ਸਪੱਸ਼ਟ ਤੌਰ 'ਤੇ ਨਹੀਂ ਬਚਾਇਆ। ਬਿਡੇਨ ਦੇ ਖਿਲਾਫ ਇਹ ਦੋਸ਼ ਉਦੋਂ ਲੱਗੇ ਹਨ ਜਦੋਂ ਉਸਦੇ ਪਿਤਾ 2024 ਵਿੱਚ ਮੁੜ ਚੋਣ ਮੁਹਿੰਮ ਦਾ ਸਾਹਮਣਾ ਕਰ ਰਹੇ ਹਨ। ਰਿਪਬਲੀਕਨਾਂ ਨੇ ਬਿਡੇਨ ਪ੍ਰਸ਼ਾਸਨ 'ਤੇ ਹੰਟਰ ਬਿਡੇਨ ਨੂੰ (ਬਾਕੀ ਸਫ਼ਾ 31 'ਤੇ)

## ਗੂਗਲ ਦੀ ਮੂਲ ਕੰਪਨੀ ਅਲਫਾਬੇਟ ਵਿੱਚ ਛਾਂਟੀ

ਕੈਲੀਫੋਰਨੀਆ/ਏ.ਟੀ. ਨਿਊਜ਼ :ਗੂਗਲ ਦੀ ਮੂਲ ਕੰਪਨੀ ਅਲਫਾਬੇਟ ਨੇ ਹਾਲ ਹੀ ਵਿੱਚ ਛਾਂਟੀ ਦਾ ਐਲਾਨ ਕੀਤਾ ਹੈ। ਕੰਪਨੀ ਆਪਣੀ ਗਲੋਬਲ ਭਰਤੀ ਟੀਮ ਤੋਂ ਸੈਂਕੜੇ ਕਰਮਚਾਰੀਆਂ ਨੂੰ ਕੱਢਣ ਜਾ ਰਹੀ ਹੈ।



ਰਾਇਟਰਜ਼ ਦੀ ਰਿਪੋਰਟ ਮੁਤਾਬਕ ਅਲਫਾਬੇਟ ਨੇ ਇਹ ਫੈਸਲਾ ਭਰਤੀ 'ਚ ਚੱਲ ਰਹੀ ਸੁਸਤੀ ਕਾਰਨ ਲਿਆ ਹੈ। ਵਰਣਮਾਲਾ ਮੁੱਖ ਅਹੁਦਿਆਂ ਨੂੰ ਭਰਨ 'ਤੇ ਧਿਆਨ ਦੇਣ ਲਈ ਟੀਮ ਦੇ ਜ਼ਿਆਦਾਤਰ ਮੈਂਬਰਾਂ ਨੂੰ ਬਰਕਰਾਰ ਰੱਖਣ ਦਾ ਇਰਾਦਾ ਰੱਖਦੀ ਹੈ। ਇਸ ਤੋਂ ਇਲਾਵਾ, ਕੰਪਨੀ ਛਾਂਟੀ ਤੋਂ ਪ੍ਰਭਾਵਿਤ ਕਰਮਚਾਰੀਆਂ ਦੀ ਅਲਫਾਬੇਟ ਅਤੇ ਹੋਰ ਸੰਸਥਾਵਾਂ ਦੋਵਾਂ 'ਤੇ ਵਿਕਲਪਕ ਭੂਮਿਕਾਵਾਂ ਲੱਭਣ ਵਿੱਚ ਮਦਦ ਕਰ ਰਹੀ ਹੈ।

ਕੰਪਨੀ ਨੂੰ ਹੁਣ ਭਰਤੀ ਕਰਨ ਵਾਲੀ ਟੀਮ ਵਿੱਚ ਘੱਟ ਲੋਕਾਂ ਦੀ ਲੋੜ ਹੈ, ਗੂਗਲ ਦੇ ਬੁਲਾਰੇ ਕੋਰਟਨੇ ਮੈਨਸਿਨੀ ਨੇ ਇਸ ਛਾਂਟੀ ਬਾਰੇ ਕਿਹਾ ਹੈ ਕਿ ਕੰਪਨੀ ਨੂੰ ਹੁਣ ਘੱਟ ਲੋਕਾਂ ਦੀ ਲੋੜ ਹੈ, ਇਸ ਲਈ ਭਰਤੀ ਕਰਨ ਵਾਲੀ ਟੀਮ ਦਾ ਆਕਾਰ ਘਟਾਉਣ ਦਾ ਫੈਸਲਾ ਕੀਤਾ ਗਿਆ ਹੈ। ਉਸਨੇ ਅੱਗੇ ਕਿਹਾ ਕਿ ਅਸੀਂ ਚੋਟੀ ਦੇ ਇੰਜੀਨੀਅਰਿੰਗ ਅਤੇ ਤਕਨਾਲੋਜੀ ਹੁਨਰਾਂ ਵਿੱਚ ਨਿਵੇਸ਼ ਕਰਨਾ ਜਾਰੀ ਰੱਖਦੇ ਹਾਂ ਅਤੇ ਸਾਡੀ ਸਮੁੱਚੀ ਭਰਤੀ ਦੀ ਗਤੀ ਨੂੰ ਹੌਲੀ ਕਰ ਰਹੇ ਹਾਂ।ਅਲਫਾਬੇਟ ਦੂਜੀ ਤਿਮਾਹੀ ਵਿੱਚ ਛਾਂਟੀ ਲਗਾਉਣ ਵਾਲੀ ਪਹਿਲੀ ਵੱਡੀ ਤਕਨੀਕੀ ਕੰਪਨੀ ਹੈ। ਮੇਟਾ, ਮਾਈਕ੍ਰੋਸਾਫਟ ਅਤੇ ਐਮਾਜ਼ਾਨ ਸਮੇਤ ਹੋਰ ਪ੍ਰਮੁੱਖ ਤਕਨੀਕੀ (ਬਾਕੀ ਸਫ਼ਾ 30 'ਤੇ)

ਇੱਕ ਕਾਲੇ ਵਿਅਕਤੀ ਦੀ ਕੁੱਟਮਾਰ ਉਪਰੰਤ ਮੌਤ ਦਾ ਮਾਮਲਾ

## ਅਮਰੀਕਾ ਦੇ ਟੈਨੇਸੀ ਰਾਜ ਦੇ 5 ਸਾਬਕਾ ਪੁਲਿਸ ਅ.ਫਸਰਾਂ ਵਿਰੁੱਧ ਦੋਸ਼ ਆਇਦ



ਸੈਕਰਾਮੈਂਟੋ ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਇੱਕ ਸੰਘੀ ਗਰੈਂਡ ਜਿਊਰੀ ਵੱਲੋਂ ਅਮਰੀਕਾ ਦੇ ਟੈਨੇਸੀ ਰਾਜ ਦੇ ਸ਼ਹਿਰ ਮੈਮਫਿਸ ਦੇ 5 ਸਾਬਕਾ ਪੁਲਿਸ ਅਫਸਰਾਂ ਵਿਰੁੱਧ ਟਾਇਰ ਨਿਕੋਲਸ ਨਾਲ ਬੁਰੀ ਤਰਾਂ ਕੁੱਟਮਾਰ ਕਰਨ ਦੇ ਮਾਮਲੇ ਵਿੱਚ ਦੋਸ਼ ਆਇਦ ਕਰਨ ਦੀ ਖ਼ਬਰ ਹੈ। 29 ਸਾਲਾ ਕਾਲਾ ਵਿਅਕਤੀ ਨਿਕੋਲਸ ਜ਼ਖ਼ਮਾਂ ਦੀ ਤਾਬ ਨਾ ਸਹਾਰਦਾ ਹੋਇਆ ਘਟਨਾ ਤੋਂ 3 ਦਿਨ ਬਾਅਦ ਹਸਪਤਾਲ ਵਿੱਚ ਦਮ ਤੋੜ ਗਿਆ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਸਾਲ ਜਨਵਰੀ ਵਿੱਚ ਵਾਪਰੀ ਇਸ ਘਟਨਾ ਵਿੱਚ ਸ਼ਾਮਿਲ 5 ਸਾਬਕਾ ਪੁਲਿਸ ਅਫਸਰਾਂ ਨੂੰ ਸੰਘੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ, ਸਾਜ਼ਿਸ਼ ਰਚਣ ਤੇ ਅੜਿੱਕਾ ਪਾਉਣ, ਜਿਸ ਕਾਰਨ ਨਿਕੋਲਸ ਦੀ ਮੌਤ ਹੋਈ, ਸਮੇਤ ਕਈ ਦੋਸ਼ਾਂ ਦਾ ਸਾਹਮਣਾ ਕਰਨਾ

ਪਵੇਗਾ। ਇਨ੍ਹਾਂ ਸਾਬਕਾ ਪੁਲਿਸ ਅਫਸਰਾਂ ਵਿੱਚ ਟਾਡਾਰੀਅਸ ਬੀਨ, ਡੀਮੈਟਰੀਅਸ ਹੇਲੀ, ਏਮਿਟ ਮਾਰਟਿਨ, ਡੈਸਮੌਂਡ ਮਿਲਜ ਜੂਨੀਅਰ ਤੇ ਜਸਟਿਨ ਸਮਿਥ ਸ਼ਾਮਿਲ ਹਨ। ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਅਫਸਰਾਂ ਨੇ ਉਨ੍ਹਾਂ ਲੋਕਾਂ ਦੇ ਮਾਨਵੀ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ ਜਿਨ੍ਹਾਂ ਦੀ ਰਾਖੀ ਲਈ ਉਨ੍ਹਾਂ ਨੇ ਸਹੁੰ ਚੁੱਕੀ ਸੀ। ਉਨ੍ਹਾਂ ਨੇ ਜਨਤਿਕ ਸੁਰੱਖਿਆ ਦੀ ਪਰਵਾਹ ਨਹੀਂ ਕੀਤੀ ਜਿਸ ਕਾਰਨ ਲੋਕਾਂ ਦਾ ਲਾਅ ਇਨਫੋਰਸਮੈਂਟ ਵਿੱਚ ਭਰੋਸਾ ਹੈ।

## .ਫਰਾਰ ਹੋਇਆ ਦੋਸ਼ੀ ਅਜੇ ਵੀ ਨਹੀਂ ਆਇਆ ਕਾਬੂ

ਸੈਕਰਾਮੈਂਟੋ ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ: ਹੱਤਿਆ ਲਈ ਦੋਸ਼ੀ ਕਰਾਰ ਦਿੱਤਾ ਡਾਨੇਲੋ ਕੈਵਲਕਾਂਟ (34) ਜੋ ਤਕਰੀਬਨ 2 ਹਫਤੇ ਪਹਿਲਾਂ ਪੂਰਬੀ ਪੈਨਸਿਲਵਾਨੀਆ ਦੀ ਇਕ ਜੇਲ੍ਹ ਵਿਚੋਂ ਫਰਾਰ ਹੋ ਗਿਆ ਸੀ, ਅਜੇ ਤੱਕ ਪੁਲਿਸ ਦੇ ਕਾਬੂ ਨਹੀਂ ਆਇਆ ਜਦ ਕਿ ਪੁਲਿਸ ਉਸ ਦੀ ਭਾਲ ਜੰਗੀ ਪੱਧਰ ਉਪਰ ਕਰ ਰਹੀ ਹੈ। ਪੁਲਿਸ ਦਾ ਮੰਨਣਾ ਹੈ ਕਿ ਉਹ ਹਥਿਆਰਬੰਦ ਹੈ ਤੇ ਖਤਰਨਾਕ ਬਣ ਚੁੱਕਾ ਹੈ। ਹੰਗਾਮੀ ਚੌਕਸੀ ਵਿਭਾਗ ਅਨੁਸਾਰ ਕੈਵਲਕਾਂਟ ਨੂੰ ਸੋਮਵਾਰ ਦੀ ਰਾਤ ਨੂੰ ਚੈਸਟਰ ਕਾਊਂਟੀ ਦੇ ਦੱਖਣੀ ਕੋਵੈਂਟਰੀ ਟਾਊਨਸ਼ਿੱਪ ਵਿੱਚ ਵੇਖਿਆ ਗਿਆ ਸੀ।

ਪੁਲਿਸ ਦਾ ਕਹਿਣਾ ਹੈ ਕਿ ਉਸ ਨੇ ਇੱਕ ਸਥਾਨਕ ਘਰ ਦੇ ਮਾਲਕ ਦੀ ਇੱਕ ਗੈਰਾਜ ਵਿਚੋਂ ਰਾਈਫਲ ਚੋਰੀ ਕਰ ਲਈ ਹੈ। ਹਾਲਾਂ ਕਿ ਮਾਲਕ ਨੇ ਉਸ ਉਪਰ ਕਈ ਗੋਲੀਆਂ ਚਲਾਈਆਂ ਪਰ ਉਹ ਰਾਈਫਲ ਲੈ ਕੇ ਫਰਾਰ ਹੋ ਗਿਆ। ਪੈਨਸਿਲਵਾਨੀਆ ਸਟੇਟ ਪੁਲਿਸ ਜੋ ਉਸ ਨੂੰ ਕਾਬੂ ਕਰਨ ਦੀ ਮੁਹਿੰਮ ਦੀ ਅਗਵਾਈ ਕਰ ਰਹੀ ਹੈ, ਨੇ ਤਲਾਸ਼ੀ ਵਾਲੇ ਖੇਤਰ ਦੀ ਨਿਸ਼ਾਨਦੇਹੀ ਕਰਨ ਉਪਰੰਤ ਆਪਣੀ ਮੁਹਿੰਮ ਨੂੰ ਤੇਜ ਕਰ ਦਿੱਤਾ ਹੈ। ਪੁਲਿਸ ਨੇ ਲੋਕਾਂ ਨੂੰ ਚੌਕਸ ਰਹਿਣ ਲਈ ਕਿਹਾ ਹੈ।

## ਧਰਤੀ ਦੇ ਬਾਹਰੀ ਵਾਯੂਮੰਡਲ 'ਚ ਏਲੀਅਨ ਮੌਜੂਦ : ਨਾਸਾ

### ਪੁਲਾੜ ਦੇ ਰਹੱਸਮਈ ਏਲੀਅਨਾਂ 'ਤੇ ਅਮਰੀਕੀ ਏਜੰਸੀ ਨਾਸਾ ਦਾ ਵੱਡਾ ਬਿਆਨ

ਵਾਸ਼ਿੰਗਟਨ/ ਏ.ਟੀ.ਨਿਊਜ਼ : ਨਾਸਾ ਦੇ ਮੁਖੀ ਬਿਲ ਨੈਲਸਨ ਦਾ ਮੰਨਣਾ ਹੈ ਕਿ ਏਲੀਅਨ ਇੱਕ ਤੱਥ ਹਨ ਅਤੇ ਉਹ ਬਾਹਰੀ ਵਾਤਾਵਰਣ ਵਿੱਚ ਮੌਜੂਦ ਹਨ। ਉਨ੍ਹਾਂ ਨੇ ਇਹ ਗੱਲ ਪੁਲਾੜ ਏਜੰਸੀ ਦੀ ਰਿਪੋਰਟ ਸਾਂਝੀ ਕਰਦੇ ਹੋਏ ਕਹੀ ਜੋ ਯੂ.ਐਫ.ਓ. 'ਤੇ ਆਧਾਰਿਤ ਹੈ। ਇਸ ਦੇ ਨਾਲ ਹੀ ਨਾਸਾ ਨੇ ਡਾਇਰੈਕਟਰ ਦੀ ਨਿਯੁਕਤੀ ਦਾ ਐਲਾਨ ਕੀਤਾ ਹੈ।



ਨਾਸਾ ਦੇ ਮੁਖੀ ਬਿਲ ਨੇਲਸਨ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਧਰਤੀ ਦੇ ਬਾਹਰੀ ਵਾਯੂਮੰਡਲ 'ਚ ਏਲੀਅਨ ਮੌਜੂਦ ਹਨ। ਪੁਲਾੜ ਏਜੰਸੀ ਨੇ ਅਣਪਛਾਤੇ ਪੈਰਾਨੋਰਮਲ ਫੇਨੋਮੇਨਾ 'ਤੇ ਆਪਣੀ ਰਿਪੋਰਟ ਦੇ ਪਹਿਲੇ ਨਤੀਜੇ ਜਾਰੀ ਕੀਤੇ। ਇਸ ਤੋਂ ਬਾਅਦ ਨੈਲਸਨ ਨੇ ਇਹ ਗੱਲ ਕਹੀ। ਇਸ ਦੇ ਨਾਲ ਹੀ ਉਨ੍ਹਾਂ ਨੇ ਐਲਾਨ ਕੀਤਾ ਹੈ ਕਿ ਉਹ ਇਸ ਪੂਰੇ ਤੱਥ ਦੀ ਜਾਂਚ ਲਈ ਯੂਏਪੀ ਖੋਜ ਨਿਰਦੇਸ਼ਕ ਨਿਯੁਕਤ ਕਰ ਰਹੇ ਹਨ। ਇੱਕ ਸੁਤੰਤਰ ਖੋਜ ਟੀਮ ਦੁਆਰਾ ਇਸ ਨਿਯੁਕਤੀ ਦੀ ਸਿਫ਼ਾਰਸ਼ ਕੀਤੀ ਗਈ ਸੀ। ਹਾਲਾਂਕਿ, ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਯੂ.ਐਫ.ਓ. ਦੇ ਉੱਚ-ਗੁਣਵੱਤਾ ਨਿਰੀਖਣਾਂ ਦੀ ਸੀਮਤ ਗਿਣਤੀ ਦੇ ਕਾਰਨ, ਉਹਨਾਂ ਦੇ ਸੁਭਾਅ ਬਾਰੇ ਪੱਕੇ ਵਿਗਿਆਨਕ ਸਿੱਟੇ ਕੱਢਣਾ ਅਸੰਭਵ ਹੈ।

ਸੁਤੰਤਰ ਯੂ.ਐਫ.ਓ.ਅਧਿਐਨ ਟੀਮ ਵਿੱਚ ਕਈ ਖੇਤਰਾਂ ਦੇ 16 ਕਮਿਊਨਿਟੀ ਮਾਹਿਰ ਸ਼ਾਮਲ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਯੂ.ਐਫ.ਓ. ਅਮਰੀਕੀ ਹਵਾਈ ਖੇਤਰ ਦੀ ਸੁਰੱਖਿਆ ਲਈ ਖ਼ਤਰਾ ਹਨ ਅਤੇ ਇਹ ਆਪਣੇ ਆਪ ਸਾਬਤ ਹੋ ਗਿਆ ਹੈ। ਰਿਪੋਰਟ ਦੇ ਅਨੁਸਾਰ, ਯੂ.ਐਫ.ਓ. ਖੋਜ ਇੱਕ ਅਸਾਧਾਰਨ ਵਿਗਿਆਨਕ ਮੌਕਾ ਪੇਸ਼ ਕਰਦੀ ਹੈ। ਇਹ ਮੌਕਾ ਇੱਕ ਯੋਜਨਾਬੱਧ ਰਿਪੋਰਟਿੰਗ ਫਰੇਮਵਰਕ ਦੇ ਨਾਲ-ਨਾਲ ਇੱਕ ਸਖ਼ਤ, ਸਬੂਤ-ਆਧਾਰਿਤ ਪਹੁੰਚ 'ਤੇ ਨਿਰਮਾਣ ਕਰਦਾ ਹੈ। ਹਾਲਾਂਕਿ, ਭੀੜ ਸੋਰਸਿੰਗ ਅਤੇ ਰਿਪੋਰਟਿੰਗ ਦੇ ਨਾਲ-ਨਾਲ ਜਨਤਕ ਭਾਗੀਦਾਰੀ 'ਤੇ ਨਜ਼ਰ ਰੱਖਣਾ ਬਹੁਤ ਮਹੱਤਵਪੂਰਨ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਦੁਰਲੱਭ ਘਟਨਾਵਾਂ ਦੀ ਪਛਾਣ ਕਰਨ ਲਈ ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ ਸਭ ਤੋਂ ਮਹੱਤਵਪੂਰਨ ਸਾਧਨ ਹਨ।

ਨਾਸਾ ਵੱਲੋਂ ਜਾਰੀ ਪ੍ਰੈਸ ਰਿਲੀਜ਼ ਵਿੱਚ ਕਿਹਾ ਗਿਆ ਹੈ ਕਿ ਏਜੰਸੀ ਨੇ ਬਿਹਤਰ ਤਰੀਕੇ ਨਾਲ ਸਮਝਣ ਲਈ ਇੱਕ ਸੁਤੰਤਰ ਅਧਿਐਨ ਸ਼ੁਰੂ ਕੀਤਾ ਹੈ। ਇਸ ਤਹਿਤ ਇਹ ਪਤਾ ਲਗਾਇਆ ਜਾਵੇਗਾ ਕਿ ਇਹ ਆਕਾਸ਼ ਵਿੱਚ ਵਾਪਰ ਰਹੀਆਂ ਘਟਨਾਵਾਂ ਦੀ ਖੋਜ ਨੂੰ ਅੱਗੇ ਵਧਾਉਣ ਲਈ ਚੱਲ ਰਹੇ ਸਰਕਾਰੀ ਯਤਨਾਂ ਵਿੱਚ ਕਿਵੇਂ ਯੋਗਦਾਨ ਪਾ ਸਕਦਾ ਹੈ। ਇਹ ਉਹ ਵਰਤਾਰੇ ਹਨ ਜਿਨ੍ਹਾਂ ਦੀ ਪਛਾਣ ਗੁਬਾਰੇ, ਹਵਾਈ ਜਹਾਜ਼, ਜਾਂ ਜਾਣੇ-ਪਛਾਣੇ ਕੁਦਰਤੀ ਵਰਤਾਰੇ ਵਜੋਂ ਨਹੀਂ ਕੀਤੀ ਜਾ ਸਕਦੀ ਅਤੇ ਵਿਗਿਆਨਕ ਪਹੁੰਚ ਦੀ ਲੋੜ ਹੁੰਦੀ ਹੈ। ਨੈਲਸਨ ਨੇ ਕਿਹਾ, "ਨਾਸਾ ਵਿਖੇ, ਸਾਡੇ ਡੀਐਨਏ ਵਿੱਚ ਖੋਜ ਕਰਨਾ ਅਤੇ ਪੁੱਛਣਾ ਹੈ ਕਿ ਚੀਜ਼ਾਂ ਇਸ ਤਰ੍ਹਾਂ ਕਿਉਂ ਹਨ।"

ਨੈਲਸਨ ਦੇ ਅਨੁਸਾਰ, ਉਹ ਇਸ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਖੋਜ ਟੀਮ ਦਾ ਧੰਨਵਾਦ ਕਰਨਾ ਚਾਹੇਗਾ ਕਿ ਕਿਵੇਂ ਨਾਸਾ ਭਵਿੱਖ ਵਿੱਚ (ਬਾਕੀ ਸਫ਼ਾ 29 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਕਲੋਨਾ ਵਿੱਚ ਸਿੱਖ ਵਿਦਿਆਰਥੀ ’ਤੇ ਬੱਸ ’ਚ ਹਿੰਸਕ ਹਮਲਾ



ਬ੍ਰਿਟਿਸ਼ ਕੋਲੰਬੀਆ/ਏ.ਟੀ.ਨਿਊਜ਼ : ਬੀਤੇ ਸੋਮਵਾਰ ਕਲੋਨਾ ਵਿੱਚ ਗਿਆਰ੍ਹਵੀਂ ਜਮਾਤ ਦੇ ਸਿੱਖ ਵਿਦਿਆਰਥੀ ’ਤੇ ਬੀਸੀ ਟਰਾਂਜ਼ਿਟ ਬੱਸ ’ਚ ਸਵਾਰ ਹੋ ਕੇ ਹਮਲਾ ਕੀਤਾ ਗਿਆ। ਇਸ ਸਾਲ ਕਲੋਨਾ ਵਿੱਚ ਕਿਸੇ ਸਿੱਖ ਵਿਦਿਆਰਥੀ ਉੱਤੇ ਇਹ ਦੂਜਾ ਹਮਲਾ ਹੈ। ਮਾਰਚ ਵਿੱਚ ਗਗਨਦੀਪ ਸਿੰਘ ’ਤੇ ਵੀ ਬੱਸ ਵਿੱਚ ਸਵਾਰ ਹੋ ਕੇ ਹਿੰਸਕ ਹਮਲਾ ਕੀਤਾ ਗਿਆ ਸੀ। ਸੋਮਵਾਰ ਦੀ ਘਟਨਾ ਵਿੱਚ, ਸਿੱਖ ਵਿਦਿਆਰਥੀ, ਜਿਸ ਨੇ ਆਪਣਾ ਨਾਮ ਗੁਪਤ ਰੱਖਣ ਲਈ ਕਿਹਾ ਹੈ, ਦੁਪਹਿਰ 3:45 ਵਜੇ ਦੇ ਕਰੀਬ ਰਟਲੈਂਡ ਸੀਨੀਅਰ ਸੈਕੰਡਰੀ ਸਕੂਲ ਦੇ ਸਾਹਮਣੇ ਬੀਸੀ ਟਰਾਂਜ਼ਿਟ ਬੱਸ ਦੀ ਉਡੀਕ ਕਰ ਰਿਹਾ ਸੀ। ਦੋ ਵਿਅਕਤੀਆਂ ਨੇ ਵਿਦਿਆਰਥੀ ਦੇ ਕੋਲ ਪਹੁੰਚ ਕੇ ਪਹਿਲਾਂ ਉਸ ਨੂੰ ਬੱਸ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ ਅਤੇ ਫਿਰ ਉਸ ਨੂੰ ਬੱਸ ਵਿੱਚ ਚੜ੍ਹਨ ਦੀ ਇਜਾਜ਼ਤ ਦੇ ਕੇ, ਉਸ ਨੂੰ ਲਾਈਟਰ ਨਾਲ ਧਮਕਾਉਣਾ ਸ਼ੁਰੂ ਕਰ ਦਿੱਤਾ ਅਤੇ ਆਪਣੇ ਫੋਨ ਨਾਲ ਨੇੜਿਓਂ ਹੀ ਉਸ ਦੀ ਫੋਟੋ ਰਿਕਾਰਡ ਕਰ ਲਈ। ਜਦੋਂ ਸਿੱਖ ਵਿਦਿਆਰਥੀ ਪਿੱਛੇ ਹਟਿਆ ਤਾਂ ਹਮਲਾਵਰਾਂ ਦੇ ਹੱਥਾਂ ਤੋਂ ਫ਼ੋਨ ਡਿੱਗ ਗਿਆ ਅਤੇ ਉਨ੍ਹਾਂ ਨੇ ਬੱਸ ਡਰਾਈਵਰ ਦੇ ਸਾਹਮਣੇ ਸਿੱਖ ਵਿਦਿਆਰਥੀ ਨੂੰ ਲੱਤਾਂ ਅਤੇ ਮੁੱਕੇ ਮਾਰਨੇ ਸ਼ੁਰੂ ਕਰ ਦਿੱਤੇ। ਬੱਸ ਡਰਾਈਵਰ ਨੇ ਕੋਈ ਦਖਲ ਨਹੀਂ ਦਿੱਤਾ ਅਤੇ ਅਸਲ ਵਿੱਚ, ਸਿੱਖ ਵਿਦਿਆਰਥੀ ਅਤੇ ਉਸਦੇ ਹਮਲਾਵਰਾਂ ਨੂੰ ਰਟਲੈਂਡ ਅਤੇ ਰੌਬਸਨ ਸਟਾਪ ’ਤੇ ਬੱਸ ਤੋਂ ਉਤਰਨ ਦਾ ਆਦੇਸ਼ ਦਿੱਤਾ। ਬੱਸ ’ਚੋਂ ਉਤਰਨ ਤੋਂ ਬਾਅਦ, ਸਿੱਖ ਵਿਦਿਆਰਥੀ ’ਤੇ ਉਸ ਦੇ ਹਮਲਾਵਰਾਂ ਨੇ ਮਿਰਚ ਦਾ ਛਿੜਕਾਅ ਕੀਤਾ ਅਤੇ ਉਹ ਉਸ ’ਤੇ ਹਮਲਾ ਕਰਦੇ ਰਹੇ, ਜਦੋਂ ਤੱਕ ਰਾਹਗੀਰਾਂ ਨੇ ਦਖਲ ਨਹੀਂ ਦਿੱਤਾ।

ਆਰ.ਸੀ.ਐਮ.ਪੀ. ਨੂੰ ਹਮਲੇ ਦੀ ਸੂਚਨਾ ਦੇ ਦਿੱਤੀ ਗਈ ਹੈ ਅਤੇ ਉਹ ਜਾਂਚ ਕਰ ਰਹੀ ਹੈ। ਸਿੱਖ ਵਿਦਿਆਰਥੀ ਕੈਨੇਡਾ ਵਿੱਚ ਹਾਲ ਹੀ ਵਿੱਚ ਨਵਾਂ ਆਇਆ ਸੀ ਅਤੇ ਉਸ ਨੂੰ ਇਹ ਸਮਝ ਨਹੀਂ ਆ ਰਹੀ ਸੀ ਕਿ ਉਸ ਉੱਤੇ ਹਮਲਾ ਕਿਉਂ ਕੀਤਾ ਗਿਆ ਜਾਂ ਘਟਨਾ ਦੌਰਾਨ ਉਸ ਨੂੰ ਗਾਲਾਂ ਕੱਢੀਆਂ ਗਈਆਂ।

ਬ੍ਰਿਟਿਸ਼ ਕੋਲੰਬੀਆ ਤੋਂ ਡਬਲਯੂਐਸਓ (ਵਿਸ਼ਵ ਸਿੱਖ ਸੰਸਥਾ) ਦੀ ਉਪ ਪ੍ਰਧਾਨ ਗੁਣਤਾਸ ਕੌਰ ਨੇ ਕਿਹਾ, ਕਲੋਨਾ ਵਿੱਚ ਇੱਕ ਸਿੱਖ ਹਾਈ ਸਕੂਲ ਦੇ ਵਿਦਿਆਰਥੀ ਉੱਤੇ ਹਮਲਾ ਹੈਰਾਨ ਕਰਨ ਵਾਲਾ ਅਤੇ ਅਸਵੀਕਾਰਨਯੋਗ ਹੈ। ਬਹੁਤ ਹੀ ਨਿਰਾਸ਼ਾਜਨਕ ਗੱਲ ਇਹ ਹੈ ਕਿ ਬੀਸੀ ਟਰਾਂਜ਼ਿਟ ਬੱਸ ਡਰਾਈਵਰ ਨੇ ਕੋਈ ਦਖਲ ਨਹੀਂ ਦਿੱਤਾ ਅਤੇ ਅਸਲ ਵਿੱਚ ਹਮਲਾਵਰਾਂ ਅਤੇ ਪੀੜਤ ਦੋਵਾਂ ਨੂੰ ਬੱਸ ਵਿੱਚੋਂ ਹਟਾ ਦਿੱਤਾ, ਜਿਸ ਨਾਲ ਸਿੱਖ ਵਿਦਿਆਰਥੀ ਨੂੰ ਆਪਣੇ ਆਪ ਨੂੰ ਬਚਾਉਣ ਲਈ ਛੱਡ ਦਿੱਤਾ ਗਿਆ। ਸਿੱਖ ਹਾਈ ਸਕੂਲ ਦਾ ਵਿਦਿਆਰਥੀ ਆਪਣੀਆਂ ਸੱਟਾਂ ਅਤੇ ਮਿਰਚਾਂ ਦੇ ਸਪਰੇਅ ਤੋਂ ਠੀਕ ਹੋ ਰਿਹਾ ਹੈ ਪਰ ਸਮਝ ਨਹੀਂ ਸਕਦਾ ਕਿ ਉਸ ’ਤੇ ਹਮਲਾ ਕਿਉਂ ਕੀਤਾ ਗਿਆ ਸੀ। ਦੁਬਾਰਾ ਹਮਲਾ ਹੋਣ ਦੇ ਡਰੋਂ ਉਹ ਸਕੂਲ ਪਰਤਣ ਤੋਂ ਡਰਦਾ ਹੈ। ਬਦਕਿਸਮਤੀ ਨਾਲ ਇਸ ਸਾਲ ਕੇਲੋਨਾ ’ਚ ਕਿਸੇ ਸਿੱਖ ਵਿਦਿਆਰਥੀ ’ਤੇ ਇਹ ਦੂਜਾ ਹਮਲਾ ਹੈ। ਅਸੀਂ ਆਰ.ਸੀ.ਐਮ.ਪੀ. ਨੂੰ ਇਸ ਘਟਨਾ ਦੀ ਪੂਰੀ ਜਾਂਚ ਕਰਨ ਅਤੇ ਹਮਲਾਵਰਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਦੀ ਮੰਗ ਕਰਦੇ ਹਾਂ। ਅਸੀਂ ਬੀਸੀ ਟਰਾਂਜ਼ਿਟ ਨੂੰ ਇਹ ਜਾਂਚ ਕਰਨ ਲਈ ਵੀ ਬੁਲਾਉਂਦੇ ਹਾਂ ਕਿ ਇਸ ਘਟਨਾ ਵਿੱਚ ਡਰਾਈਵਰ ਨੇ ਹਮਲੇ ਨੂੰ ਰੋਕਣ ਲਈ ਕੁਝ ਕਿਉਂ ਨਹੀਂ ਕੀਤਾ ਅਤੇ ਪੀੜਤ ਨੂੰ ਬੱਸ ਤੋਂ ਹਟਾ ਕੇ, ਹਮਲੇ ਨੂੰ ਜਾਰੀ ਰੱਖਣ ਦਿੱਤਾ। ਘੱਟ ਗਿਣਤੀ ਸਿੱਖ ਭਾਈਚਾਰੇ ’ਤੇ ਅਜਿਹਾ ਹਮਲਾ ਗੰਭੀਰ ਚਿੰਤਾ ਦਾ ਵਿਸ਼ਾ ਹੈ।

# ਕੰਜ਼ਰਵੇਟਿਵ ਪਾਰਟੀ ਦੇ ਆਗੂ ਵੱਲੋਂ ’84 ਸਿੱਖ ਨਸਲਕੁਸ਼ੀ ਦੇ ਮੁੱਦੇ ਬਾਰੇ ਜਾਣਕਾਰੀ ਤੋਂ ਕੋਰਾ ਇਨਕਾਰ

## ਮੈਂ ਅਜਿਹਾ ਕੋਈ ਮਤਾ ਨਹੀਂ ਲਿਆਵਾਂਗਾ : ਪੀਅਰ ਪੋਲੀਵਰ




ਕੈਨੇਡਾ ਦੀ ਮੁੱਖ ਵਿਰੋਧੀ ਪਾਰਟੀ ਕੰਜ਼ਰਵੇਟਿਵ ਪਾਰਟੀ ਦੇ ਆਗੂ ਅਤੇ ਪ੍ਰਧਾਨ ਮੰਤਰੀ ਅਹੁਦੇ ਦੇ ਦਾਅਵੇਦਾਰ ਪੀਅਰ ਪੋਲੀਵਰ ਨੂੰ ਪੰਜਾਬੀ ਪ੍ਰੈੱਸ ਕਲੱਬ ਬੀਸੀ ਵੱਲੋਂ ਕੀਤੀ ਪ੍ਰੈੱਸ ਕਾਨਫਰੰਸ ਵਿੱਚ ਸਵਾਲ ਪੁੱਛਿਆ ਗਿਆ ਕਿ ਜਿਵੇਂ ਕੈਨੇਡਾ ਦੀ ਪਾਰਲੀਮੈਂਟ ਵਿੱਚ ਚੀਨ ਅੰਦਰ ਮੁਸਲਿਮ ਘੱਟ ਗਿਣਤੀ ਦੀ ਨਸਲਕੁਸ਼ੀ ਬਾਰੇ ਮਤਾ ਪਾਸ ਕੀਤਾ ਜਾ ਚੁੱਕਾ ਹੈ ਅਤੇ ਅਜਿਹੀਆਂ ਕਈ ਹੋਰ ਨਸਲਕੁਸ਼ੀਆਂ ਦੀ ਗੱਲ ਚੱਲੀ ਹੈ ਕੀ ਤੁਸੀਂ ਭਾਰਤ ਵਿੱਚ ਹੋਈ ਸਿੱਖਾਂ ਦੀ ਨਸਲਕੁਸ਼ੀ 1984 ਬਾਰੇ ਕਦੇ ਮਤਾ ਲਿਆਓਗੇ? ਇਸ ’ਤੇ ਪੀਅਰ ਪੋਲੀਵਰ ਨੇ ਪੂਰੀ ਤਰ੍ਹਾਂ ਅਣਜਾਣਤਾ ਪ੍ਰਗਟਾਈ। ਸਿੱਖ ਨਸਲਕੁਸ਼ੀ ਬਾਰੇ ਕੈਨੇਡਾ ਦੀ ਵਿਰੋਧੀ ਪਾਰਟੀ ਦੇ ਆਗੂ ਦੇ ਵਿਚਾਰ ਇਹ ਸਨ ਕਿ ਮੈਂ ਅਜਿਹਾ ਕੋਈ ਮਤਾ ਨਹੀਂ ਲਿਆਵਾਂਗਾ, ਮੈਨੂੰ ਪਤਾ ਨਹੀਂ ਇਸ ਬਾਰੇ, ਜਾਣਕਾਰੀ ਲਵਾਂਗੇ।

ਹੁਣ ਚਰਚਾ ਹੋ ਰਹੀ ਹੈ ਕਿ ਜੇ ਪਾਰਟੀ ਲੀਡਰ ਨੂੰ ਸੱਚਮੁੱਚ ਸਿੱਖ ਨਸਲਕੁਸ਼ੀ ਬਾਰੇ ਗਿਆਨ ਨਹੀਂ, ਤਾਂ ਇਹ ਬੌਧਿਕ ਦੀਵਾਲੀਏਪਨ ਦੀ ਤਸਵੀਰ ਹੈ ਪਰ ਜੇਕਰ ਉਹ ਇਸ ਬਾਰੇ ਕੁਝ ਕਹਿਣਾ ਨਹੀਂ ਚਾਹੁੰਦੇ, ਤਾਂ ਇਹ ਬੌਧਿਕ ਬੇਈਮਾਨੀ ਦਾ ਪ੍ਰਤੀਕ ਹੈ।

ਪਾਰਟੀ ਲੀਡਰ ਹੋਣ ਦੇ ਨਾਤੇ ਪੀਅਰ ਪੋਲੀਵਰ ਨੂੰ ਇਹ ਜਾਣਕਾਰੀ ਉਸ ਦੇ ਪਾਰਟੀ ਦੇ ਸਿੱਖ ਐਮਪੀਜ਼ ਵੱਲੋਂ ਦਿੱਤੀ ਜਾਣੀ ਚਾਹੀਦੀ ਸੀ ਕਿ ਅਜਿਹਾ ਸਿੱਖ ਨਸਲਕੁਸ਼ੀ ਦਾ ਮਤਾ ਪਾਰਲੀਮੈਂਟ ਵਿੱਚ ਲਿਆਂਦਾ ਜਾ ਚੁੱਕਾ ਹੈ, ਪਰ ਉਸ ਨੂੰ ਪ੍ਰਵਾਨ ਨਹੀਂ ਸੀ ਕੀਤਾ ਗਿਆ। ਇਹ ਕਹਿਣਾ ਗਲਤ ਹੈ ਕਿ ਅਜਿਹਾ ਪਾਰਲੀਮੈਂਟ ਵਿੱਚ ਕਦੇ ਨਹੀਂ ਆਇਆ। ਇਥੋਂ ਤੱਕ ਕਿ ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਨਾਲ ਡੂੰਘੇ ਸਬੰਧ ਰੱਖਣ ਵਾਲੀ ਭਾਰਤ ਦੀ ਬੀਜੇਪੀ ਸਰਕਾਰ ਦੇ ਗ੍ਰਹਿ ਮੰਤਰੀ, ਰਾਜਨਾਥ ਸਿੰਘ ਵੀ ਇਹ ਮੰਨ ਚੁੱਕੇ ਹਨ ਕਿ 1984 ’ਚ ਵਾਪਰਿਆ ਦੁਖਾਂਤ ਸਿੱਖ ਨਸਲਕੁਸ਼ੀ ਸੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਾਰਲੀਮੈਂਟ ਵਿੱਚ ਕਹਿ ਚੁੱਕੇ ਹਨ ਕਿ ਦਰਬਾਰ ਸਾਹਿਬ ’ਤੇ ਕੀਤਾ ਗਿਆ ਹਮਲਾ ਗਲਤ ਸੀ। ਹੈਰਾਨੀ ਇਸ ਗੱਲ ਦੀ ਵੀ ਹੈ ਕਿ ਇਹ ਸਿੱਖ ਐਮਪੀਜ਼

(ਬਾਕੀ ਸਫ਼ਾ 30 ’ਤੇ)

# ਪੰਜਾਬੀ ਮੂਲ ਦੇ ਸਾਂਸਦਾਂ ਰਣਦੀਪ ਸਿੰਘ ਸਰਾਏ ਅਤੇ ਮਨਿੰਦਰ ਸਿੱਧੂ ਨੂੰ ਟਰੂਡੋ ਨੇ ਬਣਾਇਆ ਸੰਸਦੀ ਸਕੱਤਰ

## ਕੈਨੇਡਾ ਦੀ ਅਰਥਵਿਵਸਥਾ ਨੂੰ ਸੁਧਾਰਨ ਲਈ ਟਰੂਡੋ ਨੇ ਲਏ ਫ਼ੈਸਲੇ



ਟਰਾਂਟੋ/ਏ.ਟੀ.ਨਿਊਜ਼ : ਕੈਨੇਡਾ ਦੀ ਸੱਤਾ ਵਿੱਚ ਪੰਜਾਬੀ ਕਾਬਜ਼ ਹੁੰਦੇ ਦਿਖਾਈ ਦੇ ਰਹੇ ਹਨ। ਕੈਨੇਡਾ ਵਿੱਚ ਪਿਛਲੇ ਹਫ਼ਤੇ ਪੰਜਾਬੀ ਮੂਲ ਦੇ ਨੇਤਾਵਾਂ ਨੂੰ ਮੰਤਰੀ ਬਣਾਏ ਜਾਣ ਤੋਂ ਬਾਅਦ ਇਸ ਹਫ਼ਤੇ ਪੰਜਾਬੀ ਮੂਲ ਦੇ ਦੋ ਸੰਸਦ ਮੈਂਬਰਾਂ ਨੂੰ ਸੰਸਦੀ ਸਕੱਤਰ ਬਣਾਇਆ ਗਿਆ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਵੱਲੋਂ ਐਲਾਨੀ ਗਈ ਸੰਸਦੀ ਸਕੱਤਰਾਂ ਦੀ ਨਵੀਂ ਟੀਮ ਵਿੱਚ ਸਰੀ ਸੈਂਟਰਲ ਤੋਂ ਸੰਸਦ ਮੈਂਬਰ ਰਣਦੀਪ ਸਿੰਘ ਸਰਾਏ ਨੂੰ ਸੰਸਦੀ ਸਕੱਤਰ ਅਤੇ ਐਸੋਸੀਏਟ ਮੰਤਰੀ ਨਿਯੁਕਤ ਕੀਤਾ ਗਿਆ ਹੈ।

ਬਰੈਂਪਟਨ ਦੇ ਸੰਸਦ ਮੈਂਬਰ ਮਨਿੰਦਰ ਸਿੱਧੂ ਨੂੰ ਨਿਰਯਾਤ ਪ੍ਰਮੋਸ਼ਨ, ਅੰਤਰਰਾਸ਼ਟਰੀ ਵਪਾਰ ਅਤੇ ਆਰਥਿਕ ਵਿਕਾਸ ਮੰਤਰੀ ਦਾ ਸੰਸਦੀ ਸਕੱਤਰ ਨਿਯੁਕਤ ਕੀਤਾ ਗਿਆ ਹੈ। ਕੈਨੇਡਾ ਦੀ ਵਿਗੜਦੀ ਆਰਥਿਕ ਸਥਿਤੀ ਦੇ ਵਿਚਕਾਰ, ਪੀ.ਐਮ. ਟਰੂਡੋ ਕੈਨੇਡਾ ਦੀ ਆਰਥਿਕਤਾ ਨੂੰ ਬਚਾਉਣ ਲਈ ਲਗਾਤਾਰ ਯਤਨ ਕਰ ਰਹੇ ਹਨ। ਹਾਲਾਂ ਕਿ ਕੈਨੇਡਾ ਵਿੱਚ ਮਹਿੰਗਾਈ ਵਿੱਚ ਕੁਝ ਗਿਰਾਵਟ ਆਈ ਹੈ, ਪਰ ਇਹ ਅਜੇ ਵੀ ਆਪਣੇ ਉੱਚੇ ਪੱਧਰਾਂ ’ਤੇ ਬਣੀ ਹੋਈ ਹੈ। ਨਵੀਂ ਟੀਮ ਨੂੰ ਮਹਿੰਗਾਈ ਘਟਾਉਣ ਅਤੇ ਨੌਜਵਾਨਾਂ ਲਈ ਨਵੀਆਂ ਨੌਕਰੀਆਂ ਪੈਦਾ ਕਰਨ ’ਤੇ ਧਿਆਨ ਦੇਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਪਿਛਲੇ ਹਫ਼ਤੇ 6 ਸਤੰਬਰ ਨੂੰ ਕੈਨੇਡਾ ਦੇ

(ਬਾਕੀ ਸਫ਼ਾ 29 ’ਤੇ)

# ਜਾਰਜੀਆ ’ਚ ਦੱਖਣੀ ਕੋਰੀਆਈ ਔਰਤ ਦੀ ਮੌਤ ਦੇ ਮਾਮਲੇ ਵਿੱਚ 6 ਗ੍ਰਿਫ਼ਤਾਰ

## ਔਰਤ ਉੱਪਰ ਤਸ਼ੱਦਦ ਕੀਤਾ ਗਿਆ ਤੇ ਭੁੱਖਾ ਰੱਖਿਆ ਗਿਆ



ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਅਮਰੀਕਾ ਦੇ ਜਾਰਜੀਆ ਰਾਜ ਵਿੱਚ ਪੁਲਿਸ ਵੱਲੋਂ ਦੱਖਣੀ ਕੋਰੀਆ ਦੀ ਇੱਕ ਔਰਤ ਦੀ ਮੌਤ ਦੇ ਮਾਮਲੇ ਵਿੱਚ 6 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਖ਼ਬਰ ਹੈ। ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਪਛਾਣ ਇੱਕ ਧਾਰਮਿਕ ਸਮੂਹ ਸ਼ੋਲਜ਼ਰ ਆਫ਼ ਕਰਾਈਸਟ ਦੇ ਮੈਂਬਰਾਂ ਵੱਜੋਂ ਕੀਤੀ ਗਈ ਹੈ। ਪੀੜਤ ਔਰਤ ਦੀ ਉਮਰ ਤਕਰੀਬਨ 30 ਸਾਲ ਹੈ। ਗਵਿਨੈਟ ਕਾਊਂਟੀ ਪੁਲਿਸ ਵਿਭਾਗ ਨੇ ਇੱਕ ਜਾਰੀ ਬਿਆਨ ਵਿੱਚ ਕਿਹਾ ਹੈ ਕਿ ਔਰਤ ਦੀ ਲਾਸ਼ ਐਟਲਾਂਟਾ ਦੇ ਉਤਰ ਵਿੱਚ ਤਕਰੀਬਨ 25 ਮੀਲ ਦੂਰ ਡੂਲਥ ਸ਼ਹਿਰ ਦੇ ਪ੍ਰਸਿੱਧ ਦੱਖਣੀ ਕੋਰੀਆਈ ਸਪਾ ਜੇਜੂ ਸੌਨਾ ਦੇ ਬਾਹਰ ਖੜੀ ਕਾਰ ਦੇ ਪਿਛਲੇ ਹਿੱਸੇ ਵਿਚੋਂ ਬਰਾਮਦ ਕੀਤੀ ਗਈ। ਪੁਲਿਸ ਅਧਿਕਾਰੀਆਂ ਅਨੁਸਾਰ ਔਰਤ ਉਪਰ ਤਸ਼ੱਦਦ ਕੀਤਾ ਗਿਆ ਤੇ ਭੁੱਖਾ ਰਖਿਆ ਗਿਆ। ਪੁਲਿਸ ਦਾ ਕਹਿਣਾ ਹੈ ਕਿ ਮੈਡੀਕਲ ਜਾਂਚ ਦਫ਼ਤਰ ਦਾ ਵਿਸ਼ਵਾਸ ਹੈ ਕਿ ਔਰਤ ਦੀ ਮੌਤ ਕੁਪੋਸ਼ਣ ਕਾਰਨ ਹੋਈ ਹੈ ਪਰੰਤੂ ਮੌਤ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਔਰਤ ਦੱਖਣੀ ਕੋਰੀਆ ਤੋਂ ਇਸ ਸਾਲ ਗਰਮ ਰੁੱਤ ਦੌਰਾਨ ਇੱਕ ਧਾਰਮਿਕ ਸੰਗਠਨ ਵਿੱਚ ਸ਼ਾਮਿਲ ਹੋਣ ਦੇ ਮਕਸਦ ਨਾਲ ਆਈ ਸੀ। ਪੁਲਿਸ ਅਨੁਸਾਰ ਸ਼ੱਕੀ 26 ਸਾਲਾ ਐਰਿਕ ਹਿਊਨ ਨੇ ਆਪਣੀ ਕਾਰ ਪਾਰਕਿੰਗ ਵਿੱਚ ਖੜੀ ਕੀਤੀ ਸੀ ਜਿਥੇ ਉਸ ਦੇ ਇਕ ਪਰਿਵਾਰਕ ਮੈਂਬਰ ਨੂੰ ਕਾਰ ਵਿੱਚ ਲਾਸ਼ ਹੋਣ ਬਾਰੇ ਪਤਾ ਲੱਗਣ ’ਤੇ ਉਸ ਨੇ ਪੁਲਿਸ ਨੂੰ ਸੂਚਿਤ ਕੀਤਾ। ਲਾਸ਼ ਬਰਾਮਦ ਕਰਨ ਉਪਰੰਤ ਪੁਲਿਸ ਨੇ ਉਸ ਘਰ ਦੀ ਤਲਾਸ਼ੀ ਲਈ ਜਿਥੇ ਔਰਤ ਨੂੰ ਰਖਿਆ ਗਿਆ ਸੀ। ਪੁਲਿਸ ਅਨੁਸਾਰ ਸ਼ੋਲਜ਼ਰ ਆਫ਼ ਕਰਾਈਸਟ ਨੇ ਔਰਤ ਨੂੰ ਕੁੱਟਿਆ ਮਾਰਿਆ ਤੇ ਉਸ ਦੀ ਮੌਤ ਹੋਣ ਤੱਕ ਉਸ ਨੂੰ ਘਰ ਵਿੱਚ ਬੰਦ ਰਖਿਆ। ਹਿਊਨ ਤੋਂ ਇਲਾਵਾ ਸ਼ੱਕੀ ਦੋਸ਼ੀਆਂ ਦੀ ਪਛਾਣ ਗਾਵੋਮ ਲੀ (26),

(ਬਾਕੀ ਸ.ਫ਼ਾ 29 ’ਤੇ)

# ਲੀਬੀਆ ’ਚ ਭਿਆਨਕ ਹੜ੍ਹ ’ਚ 11,000 ਲੋਕਾਂ ਦੀ ਮੌਤ, 10,000 ਤੋਂ ਵੱਧ ਲੋਕ ਲਾਪਤਾ

ਲੀਬੀਆ/ਏ.ਟੀ.ਨਿਊਜ਼ : ਲੀਬੀਆ ਵਿੱਚ ਵਿਨਾਸ਼ਕਾਰੀ ਹੜ੍ਹ ਕਾਰਨ ਹੁਣ ਤੱਕ 11,000 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਪੂਰਬੀ ਲੀਬੀਆ ਦਾ ਡੇਰਨਾ ਸ਼ਹਿਰ ਤਬਾਹੀ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਜਿੱਥੇ ਅਜੇ ਵੀ ਕਈ ਲੋਕਾਂ ਦੀ ਭਾਲ ਦਾ ਕੰਮ ਜਾਰੀ ਹੈ। ਡੇਰਨਾ ਸ਼ਹਿਰ ਦੇ ਬਾਹਰ ਦੋ ਬੰਨ੍ਹ ਵੀ ਟੁੱਟ ਗਏ। ਪ੍ਰਭਾਵਿਤ ਪਰਿਵਾਰ ਮਿੰਟਾਂ ਵਿੱਚ ਹੀ ਡੁੱਬ ਗਏ। ਬਚਾਅ ਕਰਮਚਾਰੀਆਂ ਨੂੰ ਪੀੜਤਾਂ ਤੱਕ ਪਹੁੰਚਣ ’ਚ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਮਾਚਾਰ ਏਜੰਸੀ ਏਪੀ ਤੋਂ ਮਿਲੀ ਜਾਣਕਾਰੀ ਦੇ ਅਨੁਸਾਰ, ਲੀਬੀਆ ਵਿੱਚ ਹੜ੍ਹਾਂ ਵਿਚ ਮਰਨ ਵਾਲਿਆਂ ਦੀ ਅਧਿਕਾਰਤ ਗਿਣਤੀ 11,470 ਹੋ ਗਈ ਹੈ। ਲੀਬੀਆ ਦੇ ਅਧਿਕਾਰੀਆਂ ਨੇ ਹੜ੍ਹ ਵਾਲੇ ਸ਼ਹਿਰ ਡੇਰਨਾ ਨੂੰ ਸੀਲ ਕਰ ਦਿੱਤਾ ਤਾਂ ਜੋ ਖੋਜ ਟੀਮਾਂ ਨੂੰ ਲਾਪਤਾ ਲੋਕਾਂ ਦੀ ਭਾਲ ਕੀਤੀ ਜਾ ਸਕੇ।

ਇਸ ਦੌਰਾਨ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਅਤੇ ਵਿਸਫੋਟਕ ਹੋਰ ਲੋਕਾਂ ਦੀ ਜਾਨ ਲੈ ਸਕਦੇ ਹਨ। ਲੀਬੀਆ ਦੇ ਅਧਿਕਾਰੀਆਂ ਨੇ ਦੱਸਿਆ ਕਿ ਡੇਰਨਾ ਵਿੱਚ ਮਰਨ ਵਾਲਿਆਂ ਦੀ ਗਿਣਤੀ 11,300 ਹੋ ਗਈ ਹੈ।



ਇਸ ਤੋਂ ਇਲਾਵਾ ਪੂਰਬੀ ਲੀਬੀਆ ’ਚ ਹੋਰ ਥਾਂਵਾਂ ’ਤੇ 170 ਲੋਕਾਂ ਦੀ ਮੌਤ ਹੋ ਗਈ ਹੈ। ਲਾਸ਼ਾਂ ਦੀ ਭਾਲ ਅਜੇ ਵੀ ਜਾਰੀ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ 10,100 ਲੋਕ ਅਜੇ ਵੀ ਲਾਪਤਾ ਹਨ। ਚਿੱਕੜ ਅਤੇ ਖੰਡਰ ਇਮਾਰਤਾਂ ਵਿੱਚ ਲੋਕਾਂ ਦੀ ਭਾਲ ਕੀਤੀ ਜਾ ਰਹੀ ਹੈ।

ਐਤਵਾਰ ਨੂੰ ਦੋ ਡੈਮਾਂ ਦੇ ਢਹਿ ਜਾਣ ਅਤੇ ਭਾਰੀ ਮੀਂਹ ਕਾਰਨ ਆਏ ਭਿਆਨਕ ਹੜ੍ਹ ਤੋਂ ਬਾਅਦ ਆਈ ਤਬਾਹੀ ਨੇ ਤੂਫਾਨ ਦੀ ਤੀਬਰਤਾ ਦੇ ਨਾਲ-ਨਾਲ ਲੀਬੀਆ ਦੀ ਸੰਵੇਦਨਸ਼ੀਲਤਾ ਨੂੰ ਵੀ ਹਿਲਾ ਕੇ ਰੱਖ ਦਿੱਤਾ।

ਪੂਰਬੀ ਲੀਬੀਆ ਵਿੱਚ ਐਂਬੂਲੈਂਸ ਅਤੇ ਐਮਰਜੈਂਸੀ ਸੇਵਾਵਾਂ ਦੇ ਡਾਇਰੈਕਟਰ ਜਨਰਲ ਸਲਾਮ ਅਲ-ਫਰਗਾਨੀ ਨੇ ਦੇਰ ਰਾਤ ਇਹ ਘੋਸ਼ਣਾ ਕੀਤੀ ਅਤੇ ਕਿਹਾ ਕਿ ਡੇਰਨਾ ਨੂੰ ਖਾਲੀ ਕਰਵਾਇਆ ਜਾ ਰਿਹਾ ਹੈ। ਹੁਣ ਸਿਰਫ਼ ਖੋਜ ਅਤੇ ਬਚਾਅ ਟੀਮਾਂ ਨੂੰ ਹੀ ਦਾਖ਼ਲ ਹੋਣ ਦੀ ਇਜਾਜ਼ਤ ਹੋਵੇਗੀ।

ਸੰਯੁਕਤ ਰਾਸ਼ਟਰ ਦੇ ਸਹਾਇਤਾ ਮੁਖੀ ਮਾਰਟਿਨ ਗ੍ਰਿਫਿਥਸ ਨੇ ਜੇਨੇਵਾ ਵਿੱਚ ਕਿਹਾ ਕਿ ਲੀਬੀਆ ਨੂੰ ਬਿਮਾਰੀ ਨੂੰ ਰੋਕਣ ਲਈ ਹੜ੍ਹ ਰਾਹਤ ਉਪਕਰਨਾਂ ਅਤੇ ਸਿਹਤ ਸਹਾਇਤਾ ਦੀ ਸਖ਼ਤ ਲੋੜ ਹੈ। ਹੜ੍ਹਾਂ ਕਾਰਨ ਇਲਾਕੇ ਵਿੱਚ ਵੱਡੇ ਪੱਧਰ ’ਤੇ ਹੈਜ਼ਾ ਫੈਲਣ ਦਾ ਖ਼ਦਸ਼ਾ ਹੈ। ਮਾਰਟਿਨ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਦਫ਼ਤਰ ਨੇ 15 ਮੈਂਬਰੀ ਤਾਲਮੇਲ ਟੀਮ ਨੂੰ ਲੀਬੀਆ ਭੇਜਿਆ ਹੈ।

ਇਸ ਦੇ ਨਾਲ ਹੀ ਡੇਰਨਾ ’ਚ ਹੜ੍ਹ ਕਾਰਨ ਕਈ ਲੋਕ ਅਜੇ ਵੀ ਲਾਪਤਾ ਹਨ। ਲਾਪਤਾ ਲੋਕਾਂ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਉਹ ਡਰੇ ਹੋਏ ਹਨ। ਪੂਰਬੀ ਸ਼ਹਿਰ ਟੋਬਰੁਕ ਦੇ ਇੱਕ ਨਿਵਾਸੀ ਨੇ ਦੱਸਿਆ ਕਿ ਡੇਰਨਾ ਵਿੱਚ ਹੜ੍ਹਾਂ ਵਿੱਚ ਉਸ ਦੇ ਅੱਠ ਰਿਸ਼ਤੇਦਾਰਾਂ ਦੀ ਮੌਤ ਹੋ ਗਈ। ਇਮਾਦ ਮਿਲਾਦ ਨੇ ਦੱਸਿਆ ਕਿ ਮੇਰੀ ਪਤਨੀ ਅਰੀਜ਼ ਦੀ ਭੈਣ ਅਤੇ ਉਸ ਦੇ ਪਤੀ ਦੋਵਾਂ ਦਾ ਦਿਹਾਂਤ ਹੋ ਗਿਆ ਹੈ। ਉਸ ਦਾ ਪੂਰਾ ਪਰਿਵਾਰ ਵੀ ਮਰ ਗਿਆ ਹੈ। ਕੁੱਲ ਅੱਠ ਲੋਕਾਂ ਦੀ ਮੌਤ ਹੋ ਗਈ ਹੈ। ਇਹ ਇੱਕ ਆਫ਼ਤ ਹੈ। ਅਸੀਂ ਸਥਿਤੀ ਦੇ ਸੁਧਾਰ ਲਈ ਪ੍ਰਾਰਥਨਾ ਕਰ ਰਹੇ ਹਾਂ। ਹੜ੍ਹ ਨੇ ਸਭ ਤੋਂ ਵੱਧ ਲੀਬੀਆ ਦੇ ਉੱਤਰ-ਪੂਰਬ ਨੂੰ ਪ੍ਰਭਾਵਿਤ ਕੀਤਾ ਹੈ, ਜੋ ਕਿ ਮੈਡੀਟੇਰੀਅਨ ਤੱਟ ’ਤੇ ਸਥਿਤ ਹੈ। ਸਭ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਸ਼ਹਿਰ ਡੇਰਨਾ ਹੈ, ਜੋ ਦੇਸ਼ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਬੇਨਗਾਜ਼ੀ ਤੋਂ ਲਗਭਗ 300 ਕਿਲੋਮੀਟਰ (190 ਮੀਲ) ਪੂਰਬ ਵਿੱਚ ਸਥਿਤ ਹੈ। ਡੇਰਨਾ, ਲਗਭਗ 100,000 ਲੋਕਾਂ ਦਾ ਸ਼ਹਿਰ, ਬਹੁਤ ਜ਼ਿਆਦਾ ਨੁਕਸਾਨਿਆ ਗਿਆ ਸੀ।

ਲੀਬੀਆ ਦੀ ਐਮਰਜੈਂਸੀ ਅਤੇ ਐਂਬੂਲੈਂਸ ਸੇਵਾ ਦੇ ਬੁਲਾਰੇ ਓਸਾਮਾ ਅਲੀ ਨੇ ਦੱਸਿਆ ਕਿ

(ਬਾਕੀ ਸਫ਼ਾ 30 ’ਤੇ)

# ‘ਆਪ’ ਦੇ ਰਾਜ ਕਾਲ ’ਚ ਪੰਜਾਬ ਦੇ 20 ਫ਼ੀਸਦੀ ਲੋਕ ਕਰ ਰਹੇ ਨਸ਼ਾ

## ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਮੁਤਾਬਕ ਪਿਛਲੇ 20 ਮਹੀਨਿਆਂ ਦੌਰਾਨ 310 ਲੋਕਾਂ ਨੇ ਆਪਣੀ ਜਾਨ ਗੁਆਈ

## 18,100 ਬੱਚੇ ਕੋਕੀਨ ਵਰਗੇ ਨਸ਼ਿਆਂ ਦਾ ਸ਼ਿਕਾਰ

ਜਲੰਧਰ/ਏ.ਟੀ.ਨਿਊਜ਼ : ਪੰਜਾਬ ਵਿੱਚ ਨਸ਼ਿਆਂ ਦਾ ਰੁਝਾਨ ਇਸ ਕਦਰ ਖਤਰਨਾਕ ਹੱਦ ਤੱਕ ਵਧ ਚੁੱਕਾ ਹੈ ਕਿ ਅੱਜ ਨਸ਼ਿਆਂ ਦੀ ਹੋਮ ਡਿਲੀਵਰੀ ਤੱਕ ਹੋਣ ਲੱਗ ਪਈ ਹੈ ।ਨਸ਼ੇ ਲੈਣ ਲਈ ਲੋਕਾਂ ਨੂੰ ਕਿਤੇ ਜਾਣ ਦੀ ਲੋੜ ਨਹੀਂ ਪੈਂਦੀ ਤੇ ਉਨ੍ਹਾਂ ਨੂੰ ਘਰ ਬੈਠਿਆਂ ਨੂੰ ਹੀ ਨਸ਼ਾ ਮਿਲਣ ਲੱਗਾ ਹੈ ।ਲੋਕਾਂ ਨੂੰ ਖੰਡ-ਪੱਤੀ ਲੈਣ ਤਾਂ ਘਰ ਤੋਂ ਬਾਹਰ ਦੁਕਾਨ ਤੱਕ ਜਾਣਾ ਹੀ ਪੈਂਦਾ ਹੈ ਪਰ ਨਸ਼ਾ ਘਰ ਬੈਠਿਆਂ ਹੀ ਆਨਲਾਈਨ ਆਸਾਨੀ ਨਾਲ ਮੰਗਵਾਇਆ ਜਾ ਸਕਦਾ ਹੈ । ਕਿਹੜੀ ਕੁਆਲਿਟੀ ਤੇ ਕਿੰਨਾ ਨਸ਼ਾ ਚਾਹੀਦਾ ਹੈ ਇਹ ਸਭ ਕੁੱਝ ਵੀ ਗਾਹਕ ਦੀ ਮਰਜ਼ੀ ਮੁਤਾਬਿਕ ਸਪਲਾਈ ਕੀਤਾ ਜਾ ਰਿਹਾ ਹੈ ।ਪੰਜਾਬ ਵਿੱਚ ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਨਸ਼ੇ ਕਾਰਨ ਹੋ ਰਹੀਆਂ ਮੌਤਾਂ ਦਾ ਸਿਲਸਿਲਾ ਰੁਕ ਨਹੀਂ ਰਿਹਾ। ਇਸੇ ਕਾਰਨ ਪੰਜਾਬ ਵਿੱਚ ਹੈਪੇਟਾਈਟਸ-ਬੀ, ਕਾਲਾ ਪੀਲੀਆ ਅਤੇ ਐੱਚਆਈਵੀ ਏਡਜ਼ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਇਜ਼ਾਫਾ ਹੋ ਰਿਹਾ ਹੈ ।ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ. ਸੀ. ਆਰ. ਬੀ.) ਦੇ ਅੰਕੜਿਆਂ ਮੁਤਾਬਕ ਸੂਬੇ ਵਿੱਚ ਪਿਛਲੇ 20 ਮਹੀਨਿਆਂ ਵਿੱਚ ਨਸ਼ੇ ਕਾਰਨ 310 ਲੋਕ ਆਪਣੀ ਜਾਨ ਗੁਆ ??ਚੁੱਕੇ ਹਨ। ਇਨ੍ਹਾਂ ਵਿੱਚ ਨੌਜਵਾਨਾਂ ਦੀ ਗਿਣਤੀ ਜ਼ਿਆਦਾ ਹੈ। ਜਾਰੀ ਕੀਤੇ ਗਏ ਅੰਕੜਿਆਂ ਤੋਂ ਇਹ ਗੱਲ ਸਾਬਿਤ ਹੁੰਦੀ ਹੈ ਕਿ ਪੰਜਾਬ ਵਿੱਚ ਲਗਭਗ 20 ਫ਼ੀਸਦੀ ਲੋਕ ਨਸ਼ਾ ਕਰ ਰਹੇ ਹਨ। ਇਸ ਰਿਪੋਰਟ ਦੇ ਮੁਤਾਬਕ ਪੰਜਾਬ ਵਿੱਚ 10 ਤੋਂ 17 ਸਾਲ ਦੀ ਉਮਰ ਦੇ 6.97 ਲੱਖ ਬੱਚੇ ਨਸ਼ੇ ਦੇ ਸ਼ਿਕਾਰ ਹਨ ਅਤੇ ਇਨ੍ਹਾਂ ਵਿੱਚੋਂ 18,100 ਬੱਚੇ ਕੋਕੀਨ ਵਰਗੇ ਨਸ਼ੇ ਦਾ ਵੀ ਸੇਵਨ ਕਰ ਰਹੇ ਹਨ। ਇਸੇ ਤਰ੍ਹਾਂ ਪੰਜਾਬ ਵਿੱਚ ਲਗਭਗ 3.43 ਲੱਖ ਬੱਚੇ ਓਪੀਔਡ ਡਰੱਗ ਲੈ ਰਹੇ ਹਨ, ਜਿਸ ਵਿੱਚ ਹੈਰੋਇਨ ਵੀ ਸ਼ਾਮਲ ਹੈ।




ਇਸ ਰਿਪੋਰਟ ਵਿੱਚ ਸਭ ਤੋਂ ਵੱਧ ਹੈਰਾਨ ਕਰ ਦੇਣ ਵਾਲਾ ਖੁਲਾਸਾ ਇਹ ਸੀ ਕਿ ਪੰਜਾਬ ਵਿੱਚ 66.70 ਲੱਖ ਤੋਂ ਵੱਧ ਲੋਕ (ਯਾਨੀ ਸੂਬੇ ਦੇ ਲਗਭਗ 20 ਫ਼ੀਸਦੀ ਲੋਕ) ਨਸ਼ਾ ਕਰ ਰਹੇ ਹਨ, ਜਿਨ੍ਹਾਂ ਵਿੱਚ 21.36 ਲੱਖ ਵੱਖ-ਵੱਖ ਕਿਸਮਾਂ ਦੇ ਨਸ਼ੇ ਦਾ ਸੇਵਨ ਕਰਦੇ ਹਨ।

ਪੰਜਾਬ ਵਿੱਚ ਜਿੱਥੇ ਲੰਮੇ ਸਮੇਂ ਤੋਂ ਸਰਕਾਰਾਂ ਵੱਲੋਂ ਨਸ਼ਿਆਂ ਦੇ ਖ਼ਿਲਾਫ਼ ਮੁਹਿੰਮ ਚਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਦਾਅਵੇ ਕੀਤੇ ਜਾਂਦੇ ਹਨ ਕਿ ਉਹ ਸੂਬੇ ਵਿੱਚ ਨਸ਼ੇ ਨੂੰ ਖਤਮ ਕਰਨ ਲਈ ਵਚਨਬੱਧ ਹਨ, ਅਜਿਹੇ ਵਿੱਚ ਇਸ ਰਿਪੋਰਟ ਨੇ ਸਾਰਿਆਂ ਨੂੰ ਹੈਰਾਨ ਕਰ ਕੇ ਰੱਖ ਦਿੱਤਾ ਹੈ।

ਦੱਸ ਦਈਏ ਕਿ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਬਾਰੇ ਸੰਸਦੀ ਸਥਾਈ ਕਮੇਟੀ ਵੱਲੋਂ ਰਿਪੋਰਟ ‘ਨੌਜਵਾਨ ਵਿਅਕਤੀਆਂ ਵਿੱਚ ਨਸ਼ਿਆਂ ਦੀ ਦੁਰਵਰਤੋਂ: ਸਮੱਸਿਆਵਾਂ ਅਤੇ ਹੱਲ’ ਵਿੱਚ ਭਾਰਤ ਦੇ ਬਾਲਗਾਂ, ਨੌਜਵਾਨਾਂ ਅਤੇ ਇੱਥੋਂ ਤੱਕ ਕਿ ਬੱਚਿਆਂ ਵਿੱਚ ਤੇਜ਼ੀ ਨਾਲ ਫੈਲ ਰਹੀ ਨਸ਼ੇ ਦੀ ਲਤ ਦੇ ਖ਼ਤਰੇ ’ਤੇ ਹੈਰਾਨੀ ਪ੍ਰਗਟਾਈ ਗਈ ਅਤੇ ਇਹ ਰਿਪੋਰਟ ਹਾਲ ਹੀ ਵਿੱਚ ਲੋਕ ਸਭਾ ਵਿੱਚ ਪੇਸ਼ ਕੀਤੀ ਗਈ ਸੀ ।ਇਸ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਕਿ ਪੰਜਾਬ, ਹਰਿਆਣਾ, ਆਂਧਰਾ ਪ੍ਰਦੇਸ਼, ਅਸਾਮ, ਛੱਤੀਸਗੜ੍ਹ, ਗੁਜਰਾਤ, ਮਹਾਰਾਸ਼ਟਰ, ਦਿੱਲੀ-ਐਨਸੀਆਰ, ਓਡੀਸ਼ਾ, ਰਾਜਸਥਾਨ, ਉੱਤਰ ਪ੍ਰਦੇਸ਼, ਅਤੇ ਪੱਛਮੀ ਬੰਗਾਲ ਸਭ ਤੋਂ ਵੱਧ ਪ੍ਰਭਾਵਿਤ ਸੂਬੇ ਅਤੇ ਯੂਟੀ ਸਨ ।ਇਨ੍ਹਾਂ ਸੂਬਿਆਂ ਤੇ ਯੂਟੀ ਵਿੱਚ 18-75 ਸਾਲ ਦੀ ਉਮਰ ਦੇ ਬਾਲਗਾਂ ਦੀ ਸਥਿਤੀ ਵੀ ਖਰਾਬ ਪਾਈ ਗਈ।

ਦੂਜੇ ਪਾਸੇ ਪੰਜਾਬ ਸਰਕਾਰ ਨੇ ਦਾਅਵਾ ਕੀਤਾ ਕਿ 102 ਕਰੋੜ ਰੁਪਏ ਹਰ ਸਾਲ ਨਸ਼ੇ ਦੀ ਰੋਕਥਾਮ ਉੱਤੇ ਖ਼ਰਚ ਹੁੰਦੇ ਹਨ ਜਿਸ ਵਿੱਚ ਨਸ਼ਾ ਛੁਡਾਓ ਕੇਂਦਰ ਸਥਾਪਤ ਕੀਤੇ ਜਾ ਰਹੇ ਹਨ, ਨਸ਼ਿਆਂ ਦੀ ਰੋਕਥਾਮ ਉੱਤੇ ਖ਼ਰਚ ਵੀ ਵੱਧ ਰਿਹਾ ਹੈ ਪਰ ਨਾਲ ਹੀ ਨਸ਼ੇ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਵੀ ਇਜ਼ਾਫਾ ਹੋ ਰਿਹਾ ਹੈ।

## ਪਿੰਡਾਂ ਦੇ ਲੋਕ ਨਸ਼ਿਆਂ ਖ਼ਿਲਾਫ਼ ਸਰਗਰਮ

ਪੰਜਾਬ ਦੇ ਕਈ ਪਿੰਡਾਂ ਵਿੱਚ ਲੋਕ ਨਸ਼ਾ ਵੇਚਣ ਵਾਲਿਆਂ ਖ਼ਿਲਾਫ਼ ਖੁੱਲ੍ਹ ਕੇ ਸਾਹਮਣੇ ਆਏ ਹਨ। ਸੰਗਰੂਰ, ਮਾਨਸਾ, ਮੋਗਾ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਅੰਮ੍ਰਿਤਸਰ, ਫਿਰੋਜ਼ਪੁਰ, ਫਾਜ਼ਿਲਕਾ ਅਤੇ ਬਠਿੰਡਾ ਦੇ ਕਈ ਪਿੰਡਾਂ ਵਿੱਚ ਕਿਸਾਨ ਜਥੇਬੰਦੀਆਂ, ਗਰਾਮ ਪੰਚਾਇਤਾਂ ਅਤੇ ਸਥਾਨਕ ਲੋਕਾਂ ਵੱਲੋਂ ਬਣਾਈਆਂ ਨਸ਼ਾ ਵਿਰੋਧੀ ਕਮੇਟੀਆਂ ਨਸ਼ੇ ਖ਼ਿਲਾਫ਼ ਕੰਮ ਕਰ ਰਹੀਆਂ ਹਨ। ਪਿੰਡਾਂ ਦੇ ਲੋਕਾਂ ਦਾ ਕਹਿਣਾ ਹੈ ਕਿ ਸ੍ਰੀ ਅਰਵਿੰਦ ਕੇਜਰੀਵਾਲ ਨੇ 2022 ਦੀਆਂ ਚੋਣਾਂ ਵਿੱਚ ਦਾਅਵਾ ਕੀਤਾ ਸੀ ਕਿ ਜੇਕਰ ਆਪ ਸੱਤਾ ਵਿੱਚ ਆਈ ਤਾਂ ਤਿੰਨ ਮਹੀਨਿਆਂ ਵਿੱਚ ਨਸ਼ਾ ਖਤਮ ਕਰ ਦੇਵੇਗੀ। ਉਹਨਾਂ ਕਿਹਾ ਕਿ ਹੁਣ ਆਪ ਸਰਕਾਰ ਬਣੀ ਨੂੰ ਡੇਢ ਸਾਲ ਬੀਤ ਚੁੱਕਾ ਹੈ ਤੇ ਨਸ਼ੇ ਦਾ ਇਹ ਕਾਰੋਬਾਰ ਪਿੰਡ-ਪਿੰਡ, ਗਲੀ-ਗਲੀ ਫੈਲ ਚੁੱਕਾ ਹੈ। ਸਰਕਾਰ ਇਸ ਬਾਰੇ ਸੁਹਿਰਦ ਨਹੀਂ ।ਪੁਲਿਸ ਕੋਈ ਕਾਰਵਾਈ ਨਹੀਂ ਕਰ ਰਹੀ।

## ਨਸ਼ਿਆਂ ’ਤੇ ਕਾਬੂ ਪਾਉਣ ’ਚ ‘ਆਪ’ ਸਰਕਾਰ ਫ਼ੇਲ੍ਹ

ਸੂਬੇ ਦੀ ਆਪ ਸਰਕਾਰ ਨਸ਼ਿਆਂ ਦੇ ਇਸ ਤੂਫਾਨ ਨੂੰ ਠੱਲ੍ਹਣ ਵਿੱਚ ਨਾਕਾਮ ਸਾਬਤ ਹੋਈ ਹੈ ਤੇ ਪਿਛਲੀਆਂ ਸਰਕਾਰਾਂ ਵਾਂਗ ਹੀ ਇਹ ਸਰਕਾਰ ਵੀ ਕੇਵਲ ਨਸ਼ਿਆਂ ਦੇ ਮੁੱਦੇ ’ਤੇ ਰਾਜਨੀਤੀ ਕਰਨ ਤੋਂ ਸਿਵਾਏ ਕੋਈ ਵੀ ਠੋਸ ਕਦਮ ਨਹੀਂ ਚੁੱਕ ਰਹੀ।



ਕਿਸਾਨਾਂ ਦੀ ਪ੍ਰਮੁੱਖ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਪੰਜਾਬ ਵਿਚ ਨਸ਼ਿਆਂ ਦੇ ਵਧ ਰਹੇ ਚਲਣ ਲਈ ਸਿਆਸੀ ਆਗੂਆਂ, ਪੁਲਿਸ ਅਧਿਕਾਰੀਆਂ ਅਤੇ ਗੈਂਗਸਟਰਾਂ ਦੇ ਆਪਸੀ ਗਠਜੋੜ ਨੂੰ ਸਿੱਧੇ ਤੌਰ ’ਤੇ ਜ਼ਿੰਮੇਵਾਰ ਦੱਸਦੇ ਹੋਏ ਕਿਹਾ ਕਿ ਜਿੰਨਾ ਚਿਰ ਇਸ ਗਠਜੋੜ ਨੂੰ ਤੋੜਨ ਲਈ ਸਖ਼ਤ ਕਦਮ ਨਹੀਂ ਚੁੱਕੇ ਜਾਂਦੇ ਤਦ ਤੱਕ ਪੰਜਾਬ ਦੀ ਜਵਾਨੀ ਇਸੇ ਤਰ੍ਹਾਂ ਮੌਤ ਦੇ ਮੂੰਹ ਵਿਚ ਜਾਂਦੀ ਰਹੇਗੀ । ਉਗਰਾਹਾਂ ਨੇ ਕਿਹਾ ਕਿ ਹਾਲ ਹੀ ਵਿੱਚ ਉਨ੍ਹਾਂ ਦੀ ਜਥੇਬੰਦੀ ਵਲੋਂ ਨਸ਼ਿਆਂ ਦੇ ਮੁੱਦੇ ’ਤੇ ਸਰਕਾਰ ਨੂੰ ਜਗਾਉਣ ਲਈ ਜ਼ਿਲ੍ਹਾ ਪੱਧਰ ’ਤੇ ਧਰਨੇ ਪ੍ਰਦਰਸ਼ਨ ਕੀਤੇ ਗਏ ਸਨ।

ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਮੁੱਖ ਮੰਤਰੀ ਭਗਵੰਤ ਮਾਨ ’ਤੇ ਸ਼ਬਦੀ ਹਮਲਾ ਸੇਧਦਿਆਂ ਕਿਹਾ ਕਿ ਰਾਜ ਚਲਾਉਣ ਵਾਲੇ ਸਿਰਫ਼ ਸੱਤਾ ਦੇ ਨਸ਼ੇ ਵਿੱਚ ਹਨ ਜਦਕਿ ਸੂਬਾ ਨਸ਼ੇ ਦੀ ਲਪੇਟ ਵਿੱਚ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਕਾਂਗਰਸ ਵੀ ਉਨ੍ਹਾਂ ਅੱਗੇ ਸਮਰਪਣ ਕਰ ਚੁੱਕੀ ਹੈ। ਜਾਖੜ ਨੇ ਪੰਜਾਬ ਪੁਲਿਸ ਦੀ ਸਹਾਇਤਾ ਨਾਲ ‘ਆਪ’ ਦੀ ਸਮਗਲਰਾਂ ਨਾਲ ਮਿਲੀਭੁਗਤ ਹੋਣ ਦਾ ਦੋਸ਼ ਲਗਾਇਆ ।ਜਾਖੜ ਨੇ ਜਲੰਧਰ ਪੁਲਿਸ ਦੇ ਅਧਿਕਾਰੀ ਦੇ ਫਿਰੋਜ਼ਪੁਰ ਖੇਤਰ ਵਿੱਚ ਹੈਰੋਇਨ ਸਮੇਤ ‘ਫੜੇ’ ਜਾਣ ਦੀ ਘਟਨਾ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਪੁਲਿਸ ਅਧਿਕਾਰੀਆਂ ਨੂੰ ਇੱਕ ਪਾਰਟੀ ਵਿੱਚ ਇੱਕ ਗੈਂਗਸਟਰ ਨਾਲ ਦੇਖਿਆ ਗਿਆ ਸੀ, ਪਰ ਕੋਈ ਕਾਰਵਾਈ ਨਹੀਂ ਹੋਈ। ਬਾਅਦ ਵਿੱਚ ਇਹ ਮਾਮਲਾ ਪੁਲਿਸ ਅਧਿਕਾਰੀਆਂ ਦੇ ਤਬਾਦਲੇ ਤੱਕ ਸੀਮਤ ਹੋ ਕੇ ਰਹਿ ਗਿਆ। ਪੰਜਾਬ ਭਾਜਪਾ ਪ੍ਰਧਾਨ ਨੇ ‘ਆਪ’ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਇਸ ਬਿਆਨ ਦਾ ਮਜ਼ਾਕ ਉਡਾਇਆ ਕਿ ਭਗਵੰਤ ਮਾਨ ਨਾਲੋਂ ਪੰਜਾਬ ਦਾ ਬਿਹਤਰ ਮੁੱਖ ਮੰਤਰੀ ਕਦੇ ਨਹੀਂ ਹੋਇਆ।

ਸ਼੍ਰੋਮਣੀ ਅਕਾਲੀ ਦਲ ਸੀਨੀਅਰ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਫਿਰੋਜ਼ਪੁਰ ਵਿੱਚ ਸਰਹੱਦ ਨੇੜਲੇ ਪਿੰਡ ਢਾਂਡੀਵਾਲ ਵਿੱਚ ਦੋ ਪੁਲਿਸ ਮੁਲਾਜ਼ਮ ਸ਼ੱਕੀ ਹਾਲਾਤ ਵਿੱਚ ਦਿਸਣ ਮਗਰੋਂ ਬੀਐੱਸਐੱਫ ਤੇ ਪਿੰਡਾਂ ਵਾਲਿਆਂ ਵੱਲੋਂ ਬਣਾਈ ਨਸ਼ੇ ਦੀ ਰੋਕਥਾਮ ਦੀ ਕਮੇਟੀ ਵੱਲੋਂ ਸਾਂਝੇ ਤੌਰ ’ਤੇ ਲਾਏ ਨਾਕੇ ’ਤੇ ਇਹਨਾਂ ਦੋਵਾਂ ਪੁਲਿਸ ਮੁਲਾਜ਼ਮਾਂ ਨੂੰ ਹੈਰੋਇਨ ਸਮੇਤ ਫੜਿਆ ਗਿਆ। ਉਹਨਾਂ ਕਿਹਾ ਕਿ ਹੈਰੋਇਨ ਕਾਰ ਦੇ ਬੋਨਟ ਹੇਠੋਂ ਫੜੀ ਗਈ। ਉਹਨਾਂ ਕਿਹਾ ਕਿ ਜਦੋਂ ਇਸ ਮਾਮਲੇ ਦੀ ਵੀਡੀਓ ਬਣਾਈ ਜਾ ਰਹੀ ਸੀ ਤਾਂ ਪੁਲਿਸ ਮੁਲਾਜ਼ਮਾਂ ਨੇ ਆਪਣੇ ਚੇਹਰੇ ਛੁਪਾਉਣ ਦੀ ਕੋਸ਼ਿਸ਼ ਕੀਤੀ ।ਉਹਨਾਂ ਕਿਹਾ ਕਿ ਇਕ ਪਾਸੇ ਤਾਂ ਫਿਰੋਜ਼ਪੁਰ ਪੁਲਿਸ ਦੇ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਜਲੰਧਰ ਦੇ ਦੋ ਪੁਲਿਸ ਅਧਿਕਾਰੀ ਦੋ ਕਿਲੋ ਹੈਰੋਇਨ ਨਾਲ ਫੜੇ ਗਏ ਹਨ ਪਰ ਐੱਸਐੱਸਪੀ ਮੁਖਵਿੰਦਰ ਸਿੰਘ ਭੁੱਲਰ ਦਾਅਵੇ ਕਰ ਰਹੇ ਹਨ ਕਿ 9 ਸਤੰਬਰ ਨੂੰ ਫੜੇ ਗਏ ਨਸ਼ਾ ਤਸਕਰ ਮਲਕੀਤ ਸਿੰਘ ਕਾਲੀ ਨੇ ਇਸ 2 ਕਿਲੋ ਹੈਰੋਇਨ ਬਾਰੇ ਦੱਸਿਆ ਸੀ ਤੇ ਪੁਲਿਸ ਮੁਲਾਜ਼ਮ (**ਬਾਕੀ ਸਫ਼ਾ 30 ’ਤੇ**)

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital
DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com


# ਵਿਰੋਧੀ ਧਿਰਾਂ ਵੱਲੋਂ 14 ਪੱਤਰਕਾਰਾਂ ਦੇ ਬਾਈਕਾਟ ਨੇ ਗਰਮਾਈ ਸਿਆਸਤ

## 'ਇੰਡੀਆ' ਗਠਜੋੜ ਦੇ ਫ਼ੈਸਲੇ ਨਾਲ ਮੀਡੀਆ ਜਗਤ 'ਚ ਆਇਆ ਭੂਚਾਲ

## ਆਪਣੀ ਭਰੋਸੇਯੋਗਤਾ ਗੁਆ ਚੁੱਕੇ ਹਨ ਕਈ ਟੀ.ਵੀ. ਚੈਨਲ





ਪਟਿਆਲਾ/ਏ.ਟੀ.ਨਿਊਜ਼: ਭਾਰਤ ਵਿਚ ਵੱਖ- ਵੱਖ ਸਿਆਸੀ ਪਾਰਟੀਆਂ (ਵਿਰੋਧੀ ਧਿਰ) ਦੇ ਗਠਜੋੜ 'ਇੰਡੀਆ' ਵੱਲੋਂ ਅਚਾਨਕ ਵੱਡਾ ਫੈਸਲਾ ਕਰਦਿਆਂ ਵੱਖ- ਵੱਖ ਟੀ.ਵੀ. ਚੈਨਲਾਂ ਦੇ 14 ਪੱਤਰਕਾਰਾਂ/ਐਂਕਰਾਂ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ ਗਿਆ ਹੈ, ਜਿਸ ਨਾਲ ਜਿਥੇ ਮੀਡੀਆ ਜਗਤ ਵਿੱਚ ਭੂਚਾਲ ਆ ਗਿਆ ਹੈ, ਉਥੇ ਇਸ ਵਿਰੋਧੀ ਧਿਰ ਦੇ ਇਸ ਫੈਸਲੇ ਨਾਲ ਭਾਰਤ ਦੀ ਸਿਆਸਤ ਵੀ ਗਰਮਾਅ ਗਈ ਹੈ। ਇਸ ਸਬੰਧੀ ਵੱਖ- ਵੱਖ ਵਿਦਵਾਨਾਂ, ਸੱਤਾ ਪੱਖੀ ਅਤੇ ਸੱਤਾ ਵਿਰੋਧੀ ਪੱਤਰਕਾਰਾਂ/ਵਿਦਵਾਨਾਂ/ਕਾਲਮ ਨਵੀਸਾਂ ਵਿਚਾਲੇ ਵੀ ਬਹਿਸ ਸ਼ੁਰੂ ਹੋ ਗਈ ਹੈ। ਭਾਜਪਾ ਦੀ ਮੋਦੀ ਸਰਕਾਰ ਵੱਲੋਂ ਵੀ ਵਿਰੋਧੀ ਧਿਰ ਦੇ ਇਸ ਫ਼ੈਸਲੇ ਦੀ ਆਲੋਚਨਾ ਕਰਦਿਆਂ ਇਸ ਨੂੰ ਗੈਰਲੋਕਤੰਤਰੀ ਕਿਹਾ ਹੈ। ਸਬੰਧਿਤ ਪੱਤਰਕਾਰਾਂ ਨੇ ਇਸ ਨੂੰ ਐਮਰਜੈਂਸੀ ਵਾਲਾ ਕਦਮ ਦਸਿਆ ਹੈ, ਜਦੋਂ ਕਿ ਵਿਰੋਧੀ ਧਿਰ ਸਪਸ਼ਟ ਕਹਿ ਰਹੀ ਹੈ ਕਿ ਜਿਹਨਾਂ ਐਂਕਰਾਂ/ਟੀ.ਵੀ.ਚੈਨਲਾਂ ਦਾ ਬਾਈਕਾਟ ਕੀਤਾ ਗਿਆ ਹੈ, ਉਹ ਸੱਤਾਧਾਰੀ ਧਿਰ ਵੱਲ ਬੇਲੋੜੇ ਝੁਕੇ ਹੋਏ ਹਨ ਅਤੇ ਇੱਕ ਤਰਾਂ ਸੱਤਾਧਾਰੀ ਧਿਰ ਦੇ ਭੋਂਪੂ ਬਣੇ ਹੋਏ ਹਨ।

ਮੀਡੀਆ ਜਗਤ ਦੇ ਮਹਾਂਰਥੀ ਅਤੇ ਸਿਆਸੀ ਮਾਹਿਰ ਵੀ ਇਸ ਵਿਵਾਦ ਵਿੱਚ ਚਰਚਾ ਕਰਦੇ ਹੋਏ ਕਹਿੰਦੇ ਹਨ ਕਿ ਵਿਰੋਧੀ ਧਿਰ ਵੱਲੋਂ ਬਾਈਕਾਟ ਦਾ ਫੈਸਲਾ 14 ਪੱਤਰਕਾਰਾਂ/ਐਂਕਰਾਂ ਖ਼ਿਲਾਫ਼ ਲਿਆ ਗਿਆ ਹੈ, ਨਾ ਕਿ ਟੀ.ਵੀ. ਚੈਨਲਾਂ ਖ਼ਿਲਾਫ਼। ਦੂਜੇ ਪਾਸੇ ਵਿਰੋਧੀ ਧਿਰ ਨੇ ਪੱਤਰਕਾਰਾਂ ਦੇ ਨਾਲ ਕੁਝ ਨਿਊਜ਼ ਚੈਨਲਾਂ ਖ਼ਿਲਾਫ਼ ਵੀ ਅਜਿਹਾ ਫੈਸਲਾ ਲਿਆ ਹੈ, ਜਿਹਨਾਂ ਨਾਲ ਇਹ ਪੱਤਰਕਾਰ ਸਬੰਧਿਤ ਹਨ। ਹੁਣ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਖਰ ਅਜਿਹਾ ਕੀ ਹੋ ਗਿਆ ਕਿ ਵਿਰੋਧੀ ਗਠਜੋੜ ਇੰਡੀਆ ਨੂੰ ਇਹਨਾਂ ਪੱਤਰਕਾਰਾਂ ਦੇ ਬਾਈਕਾਟ ਵਰਗਾ ਵੱਡਾ ਫ਼ੈਸਲਾ ਲੈਣ ਲਈ ਮਜ਼ਬੂਰ ਹੋਣ ਪਿਆ?

ਭਾਰਤ ਦੀ ਸੱਤਾਧਾਰੀ ਸਿਆਸੀ ਪਾਰਟੀ ਭਾਜਪਾ ਕਹਿ ਰਹੀ ਹੈ ਕਿ ਵਿਰੋਧੀ ਧਿਰ ਪੱਤਰਕਾਰਾਂ ਦੇ ਸਵਾਲਾਂ ਤੋਂ ਭੱਜ ਰਹੀ ਹੈ, ਜਦੋਂ ਕਿ ਵਿਰੋਧੀ ਧਿਰ ਕਹਿ ਰਹੀ ਹੈ ਕਿ ਭਾਜਪਾ ਨੇ ਬਹੁਤ ਸਮਾਂ ਐਨ. ਡੀ. ਟੀ. ਵੀ. ਦਾ ਬਾਈਕਾਟ ਕਰੀ ਰਖਿਆ, ਜਦੋਂ ਤਕ ਉਸ ਨੂੰ ਅਡਾਨੀ ਸਮੂਹ ਨੇ ਖਰੀਦਿਆ ਨਹੀਂ ਸੀ। ਇਸ ਤੋਂ ਇਲਾਵਾ ਵਿਰੋਧੀ ਧਿਰ ਇਹ ਵੀ ਦੋਸ਼ ਲਗਾ ਰਹੀ ਹੈ ਕਿ ਤਮਿਲਨਾਡੂ ਦੇ ਕਈ ਚੈਨਲ ਕਿਸੇ ਸਿਆਸੀ ਦਲ ਵੱਲੋਂ ਕੰਟਰੋਲ ਨਹੀਂ ਕੀਤੇ ਜਾਂਦੇ ਪਰ ਉਹਨਾਂ ਚੈਨਲਾਂ ਦਾ ਭਾਜਪਾ ਨੇ ਬਾਈਕਾਟ ਕੀਤਾ ਹੋਇਆ ਹੈ, ਜਦੋਂਕਿ ਦਰਸ਼ਕਾਂ ਵਿੱਚ ਉਹਨਾਂ ਚੈਨਲਾਂ ਦਾ ਚੰਗਾ ਆਧਾਰ ਮੰਨਿਆ ਜਾ ਰਿਹਾ ਹੈ।

ਕੁਝ ਸਿਆਸੀ ਮਾਹਿਰ ਕਹਿੰਦੇ ਹਨ ਕਿ ਜੇ ਵਿਰੋਧੀ ਧਿਰ ਚੁੱਪਚਾਪ ਇਹਨਾਂ ਪੱਤਰਕਾਰਾਂ ਦਾ ਬਾਈਕਾਟ ਕਰ ਦਿੰਦੀ ਤਾਂ ਏਨਾ ਵਿਵਾਦ ਨਹੀਂ ਸੀ ਪੈਦਾ ਹੋਣਾ, ਪਰ ਵਿਰੋਧੀ ਧਿਰ ਨੇ ਇਸ ਮੁੱਦੇ ਨੂੰ ਚਰਚਾ ਵਿੱਚ ਲਿਆਉਣ ਲਈ ਹੀ ਜਨਤਕ ਤੌਰ 'ਤੇ 14 ਪੱਤਰਕਾਰਾਂ/ਐਂਕਰਾਂ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ। ਇਸ ਫੈਸਲੇ ਤੋਂ ਬਾਅਦ ਹਰ ਪਾਸੇ ਹਲਚਲ ਮੱਚ ਗਈ। ਅਸਲ ਵਿੱਚ ਵਿਰੋਧੀ ਧਿਰ ਸਭ ਦਾ ਧਿਆਨ ਗੋਦੀ ਮੀਡੀਆ ਵੱਲ ਲਿਆਉਣਾ ਚਾਹੀਦੀ ਸੀ, ਜਿਸ ਵਿੱਚ ਉਹ ਸਫ਼ਲ ਰਹੀ। ਵਿਰੋਧੀ ਧਿਰ ਨੇ ਕੁਝ ਚੈਨਲਾਂ ਦੀ ਪੱਖਪਾਤੀ ਨੀਤੀ ਅਤੇ ਸੱਤਾਧਾਰੀ ਧਿਰ ਦੇ ਗੁਣਗਾਣ ਨੂੰ ਵੱਡਾ ਮੁੱਦਾ ਲਿਆ ਕੇ ਸਿਆਸਤ ਵਿੱਚ ਗਰਮੀ ਲਿਆ ਦਿਤੀ ਹੈ ਅਤੇ ਇਸ ਮੁੱਦੇ ਨੂੰ ਹੁਣ ਲੋਕਾਂ/ਵੋਟਰਾਂ ਦੀ ਕਚਹਿਰੀ ਵਿੱਚ ਲੈ ਆਂਦਾ ਹੈ। ਸਿਆਸੀ ਮਾਹਿਰਾਂ ਅਨੁਸਾਰ ਵਿਰੋਧੀ ਧਿਰ ਦੇ ਇਸ ਇਲਜ਼ਾਮ ਵਿੱਚ ਸੱਚਾਈ ਹੈ ਕਿ ਕੁਝ

(ਬਾਕੀ ਸਫ਼ਾ 29 'ਤੇ)

### ਕੀ ਗੋਦੀ ਮੀਡੀਆ ਨੂੰ ਪਵੇਗੀ ਨੱਥ ?

ਵਿਰੋਧੀ ਧਿਰ ਦੇ ਇਸ ਇਲਜ਼ਾਮ ਵਿੱਚ ਭਾਵੇਂ ਸੱਚਾਈ ਵਿਖਾਈ ਦਿੰਦੀ ਹੈ ਕਿ ਕੁਝ ਟੀ.ਵੀ. ਚੈਨਲ ਗੋਦੀ ਮੀਡੀਆ ਵਾਲੀ ਭੂਮਿਕਾ ਨਿਭਾਅ ਰਹੇ ਹਨ ਅਤੇ ਉਹ ਸਿਰਫ਼ ਸਰਕਾਰ ਦਾ ਪੱਖ ਪੇਸ਼ ਕਰ ਰਹੇ ਹਨ, ਪਰ ਇਥੇ ਇਹ ਗਲ ਜ਼ਿਕਰਯੋਗ ਹੈ ਕਿ ਕੁਝ ਚੈਨਲ ਪੂਰੀ ਤਰਾਂ ਮੋਦੀ ਸਰਕਾਰ ਦਾ ਗੁਣਗਾਣ ਕਰਦੇ ਹਨ ਅਤੇ ਪੱਕੇ ਤੌਰ 'ਤੇ ਭਾਜਪਾ ਨਾਲ ਜੁੜੇ ਹੋਏ ਹਨ, ਜਦੋਂਕਿ ਕੁਝ ਚੈਨਲ ਸਿਰਫ਼ ਇਸ ਕਰਕੇ ਮੋਦੀ ਸਰਕਾਰ ਦੇ ਗੁਣ ਗਾ ਰਹੇ ਹਨ ਕਿ ਉਹਨਾਂ ਨੇ ਤਾਂ ਸਰਕਾਰ ਦੀ ਬੋਲੀ ਹੀ ਬੋਲਣੀ ਹੈ। ਅਜਿਹੇ ਚੈਨਲ ਦੇਸ਼ ਵਿੱਚ ਜਿਸ ਵੀ ਪਾਰਟੀ ਦੀ ਸਰਕਾਰ ਬਣੇ, ਉਸੇ ਪਾਰਟੀ ਦੇ ਬੁਲਾਰੇ ਬਣ ਜਾਂਦੇ ਹਨ। ਇਸ ਤਰਾਂ ਅਜਿਹੇ ਚੈਨਲਾਂ ਅਤੇ ਹੋਰ ਚੈਨਲਾਂ ਵਿੱਚ ਵੀ ਵਖਰੇਂਵਾ ਹੁੰਦਾ ਹੈ। ਜੇ ਆਉਣ ਸਮੇਂ ਵਿੱਚ ਕਿਸੇ ਹੋਰ ਪਾਰਟੀ ਦੀ ਸਰਕਾਰ ਭਾਰਤ ਵਿੱਚ ਬਣ ਜਾਂਦੀ ਹੈ ਤਾਂ ਇਹਨਾਂ ਚੈਨਲਾਂ ਨੇ ਟਪੂਸੀ ਮਾਰ ਕੇ ਉਸ ਪਾਰਟੀ ਦੇ ਵਿਹੜੇ ਵਿੱਚ ਚਲੇ ਜਾਣਾ ਹੈ ਤੇ ਫਿਰ ਉਸ ਪਾਰਟੀ ਦਾ ਗੁਣਗਾਣ ਸ਼ੁਰੂ ਕਰ ਦੇਣਾ ਹੈ।

ਭਾਰਤ ਵਿੱਚ ਜੋ ਗੋਦੀ ਮੀਡੀਆ ਦਾ ਰੁਝਾਨ ਵੱਧ ਰਿਹਾ ਹੈ, ਉਹ ਚਿੰਤਾਜਨਕ ਹੈ। ਮੀਡੀਆ ਚੈਨਲਾਂ ਨੂੰ ਚਾਹੀਦਾ ਹੈ ਕਿ ਉਹ ਨਿਰਪੱਖ ਹੋ ਕੇ ਆਪਣੀ ਜ਼ਿੰਮੇਵਾਰੀ ਨਿਭਾਉਣ।

### ਲੋਕ ਸਭਾ ਚੋਣਾਂ ਵਿੱਚ ਬਣੇਗਾ ਵੱਡਾ ਮੁੱਦਾ

ਜਿਵੇਂ- ਜਿਵੇਂ ਲੋਕ ਸਭਾ ਚੋਣਾਂ ਹੋਣ ਦਾ ਸਮਾਂ ਨੇੜੇ ਆ ਰਿਹਾ ਹੈ, ਉਸੇ ਹਿਸਾਬ ਨਾਲ ਸਿਆਸੀ ਸਰਗਰਮੀਆਂ ਵੱਧ ਰਹੀਆਂ ਹਨ, ਹੁਣ ਵਿਰੋਧੀ ਧਿਰ ਵੱਲੋਂ ਕੁਝ ਪੱਤਰਕਾਰਾਂ ਦੇ ਬਾਈਕਾਟ ਕਾਰਨ ਸਿਆਸਤ ਵਿੱਚ ਨਵਾਂ ਮੁੱਦਾ ਉਭਰ ਆਇਆ ਹੈ, ਜਿਸਦੇ ਲੋਕ ਸਭਾ ਚੋਣਾਂ ਵਿੱਚ ਵੀ ਵੱਡਾ ਮੁੱਦਾ ਬਣਨ ਦੀ ਸੰਭਾਵਨਾ ਦਿਖਾਈ ਦੇ ਰਹੀ ਹੈ। ਹੁਣ ਵੇਖਣ ਵਾਲੀ ਗਲ ਇਹ ਹੈ ਕਿ ਇਸ ਮਾਮਲੇ ਨੂੰ ਸਰਕਾਰ ਅਤੇ ਭਾਜਪਾ ਕਿਸ ਤਰਾਂ ਲੈਂਦੀਆਂ ਹਨ ਅਤੇ ਵਿਰੋਧੀ ਧਿਰ ਇਸ ਸਬੰਧੀ ਹੋਰ ਕੀ ਰੁਖ ਅਖਤਿਆਰ ਕਰਦੀ ਹੈ। ਸਿਆਸੀ ਪਾਰਟੀਆਂ ਵੱਲੋਂ ਇੱਕ ਦੋ ਚੈਨਲਾਂ ਦਾ ਬਾਈਕਾਟ ਕਰਨ ਦੇ ਫੈਸਲੇ ਪਹਿਲਾਂ ਵੀ ਹੁੰਦੇ ਰਹੇ ਹਨ, ਪਰ ਏਨੀ ਗਿਣਤੀ ਵਿੱਚ ਪੱਤਰਕਾਰਾਂ /ਚੈਨਲਾਂ ਦੇ ਬਾਈਕਾਟ ਦਾ ਫ਼ੈਸਲਾ ਪਹਿਲੀ ਵਾਰ ਕੀਤਾ ਗਿਆ ਹੈ, ਜਿਸ ਕਰਕੇ ਇਸ ਦੀ ਚਰਚਾ ਹਰ ਪਾਸੇ ਹੋ ਰਹੀ ਹੈ। ਦਿਨੋਂ-ਦਿਨ ਇਸ ਮੁੱਦੇ 'ਤੇ ਬਹਿਸ ਤੇਜ਼ ਹੁੰਦੀ ਜਾ ਰਹੀ ਹੈ।

### ਰਾਜੀਵ ਗਾਂਧੀ ਸਰਕਾਰ ਵੇਲੇ 'ਦੂਰਦਰਸ਼ਨ' ਦੀ ਸਥਿਤੀ

ਪਾਠਕਾਂ/ਦਰਸ਼ਕਾਂ ਨੂੰ ਯਾਦ ਹੋਵੇਗਾ ਕਿ ਜਦੋਂ ਭਾਰਤ ਵਿੱਚ ਰਾਜੀਵ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਸੀ, ਤਾਂ ਉਸ ਸਮੇਂ ਭਾਰਤ ਵਿੱਚ ਸਿਰਫ਼ ਇੱਕ ਹੀ ਚੈਨਲ 'ਦੂਰਦਰਸ਼ਨ' ਹੁੰਦਾ ਸੀ। ਉਸ ਸਮੇਂ ਅਕਸਰ ਵਿਰੋਧੀ ਧਿਰ ਇਤਰਾਜ਼ ਕਰਦੀ ਸੀ ਕਿ ਦੂਰਦਰਸ਼ਨ 'ਤੇ ਤਾਂ ਸਿਰਫ ਹਰ ਵੇਲੇ ਰਾਜੀਵ ਗਾਂਧੀ ਸਰਕਾਰ ਦਾ ਗੁਣਗਾਣ ਕੀਤਾ ਜਾਂਦਾ ਹੈ ਅਤੇ ਵਿਰੋਧੀ ਧਿਰਾਂ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਜਾਂਦੀ। ਸ਼ਾਇਦ ਇਸੇ ਕਰਕੇ ਕੁਝ ਵਿਅੰਗਕਾਰ ਉਸ ਸਮੇਂ ਕਹਿੰਦੇ ਸਨ ਕਿ ਲੋਕਾਂ ਨੂੰ ਦੂਰਦਰਸ਼ਨ ਵੇਖਣ ਲਈ ਟੀ. ਵੀ. ਚਾਲੂ ਕਰਨ ਦੀ ਥਾਂ ਟੀ. ਵੀ. ਦੀ ਸਕਰੀਨ 'ਤੇ ਰਾਜੀਵ ਗਾਂਧੀ ਦੀ ਫੋਟੋ ਹੀ ਚਿਪਕਾ ਦੇਣੀ ਚਾਹੀਦੀ ਹੈ। ਉਸ ਸਮੇਂ ਜੋ ਹਾਲ ਦੂਰਦਰਸ਼ਨ ਦਾ ਹੋਇਆ ਸੀ, ਅੱਜ ਦੇ ਸਮੇਂ ਵਿੱਚ ਉਹੀ ਹਾਲ ਕੁਝ ਚੈਨਲਾਂ ਦਾ ਹੋਇਆ ਹੈ। ਅੱਜ ਦੇ ਸਮੇਂ ਭਾਵੇਂ ਪ੍ਰਾਈਵੇਟ ਚੈਨਲਾਂ ਦਾ ਦੌਰ ਹੈ ਪਰ ਇਤਿਹਾਸ ਤਾਂ ਆਪਣੇ ਆਪ ਨੂੰ ਦੁਹਰਾਅ ਰਿਹਾ ਪ੍ਰਤੀਕ ਹੋ ਰਿਹਾ ਹੈ।

# ਅਖ਼ਬਾਰਾਂ ਵਿੱਚ ਪਾਠਕਾਂ ਦਾ ਭਰੋਸਾ ਬਰਕਰਾਰ : ਮਾਹਿਰ

## ਭਾਰਤੀ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਹੋਣ ਵਾਲੀਆਂ ਅਖ਼ਬਾਰਾਂ ਦਾ ਤੇਜ਼ੀ ਨਾਲ ਹੋਇਆ ਵਿਕਾਸ



ਟੈਕਨੌਲੋਜੀ ਅਤੇ ਡਿਜੀਟਲ ਮੀਡੀਆ ਦੇ ਵਧਣ ਨਾਲ ਭਾਰਤ ਵਿੱਚ ਅਖ਼ਬਾਰਾਂ ਦੇ ਭਵਿੱਖ ਨੂੰ ਲੈ ਕੇ ਲੰਬੇ ਸਮੇਂ ਤੋਂ ਚਿੰਤਾ ਕੀਤੀ ਜਾ ਰਹੀ ਹੈ, ਪਰ ਅਸਲੀਅਤ ਇਸ ਦੇ ਬਿਲਕੁਲ ਉਲਟ ਹੈ। ਕੋਰੋਨਾ ਤੋਂ ਬਾਅਦ ਅਖ਼ਬਾਰਾਂ ਦੀ ਮੰਗ ਹੋਰ ਵਧ ਗਈ ਹੈ। ਉਹ ਨਾ ਸਿਰਫ਼ ਲੋਕਾਂ ਦੀ ਆਵਾਜ਼ ਨੂੰ ਜ਼ੋਰਦਾਰ ਢੰਗ ਨਾਲ ਉਠਾ ਰਹੇ ਹਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਦੁਨੀਆ ਦੇ ਸਾਹਮਣੇ ਲਿਆ ਰਹੇ ਹਨ, ਸਗੋਂ ਸੰਸਥਾਵਾਂ ਦੇ ਮੁਨਾਫ਼ੇ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਵੀ ਵਧੇ ਹਨ। ਇਹ ਗੱਲ 'ਪੀਐਚਡੀ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ' ਦੇ ਪਹਿਲੇ ਮੀਡੀਆ ਸੰਮੇਲਨ ਵਿੱਚ ਸਾਹਮਣੇ ਆਈ।

ਨਵੀਂ ਦਿੱਲੀ ਵਿੱਚ ਪੀ.ਐਚ.ਡੀ.ਸੀ.ਸੀ.ਆਈ. ਦੀ ਮੀਡੀਆ ਅਤੇ ਸੰਚਾਰ ਕਮੇਟੀ ਦੁਆਰਾ ਆਯੋਜਿਤ ਇਸ ਸਮਾਗਮ ਵਿੱਚ ਉਦਯੋਗ ਮਾਹਿਰਾਂ, ਪੱਤਰਕਾਰਾਂ, ਤਕਨੀਕੀ ਖੋਜਕਾਰਾਂ ਅਤੇ ਨੀਤੀ ਨਿਰਮਾਤਾਵਾਂ ਨੇ ਹਿੱਸਾ ਲਿਆ।

ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਸਕੱਤਰ ਅਪੂਰਵ ਚੰਦਰਾ, ਪੀ.ਐਚ.ਡੀ.ਸੀ.ਸੀ.ਆਈ. ਦੇ ਪ੍ਰਧਾਨ ਸਾਕੇਤ ਡਾਲਮੀਆ ਅਤੇ ਕਾਰਜਕਾਰੀ ਨਿਰਦੇਸ਼ਕ ਡਾ: ਰਣਜੀਤ ਮਹਿਤਾ, ਦੈਨਿਕ ਭਾਸਕਰ ਗਰੁੱਪ ਦੇ ਡਿਪਟੀ ਮੈਨੇਜਿੰਗ ਡਾਇਰੈਕਟਰ ਅਤੇ ਪੀ.ਐਚ.ਡੀ.ਸੀ.ਸੀ.ਆਈ.ਮੀਡੀਆ ਐਂਡ ਕਮਿਊਨੀਕੇਸ਼ਨ ਕਮੇਟੀ ਦੇ ਚੇਅਰਮੈਨ ਪਵਨ ਅਗਰਵਾਲ, ਟਾਈਮਜ਼ ਗਰੁੱਪ ਦੇ ਸੀਈਓ ਮੋਹਿਤ ਜੈਨ ਨੇ ਦੀਪ ਜਗਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। .

ਇਸ ਦੌਰਾਨ ਮਾਹਿਰਾਂ ਨੇ ਦੱਸਿਆ ਕਿ ਭਾਰਤ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਅਖ਼ਬਾਰ ਬਾਜ਼ਾਰ ਹੈ। ਜਿੱਥੇ ਰੋਜ਼ਾਨਾ 1 ਲੱਖ ਤੋਂ ਵੱਧ ਅਖ਼ਬਾਰ ਰਜਿਸਟਰਡ ਹਨ ਅਤੇ 24 ਕਰੋੜ ਤੋਂ ਵੱਧ ਕਾਪੀਆਂ ਪ੍ਰਕਾਸ਼ਤ ਹੁੰਦੀਆਂ ਹਨ। 22 ਭਾਰਤੀ ਭਾਸ਼ਾਵਾਂ ਵਿੱਚ ਛਪਦੀਆਂ ਅਖ਼ਬਾਰਾਂ ਆਮ ਆਦਮੀ ਦੀ ਆਵਾਜ਼ ਬੁਲੰਦ ਕਰ ਰਹੀਆਂ ਹਨ।

ਸਰਕੂਲੇਸ਼ਨ ਦੇ ਮਾਮਲੇ ਵਿੱਚ ਹਿੰਦੀ ਅਖ਼ਬਾਰ ਸਿਖਰ 'ਤੇ ਹਨ, ਦੂਜੇ ਸਥਾਨ 'ਤੇ ਅੰਗਰੇਜ਼ੀ ਅਖ਼ਬਾਰ ਅਤੇ ਤੀਜੇ ਸਥਾਨ 'ਤੇ ਤੇਲਗੂ ਅਖ਼ਬਾਰ ਹਨ। ਇਨ੍ਹਾਂ ਤੋਂ ਇਲਾਵਾ ਗੁਜਰਾਤੀ, ਬੰਗਾਲੀ, ਮਲਿਆਲਮ, ਕੰਨੜ, ਮਰਾਠੀ, ਤਾਮਿਲ, ਪੰਜਾਬੀ, ਉੜੀਆ, ਅਸਾਮੀ ਅਤੇ ਉਰਦੂ ਦੇ ਅਖ਼ਬਾਰ ਵੀ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਹੁੰਦੇ ਹਨ।

ਇਸ ਦੌਰਾਨ ਪੀ.ਐਚ.ਡੀ.ਸੀ.ਸੀ.ਆਈ. ਦੇ ਪ੍ਰਧਾਨ ਸਾਕੇਤ ਡਾਲਮੀਆ ਨੇ ਕਿਹਾ ਕਿ ਅੱਜ ਮੀਡੀਆ ਨਾ ਸਿਰਫ਼ ਜਾਣਕਾਰੀ ਦੇ ਰਿਹਾ ਹੈ, ਸਗੋਂ ਲੋਕਾਂ ਦੇ ਜੀਵਨ ਢੰਗ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਉਨ੍ਹਾਂ ਮੀਡੀਆ ਨੂੰ ਦਰਪੇਸ਼ ਇਨ੍ਹਾਂ ਚੁਨੌਤੀਆਂ ਬਾਰੇ ਗੱਲ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਦੈਨਿਕ ਭਾਸਕਰ ਸਮੂਹ ਦੇ ਡਿਪਟੀ ਮੈਨੇਜਿੰਗ ਡਾਇਰੈਕਟਰ ਪਵਨ ਅਗਰਵਾਲ ਨੇ ਕਿਹਾ ਕਿ ਕੋਵਿਡ ਤੋਂ ਬਾਅਦ ਭਾਰਤੀ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਅਖ਼ਬਾਰਾਂ ਨੇ ਤੇਜ਼ੀ ਨਾਲ ਤਰੱਕੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕੋਵਿਡ ਤੋਂ ਬਾਅਦ ਭਾਰਤੀ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਅਖ਼ਬਾਰਾਂ ਨੇ ਨਾ ਸਿਰਫ਼ ਤੇਜ਼ੀ ਨਾਲ ਤਰੱਕੀ ਕੀਤੀ ਹੈ ਸਗੋਂ ਨਵੀਂ ਪੀੜ੍ਹੀ ਨੂੰ ਵੀ ਜੋੜਿਆ ਹੈ। ਉਨ੍ਹਾਂ ਕਿਹਾ ਕਿ ਜਾਅਲੀ ਖ਼ਬਰਾਂ ਅਤੇ ਸੂਚਨਾਵਾਂ ਦੇ ਹੜ੍ਹ ਦਰਮਿਆਨ ਅਖ਼ਬਾਰ ਅਜੇ ਵੀ ਸਭ ਤੋਂ ਭਰੋਸੇਮੰਦ ਮਾਧਿਅਮ ਹਨ।

ਅਪੂਰਵ ਚੰਦਰਾ ਨੇ ਕਿਹਾ ਕਿ ਅੰਗਰੇਜ਼ੀ ਵੱਲ ਰੁਝਾਨ ਹੋਣ ਦੇ ਬਾਵਜੂਦ ਦੇਸ਼ ਦੀਆਂ ਚੋਟੀ ਦੀਆਂ 10 ਵੱਡੀਆਂ ਅਖ਼ਬਾਰਾਂ ਵਿੱਚੋਂ ਜ਼ਿਆਦਾਤਰ ਸਥਾਨਕ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਹੁੰਦੀਆਂ ਹਨ। ਅੰਗਰੇਜ਼ੀ ਅਖ਼ਬਾਰ ਸਰਕੂਲੇਸ਼ਨ ਦੇ ਮਾਮਲੇ ਵਿੱਚ ਉਨ੍ਹਾਂ ਤੋਂ ਬਹੁਤ ਪਿੱਛੇ ਹਨ। ਸਰਕਾਰ ਇਹ ਵੀ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਦੇਸ਼ ਵਿੱਚ ਹੋ ਰਹੇ ਵਿਕਾਸ ਕਾਰਜਾਂ ਬਾਰੇ ਆਮ ਲੋਕ ਆਪਣੀ ਭਾਸ਼ਾ ਵਿੱਚ ਜਾਣਕਾਰੀ ਪ੍ਰਾਪਤ ਕਰ ਸਕਣ।

ਦੈਨਿਕ ਭਾਸਕਰ ਗਰੁੱਪ ਦੇ ਡਾਇਰੈਕਟਰ ਗਿਰੀਸ਼ ਅਗਰਵਾਲ ਨੇ ਕਿਹਾ ਕਿ ਕੋਵਿਡ-19 ਦੇ 18 ਮਹੀਨਿਆਂ ਦੌਰਾਨ ਪੱਤਰਕਾਰਾਂ ਨੇ ਪਾਠਕਾਂ ਤੱਕ ਖ਼ਬਰਾਂ ਪਹੁੰਚਾਉਣ ਲਈ ਆਪਣੀ ਜਾਨ ਖ਼ਤਰੇ ਵਿੱਚ ਪਾਈ।

ਉਨ੍ਹਾਂ ਕਿਹਾ ਕਿ ਜਿਵੇਂ ਹੀ ਤਾਲਾਬੰਦੀ ਤੋਂ ਬਾਅਦ ਬਾਜ਼ਾਰ ਖੁੱਲ੍ਹਿਆ, ਖੇਤਰੀ ਅਖ਼ਬਾਰਾਂ 15 ਦਿਨਾਂ ਦੇ ਅੰਦਰ ਪਟੜੀ 'ਤੇ ਵਾਪਸ ਆ ਗਈਆਂ। ਕੋਵਿਡ -19 ਦੇ 18 ਮਹੀਨਿਆਂ ਦੌਰਾਨ, ਪੱਤਰਕਾਰਾਂ ਨੇ ਪਾਠਕਾਂ ਤੱਕ ਖ਼ਬਰਾਂ ਪਹੁੰਚਾਉਣ ਲਈ ਆਪਣੀ ਜਾਨ ਜੋਖਮ ਵਿੱਚ ਪਾ ਦਿੱਤੀ। ਜਿਸ ਕਾਰਨ ਸੰਸਥਾਵਾਂ ਦਾ ਮੁਨਾਫ਼ਾ ਕੋਵਿਡ ਤੋਂ ਪਹਿਲਾਂ ਨਾਲੋਂ ਵੱਧ ਗਿਆ ਹੈ। ਭਾਰਤੀ ਭਾਸ਼ਾਵਾਂ ਵਿੱਚ ਛਪਦੀਆਂ ਅਖ਼ਬਾਰਾਂ

(ਬਾਕੀ ਸਫ਼ਾ 29 'ਤੇ)

# 1992 ਦੇ ਝੂਠੇ ਪੁਲਿਸ ਮੁਕਾਬਲੇ 'ਚ 3 ਪੁਲਿਸ ਵਾਲਿਆਂ ਨੂੰ ਉਮਰ ਕੈਦ

ਐਸ. ਏ. ਐਸ. ਨਗਰ (ਮੋਹਾਲੀ)/ ਏ.ਟੀ.ਨਿਊਜ਼ : 1992 ਵਿੱਚ ਪੰਜਾਬ ਪੁਲਿਸ ਦੇ ਝੂਠੇ ਮੁਕਾਬਲੇ ਵਿੱਚ ਮਾਰੇ ਗਏ ਹਰਜੀਤ ਸਿੰਘ ਕੇਸ ਵਿੱਚ ਤਿੰਨ ਸਾਬਕਾ ਪੁਲਿਸ ਵਾਲਿਆਂ ਨੂੰ ਉਮਰ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਈ ਗਈ।

ਮੋਹਾਲੀ ਦੀ ਸੀ.ਬੀ.ਆਈ. ਅਦਾਲਤ ਨੇ ਪੁਲਿਸ ਦੇ ਤਿੰਨ ਸਾਬਕਾ ਕਰਮਚਾਰੀਆਂ ਧਰਮ ਸਿੰਘ (ਰਿਟਾ. ਡੀ.ਐੱਸ.ਪੀ.), ਸੁਰਿੰਦਰ ਸਿੰਘ ਅਤੇ ਗੁਰਦੇਵ ਸਿੰਘ ਨੂੰ ਉਮਰ ਕੈਦ ਅਤੇ ਦੋ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਤਿੰਨਾਂ ਪੁਲਿਸ ਕਰਮੀਆਂ ਨੂੰ ਸਜ਼ਾ ਹਰਜੀਤ ਸਿੰਘ ਨਾਮ ਦੇ ਨੌਜਵਾਨ ਨੂੰ ਕਤਲ ਕਰਨ ਦੇ ਮਾਮਲੇ ਵਿੱਚ ਸੁਣਾਈ ਗਈ ਹੈ।ਸੀ.ਬੀ.ਆਈ. ਨੇ 2000 ਵਿੱਚ 9 ਪੁਲਿਸ ਕਰਮਚਾਰੀਆਂ ਖ਼ਿਲਾਫ਼ ਅਦਾਲਤ ਵਿੱਚ ਚਾਰਜਸ਼ੀਟ ਦਾਖ਼ਲ ਕੀਤੀ ਪਰ ਇਸ ਵਿੱਚ ਸ਼ਾਮਲ ਚਾਰ ਪੁਲਿਸ ਕਰਮੀਆਂ ਦੀ ਮੌਤ ਕੇਸ ਦੀ ਸੁਣਵਾਈ ਦੌਰਾਨ ਹੀ ਹੋ ਗਈ।

ਇਸ ਕੇਸ ਵਿੱਚ 58 ਗਵਾਹਾਂ ਦੀ ਗਵਾਹੀ ਹੋਈ ਜਿਸ ਵਿੱਚੋਂ 27 ਗਵਾਹਾਂ ਦੀ ਮੌਤ ਕੇਸ ਦੀ ਸੁਣਵਾਈ ਦੌਰਾਨ ਹੋ ਗਈ ਸੀ।ਹਰਜੀਤ ਸਿੰਘ ਦੀ ਮੌਤ ਤੋਂ ਬਾਅਦ



ਇਨਸਾਫ਼ ਦੀ ਲੜਾਈ ਪਹਿਲਾਂ ਹਰਜੀਤ ਸਿੰਘ ਦੇ ਪਿਤਾ ਕਸ਼ਮੀਰ ਸਿੰਘ ਨੇ ਸਾਲਾਂ ਤੱਕ ਲੜੀ ਤੇ ਫਿਰ ਉਨ੍ਹਾਂ ਦੇ ਪੁੱਤਰ ਰਾਮਪ੍ਰੀਤ ਸਿੰਘ ਨੇ ਇਨਸਾਫ਼ ਮਿਲਣ ਤੱਕ ਇਹ ਲੜਾਈ ਜਾਰੀ ਰੱਖੀ।ਦਰਅਸਲ, 1980-90 ਦੇ ਦਹਾਕੇ ਦੌਰਾਨ ਪੰਜਾਬ ਵਿੱਚ ਪੁਲਿਸ ਉੱਤੇ ਇਹ ਆਮ ਇਲਜ਼ਾਮ ਲੱਗੇ ਕਿ ਖਾੜਕੂਵਾਦ ਦੇ ਨਾਮ ਉੱਤੇ ਕਈ ਬੇਕਸੂਰ ਨੌਜਵਾਨਾਂ ਨੂੰ ਪੁਲਿਸ ਨੇ ਚੁੱਕਿਆ ਅਤੇ ਉਨ੍ਹਾਂ ਨੂੰ ਝੂਠੇ ਪੁਲਿਸ ਮੁਕਾਬਲੇ ਵਿੱਚ ਮਾਰ ਦਿੱਤਾ। ਭਾਵੇਂ ਕਿ ਪੁਲਿਸ ਅਤੇ ਪੰਜਾਬ ਸਰਕਾਰ ਅਜਿਹੇ ਇਲਜ਼ਾਮਾਂ ਨੂੰ ਰੱਦ ਕਰਦੀ ਰਹੀ ਹੈ।

ਪਰ ਅਜਿਹੇ ਅਨੇਕਾਂ ਮਾਮਲੇ ਅਦਾਲਤਾਂ ਵਿੱਚ ਸਾਬਿਤ ਹੋਏ ਹਨ ਕਿ ਨੌਜਵਾਨਾਂ ਨੂੰ ਚੁੱਕ ਕੇ ਮਾਰਨ ਤੋਂ ਬਾਅਦ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਨੇ ਉਨ੍ਹਾਂ ਲਾਸ਼ਾਂ ਨੂੰ ਲਵਾਰਿਸ ਦੱਸ ਕੇ ਉਨ੍ਹਾਂ ਦਾ ਅੰਤਿਮ ਸਸਕਾਰ ਵੀ ਕਰ ਦਿੱਤਾ ਸੀ।

**ਕੀ ਹੈ ਪੂਰਾ ਮਾਮਲਾ**

ਹਰਜੀਤ ਸਿੰਘ ਦੇ ਪਿਤਾ ਕਸ਼ਮੀਰ ਸਿੰਘ ਨੇ ਆਪਣੀ ਸ਼ਿਕਾਇਤ ਵਿੱਚ ਆਖਿਆ ਹੈ ਕਿ ਹਰਜੀਤ ਸਿੰਘ ਨੂੰ ਪੰਜਾਬ ਪੁਲਿਸ ਦੀ ਟੀਮ ਨੇ 29 ਅਪਰੈਲ 1992 ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੇ ਸਠਿਆਲਾ ਨੇੜੇ ਠੱਠੀਆਂ ਬੱਸ ਸਟੈਂਡ ਤੋਂ ਚੁੱਕ ਲਿਆ ਸੀ।

ਇਸ ਤੋਂ ਬਾਅਦ 12 ਮਈ 1992 ਵਿੱਚ ਹਰਜੀਤ ਸਿੰਘ ਦੇ ਨਾਲ ਦੋ ਨੌਜਵਾਨ ਜਸਪਿੰਦਰ ਸਿੰਘ ਅਤੇ ਲਖਵਿੰਦਰ ਸਿੰਘ ਨੂੰ ਝੂਠੇ ਪੁਲਿਸ ਮੁਕਾਬਲੇ ਵਿੱਚ ਮਾਰ ਦਿੱਤਾ ਸੀ। ਮੁਕਾਬਲੇ ਤੋਂ ਬਾਅਦ ਪੁਲਿਸ ਨੇ ਹਰਜੀਤ ਸਿੰਘ ਦੀ ਲਾਸ਼ ਵੀ ਉਸ ਦੇ ਮਾਪਿਆਂ ਨੂੰ ਨਹੀਂ ਦਿੱਤੀ ਸੀ। ਹਰਜੀਤ ਸਿੰਘ ਦੇ ਪਰਿਵਾਰ ਨੇ ਆਪਣੇ ਪੁੱਤਰ ਨੂੰ ਨਿਆਂ ਦਵਾਉਣ ਲਈ 31 ਸਾਲ ਲੜਾਈ ਲੜੀ।ਹਰਜੀਤ ਸਿੰਘ ਦੇ ਪਿਤਾ ਕਸ਼ਮੀਰ ਸਿੰਘ ਦੀ 2019 ਵਿੱਚ ਮੌਤ ਹੋ ਗਈ ਸੀ।ਪੁੱਤਰ ਨਾਲ ਹੋਈ ਬੇਇਨਸਾਫ਼ੀ ਲਈ ਲੜਾਈ ਹਰਜੀਤ ਸਿੰਘ ਦੇ ਪਿਤਾ ਕਸ਼ਮੀਰ ਸਿੰਘ ਨੇ ਲੜੀ।ਅਦਾਲਤ ਦੇ ਫ਼ੈਸਲੇ ਤੋਂ ਬਾਅਦ ਭਰੀ ਹੋਈ ਆਵਾਜ਼ ਨਾਲ ਗੱਲ ਕਰਦਿਆਂ ਹਰਜੀਤ ਸਿੰਘ ਦੇ ਵੱਡੇ ਪੁੱਤਰ ਰਾਮਪ੍ਰੀਤ ਸਿੰਘ ਨੇ ਕਿਹਾ ਕਿ ਕੋਈ ਅਜਿਹਾ ਵੇਲਾ ਨਹੀਂ ਗਿਆ ਜਦੋਂ ਪਿਤਾ ਨੂੰ ਯਾਦ ਨਾ ਕੀਤਾ ਹੋਵੇ।ਉਨ੍ਹਾਂ ਨੇ ਕਿਹਾ,ਜਦੋਂ ਮੇਰੇ ਪਿਤਾ ਜੀ ਗਏ ਤਾਂ ਮੈਂ ਇੱਕ ਸਾਲ ਦਾ ਸੀ ਤੇ ਅਤੇ ਮੈਂ ਅੱਜ 32 ਸਾਲ ਦਾ ਹੋ ਗਿਆ ਹਾਂ। 31 ਸਾਲ ਮੈਂ ਉਨ੍ਹਾਂ ਬਿਨਾਂ ਗੁਜ਼ਾਰੇ, ਹਰ ਦਿਨ ਤਿਉਹਾਰ 'ਤੇ ਉਹ ਯਾਦ ਆਉਂਦੇ ਹਨ, ਲੋਕਾਂ ਦੀ ਗੱਲਾਂ ਵੀ ਸੁਣੀਆਂ ਪਰ ਦਾਦਾ ਜੀ ਨੇ ਹਿੰਮਤ ਨਾ ਹਾਰੀ।ਉਨ੍ਹਾਂ ਨੇ ਅੱਗੇ ਕਿਹਾ, ਦਾਦਾ ਜੀ ਨੇ ਕਾਨੂੰਨੀ ਲੜਾਈ ਜਾਰੀ ਰੱਖੀ। ਇਨਸਾਫ਼ ਪਹਿਲਾਂ ਮਿਲ ਜਾਣਾ ਚਾਹੀਦਾ ਸੀ ਪਰ ਫਿਰ ਵੀ ਅਸੀਂ ਸੰਤੁਸ਼ਟ ਹਾਂ ਕਿ ਆਖ਼ਰ ਮਿਲਿਆ ਹੈ। ਦਾਦਾ ਜੀ ਨੇ ਇਸ ਲਈ ਬਹੁਤ ਹਿੰਮਤ ਕੀਤੀ।ਹਰਜੀਤ ਸਿੰਘ ਦੇ ਵੱਡੇ ਪੁੱਤਰ ਰਾਮਪ੍ਰੀਤ ਸਿੰਘ ਨੇ ਕਿਹਾ ਕਿ ਕੋਈ ਅਜਿਹਾ ਵੇਲਾ ਨਹੀਂ ਗਿਆ ਜਦੋਂ ਪਿਤਾ ਨੂੰ ਯਾਦ ਨਾ ਕੀਤਾ ਹੋਵੇ।ਹਰਜੀਤ ਸਿੰਘ ਦੇ ਪਿਤਾ ਕਸ਼ਮੀਰ ਸਿੰਘ ਦੀ 2019 ਵਿੱਚ ਮੌਤ ਹੋਈ ਸੀ। ਰਾਮਪ੍ਰੀਤ ਆਖਦੇ ਹਨ,ਦਾਦਾ ਜੀ ਦੇ ਆਖ਼ਰੀ ਬਚਨ ਸਨ, ਕੇਸ ਨਹੀਂ ਛੱਡਣਾ, ਤੁਸੀਂ ਕੇਸ ਲੜਨਾ ਹੈ। ਅਸੀਂ ਸੱਚ ਦੇ ਰਾਹ 'ਤੇ ਤੁਰੇ ਸੀ, ਸਾਡੀ ਸਾਰਿਆਂ ਨੇ ਮਦਦ ਕੀਤੀ।

## ਹੈਲਮਟ ਨਾ ਪਾਉਣ 'ਤੇ ਗੁਰਸਿੱਖ ਵਿਦਿਆਰਥੀ ਨੂੰ ਸਕੇਟਿੰਗ ਮੁਕਾਬਲੇ 'ਚੋਂ ਕੱਢਿਆ ਬਾਹਰ

ਪਾਤੜਾਂ/ਏ.ਟੀ.ਨਿਊਜ਼ : ਸੂਬੇ ਅੰਦਰ ਚੱਲ ਰਹੀਆਂ ਸਕੂਲੀ ਖੇਡਾਂ ਦੌਰਾਨ ਪਟਿਆਲਾ ਦੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਵਲ ਲਾਈਨਜ਼ ਵਿੱਚ ਸਕੇਟਿੰਗ ਮੁਕਾਬਲੇ ਦੌਰਾਨ ਹੈਲਮਟ ਨਾ ਪਾਉਣ 'ਤੇ ਇੱਕ ਗੁਰਸਿੱਖ ਵਿਦਿਆਰਥੀ ਨੂੰ ਮੁਕਾਬਲੇ ਵਿਚੋਂ ਬਾਹਰ ਕਰ ਦਿੱਤਾ ਗਿਆ।

ਵਿਦਿਆਰਥੀ ਦੇ ਮਾਤਾ-ਪਿਤਾ ਨੇ ਸੂਬੇ ਦੇ ਮੁੱਖ ਮੰਤਰੀ ਅਤੇ ਖੇਡ ਮੰਤਰੀ ਸਮੇਤ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਭੇਜ ਕੇ ਇਨਸਾਫ ਦੀ ਮੰਗ ਕੀਤੀ ਹੈ। ਪਿੰਡ ਬਣਵਾਲਾ ਵਾਸੀ ਨਿਸ਼ਾਨ ਸਿੰਘ ਨੇ ਦੱਸਿਆ ਕਿ ਉਸ ਦਾ ਲੜਕਾ ਰਿਆਜ਼ਪ੍ਰਤਾਪ ਸਿੰਘ ਪਾਤੜਾਂ ਦੇ ਸਪਾਰਕਿੰਗ ਸਕੂਲ ਵਿੱਚ ਪੜ੍ਹਦਾ ਹੈ। ਉਨ੍ਹਾਂ ਦੱਸਿਆ ਕਿ ਪਟਿਆਲਾ ਦੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਵਲ ਲਾਈਨਜ਼ ਵਿੱਚ ਚੱਲ ਰਹੇ ਜ਼ਿਲ੍ਹਾ ਪੱਧਰੀ ਸਕੇਟਿੰਗ ਮੁਕਾਬਲਿਆਂ ਵਿੱਚ 11 ਸਾਲ ਉਮਰ ਵਰਗ ਦੇ ਇੱਕ ਹਜ਼ਾਰ ਮੀਟਰ ਦੇ ਮੁਕਬਾਲੇ ਵਿੱਚ ਇੱਕ ਗੇੜ ਪੂਰਾ ਹੋਣ ਮਗਰੋਂ ਉਸ ਦੇ ਬੇਟੇ ਨੂੰ ਇਹ ਕਹਿ ਕੇ ਬਾਹਰ ਕੱਢ ਦਿੱਤਾ ਗਿਆ ਕਿ ਉਸ ਨੇ ਹੈਲਮਟ ਨਹੀਂ ਪਾਇਆ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਹੋਏ ਕਈ ਗੇੜਾਂ ਵਿੱਚ ਵੀ ਕਈ ਵਿਦਿਆਰਥੀਆਂ ਨੇ ਬਿਨਾਂ ਹੈਲਮਟ ਤੋਂ ਮੁਕਾਬਲਿਆਂ ਵਿੱਚ ਹਿੱਸਾ ਲਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਖੇਡ ਮੁਕਾਬਲਿਆਂ ਦੇ ਇੰਚਾਰਜ ਪਰਮਜੀਤ ਸਿੰਘ ਸੋਹੀ ਨੇ ਉਸ ਕੋਲੋਂ ਸਿਖਲਾਈ ਲੈ ਰਹੇ ਵਿਦਿਆਰਥੀਆਂ ਨੂੰ ਅੱਗੇ ਲਿਆਉਣ ਦੇ ਮਕਸਦ ਨਾਲ ਉਸ ਦੇ ਬੱਚੇ ਨਾਲ ਪੱਖਪਾਤ ਕੀਤਾ ਹੈ। ਪਰਮਜੀਤ ਸਿੰਘ ਸੋਹੀ ਨੇ ਕਿਹਾ ਕਿ ਖੇਡ ਨਿਯਮਾਂ ਮੁਤਾਬਕ ਕਿਸੇ ਗੁਰਸਿੱਖ ਬੱਚੇ ਨੂੰ ਹੈਲਮਟ ਪਹਿਨਣ ਤੋਂ ਛੋਟ ਨਹੀਂ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਬੱਚੇ ਨੂੰ ਡਿਸਕੁਆਲੀਫਾਈ ਕੀਤਾ ਗਿਆ ਹੈ।

## ਸੰਸਦ ਮੈਂਬਰਾਂ ਨੂੰ ਦਿੱਤੀ ਸੰਵਿਧਾਨ ਦੀ ਕਾਪੀ 'ਚੋਂ ਧਰਮ ਨਿਰਪੱਖ ਤੇ ਸਮਾਜਵਾਦੀ ਸ਼ਬਦ ਗਾਇਬ: ਚੌਧਰੀ

ਨਵੀਂ ਦਿੱਲੀ/ਏ.ਟੀ.ਨਿਊਜ਼ : ਕਾਂਗਰਸ ਨੇਤਾ ਅਧੀਰ ਰੰਜਨ ਚੌਧਰੀ ਨੇ ਦੋਸ਼ ਲਾਇਆ ਕਿ ਸੰਸਦ ਦੀ ਨਵੀਂ ਇਮਾਰਤ ਦੇ ਉਦਘਾਟਨ ਮੌਕੇ ਸੰਸਦ ਮੈਂਬਰਾਂ ਨੂੰ ਦਿੱਤੀ ਗਈ ਸੰਵਿਧਾਨ ਦੀ ਕਾਪੀ 'ਚ ਪ੍ਰਸਤਾਵਨਾ 'ਚੋਂ 'ਧਰਮ ਨਿਰਪੱਖ' ਅਤੇ 'ਸਮਾਜਵਾਦੀ' ਸ਼ਬਦ ਗਾਇਬ ਹਨ।ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਕਿਹਾ ਕਿ ਕਾਪੀ ਵਿੱਚ ਸੰਵਿਧਾਨ ਦੀ ਪ੍ਰਸਤਾਵਨਾ ਦਾ ਮੂਲ ਸੀ ਅਤੇ ਇਹ ਸ਼ਬਦ ਬਾਅਦ ਵਿੱਚ ਸੰਵਿਧਾਨਕ ਸੋਧਾਂ ਤੋਂ ਬਾਅਦ ਜੋੜੇ ਗਏ ਸਨ। ਉਨ੍ਹਾਂ ਕਿਹਾ, 'ਇਹ ਮੂਲ ਪ੍ਰਸਤਾਵਨਾ ਅਨੁਸਾਰ ਹੈ। ਬਾਅਦ ਵਿੱਚ ਸੋਧਾਂ ਕੀਤੀਆਂ ਗਈਆਂ।' ਮਾਮਲੇ ਨੂੰ ਗੰਭੀਰ ਕਰਾਰ ਦਿੰਦਿਆਂ ਸ੍ਰੀ ਚੌਧਰੀ ਨੇ ਕਿਹਾ ਕਿ ਸ਼ਬਦਾਂ ਨੂੰ ਬੜੀ ਚਲਾਕੀ ਨਾਲ ਹਟਾ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਨਵੇਂ ਸੰਸਦ ਭਵਨ ਦੇ ਉਦਘਾਟਨ ਦੇ ਪਹਿਲੇ ਦਿਨ ਸੰਸਦ ਮੈਂਬਰਾਂ ਨੂੰ ਦਿੱਤੀ ਗਈ ਸੰਵਿਧਾਨ ਦੀ ਕਾਪੀ ਤੋਂ ਇਹ ਦੋਵੇਂ ਸ਼ਬਦ ਹਟਾ ਦਿੱਤੇ ਗਏ ਹਨ। ਅਧੀਰ ਰੰਜਨ ਚੌਧਰੀ ਨੇ ਕਿਹਾ ਕਿ ਅੱਜ (19 ਸਤੰਬਰ) ਸਾਨੂੰ ਸੰਵਿਧਾਨ ਦੀਆਂ ਨਵੀਆਂ ਕਾਪੀਆਂ ਦਿੱਤੀਆਂ



ਗਈਆਂ ਹਨ, ਜਿਸ ਨਾਲ ਅਸੀਂ (ਨਵੇਂ ਸੰਸਦ ਭਵਨ) ਵਿੱਚ ਦਾਖਲ ਹੋਏ। ਇਸ ਦੀ ਪ੍ਰਸਤਾਵਨਾ ਵਿੱਚ 'ਸਮਾਜਵਾਦੀ ਧਰਮ ਨਿਰਪੱਖ' ਵਰਗੇ ਸ਼ਬਦ ਨਹੀਂ ਹਨ।ਅਸੀਂ ਜਾਣਦੇ ਹਾਂ ਕਿ ਇਹ ਸ਼ਬਦ 1976 ਵਿੱਚ ਇੱਕ ਸੋਧ ਤੋਂ ਬਾਅਦ ਜੋੜੇ ਗਏ ਸਨ, ਪਰ ਜੇਕਰ ਅੱਜ ਕੋਈ ਸਾਨੂੰ ਸੰਵਿਧਾਨ ਦਿੰਦਾ ਹੈ ਅਤੇ ਇਹ ਸ਼ਬਦ ਨਹੀਂ ਹਨ ਤਾਂ ਇਹ ਚਿੰਤਾ ਦੀ ਗੱਲ ਹੈ।

ਅਧੀਰ ਰੰਜਨ ਚੌਧਰੀ ਨੇ ਅੱਗੇ ਕਿਹਾ ਕਿ ਉਨ੍ਹਾਂ ਦੇ (ਕੇਂਦਰ ਦੇ) ਇਰਾਦੇ ਸ਼ੱਕੀ ਹਨ। ਇਹ ਬਹੁਤ ਚਲਾਕੀ ਨਾਲ ਕੀਤਾ ਗਿਆ ਹੈ. ਇਹ ਮੇਰੇ ਲਈ ਚਿੰਤਾ ਦਾ ਵਿਸ਼ਾ ਹੈ। ਮੈਂ ਇਸ ਮੁੱਦੇ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ, ਪਰ ਮੈਨੂੰ ਮੌਕਾ ਨਹੀਂ ਮਿਲਿਆ। (ਬਾਕੀ ਸਫ਼ਾ 30 'ਤੇ)

# ਭਾਰਤ ਦੇ 10 ਸੂਬਿਆਂ 'ਚ ਗਲੈਂਡਰਜ਼ ਦੀ ਬਿਮਾਰੀ ਦੇ 115 ਮਾਮਲੇ ਸਾਹਮਣੇ ਆਏ

## ਜ਼ਿਆਦਾਤਰ ਮਾਮਲੇ ਯੂ.ਪੀ.'ਚ , ਗਲੈਂਡਰਜ਼ ਘੋੜਿਆਂ ਦੀ ਪ੍ਰਜਾਤੀ ਵਿੱਚ ਇੱਕ ਜਾਨਲੇਵਾ ਛੂਤ ਰੋਗ

ਲਖਨਊ/ਏ.ਟੀ.ਨਿਊਜ਼ : ਭਾਰਤ ਵਿੱਚ ਗਲੈਂਡਰਜ਼ ਦੀ ਬਿਮਾਰੀ ਫੈਲ ਰਹੀ ਹੈ। ਇੱਕ ਸਾਲ ਦੌਰਾਨ ਦੇਸ਼ ਦੇ 10 ਸੂਬਿਆਂ ਵਿੱਚ ਗਲੈਂਡਰਜ਼ ਦੇ 115 ਮਾਮਲੇ ਸਾਹਮਣੇ ਆਏ ਹਨ। ਜ਼ਿਆਦਾਤਰ ਮਾਮਲੇ ਉੱਤਰ ਪ੍ਰਦੇਸ਼ ਵਿੱਚ ਪਾਏ ਗਏ ਹਨ। ਦੂਜੇ ਪਾਸੇ ਜੇਕਰ ਇਕੱਲੇ ਅਗਸਤ 2023 ਦੀ ਗੱਲ ਕਰੀਏ ਤਾਂ ਦੇਸ਼ ਦੇ ਚਾਰ ਸੂਬਿਆਂ ਰਾਜਸਥਾਨ, ਉੱਤਰ ਪ੍ਰਦੇਸ਼, ਜੰਮੂ ਤੇ ਉੱਤਰਾਖੰਡ 'ਚ ਗਲੈਂਡਰਜ਼ ਦੇ 22 ਮਾਮਲੇ ਸਾਹਮਣੇ ਆਏ ਹਨ।

ਰਾਸ਼ਟਰੀ ਘੋੜਾ ਖੋਜ ਕੇਂਦਰ 'ਚ ਸੈਂਪਲ ਜਾਂਚ ਦੀ ਰਿਪੋਰਟ ਵਿੱਚ ਇਹ ਜਾਣਕਾਰੀ ਉਜਾਗਰ ਹੋਈ ਹੈ। ਇਨ੍ਹਾਂ ਘੋੜਿਆਂ ਨੂੰ ਗਲੈਂਡਰਜ਼ ਬਿਮਾਰੀ ਕਾਰਨ ਮਾਰਨਾ ਪੈਂਦਾ ਹੈ। ਮੌਜੂਦਾ ਸਮੇਂ, ਵਿਗਿਆਨੀਆਂ ਕੋਲ ਇਸ ਬਿਮਾਰੀ ਦਾ ਕੋਈ ਅਸਰਦਾਰ ਇਲਾਜ ਨਹੀਂ ਹੈ। ਇਹ ਬਿਮਾਰੀ ਮਨੁੱਖ ਵਿੱਚ ਵੀ ਫੈਲ ਸਕਦੀ ਹੈ। ਅਜਿਹੇ ਵਿੱਚ ਦੇਸ਼ ਦੇ ਵੱਖ-ਵੱਖ ਸੂਬਿਆਂ 'ਚ ਵਧ ਰਹੇ ਗਲੈਂਡਰਜ਼ ਦੇ ਕੇਸਾਂ ਨੇ ਵਿਗਿਆਨੀਆਂ ਦੀ ਚਿੰਤਾ ਵੀ ਵਧਾ ਦਿੱਤੀ ਹੈ।

ਨੈਸ਼ਨਲ ਹਾਰਸ ਰਿਸਰਚ ਸੈਂਟਰ ਦੇ ਵਿਗਿਆਨੀ ਹਰੀ ਸ਼ੰਕਰ ਸਿੰਘਾ ਨੇ ਦੱਸਿਆ ਕਿ ਦੇਸ਼ ਭਰ 'ਚ ਅਪ੍ਰੈਲ 2022 ਤੋਂ ਮਾਰਚ 2023 ਤੱਕ ਇੱਕ ਸਾਲ ਵਿੱਚ ਘੋੜਿਆਂ ਦੇ






34599 ਸੈਂਪਲ ਦਿੱਤੇ ਗਏ। ਇਹ ਸੈਂਪਲ ਦੇਸ਼ ਦੇ 19 ਸੂਬਿਆਂ ਤੋਂ ਲਏ ਗਏ ਹਨ। ਜਿਨ੍ਹਾਂ ਦੀ ਨੈਸ਼ਨਲ ਹਾਰਸ ਰਿਸਰਚ ਸੈਂਟਰ ਵਿਖੇ ਸਥਾਪਿਤ ਨੈਸ਼ਨਲ ਲੈਬ ਵਿੱਚ ਜਾਂਚ ਕੀਤੀ ਗਈ। ਇਨ੍ਹਾਂ ਸੈਂਪਲਾਂ 'ਚੋਂ 10 ਸੂਬਿਆਂ 'ਚ 115 ਪਾਜ਼ੇਟਿਵ ਕੇਸ ਪਾਏ ਗਏ। ਯਾਨੀ ਇਸ ਸਮੇਂ ਗਲੈਂਡਰਜ਼ ਨੇ ਦੇਸ਼ ਦੇ 10 ਸੂਬਿਆਂ 'ਚ ਆਪਣੀ ਦਸਤਕ ਦੇ ਦਿੱਤੀ ਹੈ। ਅਗਸਤ 2023 ਵਿੱਚ, ਰਾਜਸਥਾਨ, ਉੱਤਰ ਪ੍ਰਦੇਸ਼, ਜੰਮੂ, ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਦੇ ਨਮੂਨਿਆਂ ਦੀ ਜਾਂਚ ਕੀਤੀ ਗਈ ਸੀ ਜਿਨ੍ਹਾਂ ਵਿੱਚੋਂ ਚਾਰ ਸੂਬਿਆਂ 'ਚ 22 ਪਾਜ਼ੇਟਿਵ ਕੇਸ ਪਾਏ ਗਏ ਹਨ।

### ਘਾਤਕ ਬਿਮਾਰੀ ਹੈ ਗਲੈਂਡਰਜ਼

ਡਾ: ਟੀਕੇ ਭੱਟਾਚਾਰੀਆ, ਡਾਇਰੈਕਟਰ, ਨੈਸ਼ਨਲ ਹਾਰਸ ਰਿਸਰਚ ਸੈਂਟਰ, ਹਿਸਾਰ ਅਨੁਸਾਰ ਗਲੈਂਡਰਜ਼ ਘੋੜਿਆਂ ਦੀ ਪ੍ਰਜਾਤੀ ਵਿੱਚ ਇੱਕ ਜਾਨਲੇਵਾ ਛੂਤ ਰੋਗ ਹੈ। ਇਹ ਘੋੜਿਆਂ ਤੇ ਗਧਿਆਂ ਵਿੱਚ ਫੈਲਦਾ ਹੈ। ਇਸ ਵਿੱਚ ਘੋੜੇ ਦੇ ਨੱਕ 'ਚੋਂ ਖ਼ੂਨ ਵਗਣਾ, ਸਾਹ ਲੈਣ ਵਿਚ ਤਕਲੀਫ਼, ? ?ਸਰੀਰ ਦਾ ਸੁੱਕਣਾ, ਸਰੀਰ ਉੱਤੇ ਫੋੜੇ ਜਾਂ ਗੰਢਾਂ ਆਦਿ ਲੱਛਣ ਹਨ। ਹੋਰ ਪਾਲਤੂ ਜਾਨਵਰ ਵੀ ਇਸ ਨਾਲ ਇਨਫੈਕਟਿਡ ਹੋ ਸਕਦੇ ਹਨ। ਇਹ ਬਿਮਾਰੀ ਬਰਖੋਡੇਰੀਆ ਮੈਲਿਆਈ ਨਾਂ ਦੇ ਬੈਕਟੀਰੀਆ ਰਾਹੀਂ ਫੈਲਦੀ ਹੈ। ਗਲੈਂਡਰਜ਼ ਹੋਣ ਦੀ ਸੂਰਤ 'ਚ ਘੋੜੇ ਨੂੰ ਵਿਗਿਆਨਕ ਢੰਗ ਨਾਲ ਮਾਰਨਾ ਪੈਂਦਾ ਹੈ।

ਦੇਸ਼ ਭਰ ਵਿਚੋਂ ਸਾਡੇ ਕੋਲ ਘੋੜਿਆਂ ਦੇ ਸੈਂਪਲ ਜਾਂਚ ਲਈ ਆਏ ਹਨ। ਉਨ੍ਹਾਂ ਨਮੂਨਿਆਂ ਦੀ ਸਾਡੀ ਰਾਸ਼ਟਰੀ ਪ੍ਰਯੋਗਸ਼ਾਲਾ 'ਚ ਜਾਂਚ ਕੀਤੀ ਗਈ ਜਿਸ ਵਿੱਚ ਕਈ ਕੇਸ ਪਾਜ਼ੇਟਿਵ ਪਾਏ ਗਏ ਹਨ। ਰਿਪੋਰਟਾਂ ਸਬੰਧਿਤ ਸੂਬਿਆਂ ਨੂੰ ਭੇਜ ਦਿੱਤੀਆਂ ਗਈਆਂ ਹਨ।

ਦਰਪਣ ਝੂਠ ਨਹੀਂ ਬੋਲਦਾ

# ਅਗਲੀਆਂ ਚੋਣਾਂ ਵਿੱਚ ਹੋਵੇਗਾ ਸੱਭਿਆਚਾਰਾਂ ਦਾ ਟਕਰਾਅ !

## 'ਵਨ ਨੇਸ਼ਨ, ਵਨ ਇਲੈਕਸ਼ਨ' ਅਤੇ ਜਾਤੀਵਾਦ ਦਾ ਮੁੱਦਾ ਭਾਜਪਾ 'ਤੇ ਪਵੇਗਾ ਭਾਰੂ

ਭਾਰਤ ਵਿੱਚ ਅਜਿਹਾ ਘੱਟ ਹੀ ਹੋਇਆ ਹੈ ਕਿ ਸੱਭਿਆਚਾਰਾਂ ਦਾ ਸਵਾਲ ਸਿਆਸਤ ਅਤੇ ਚੋਣਾਂ ਦਾ ਮੁੱਦਾ ਬਣ ਗਿਆ ਹੋਵੇ। ਇਹ ਸ਼ਾਇਦ ਪਹਿਲੀ ਵਾਰ ਹੈ ਕਿ ਸੱਭਿਆਚਾਰ ਟਕਰਾਅ ਦੇ ਸਵਾਲ ਰਾਜਨੀਤੀ ਦੇ ਕੇਂਦਰ ਵਿੱਚ ਹਨ ਅਤੇ ਇਹ ਬਹੁਤ ਸੰਭਵ ਹੈ ਕਿ ਅਗਲੀਆਂ ਚੋਣਾਂ ਵਿੱਚ ਸੱਭਿਆਚਾਰਕ ਮੁੱਦੇ ਪ੍ਰਮੁੱਖਤਾ ਨਾਲ ਉਠਾਏ ਜਾਣਗੇ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਸਿਆਸੀ ਮੁੱਦਿਆਂ ਤੋਂ ਇਲਾਵਾ ਸੱਭਿਆਚਾਰ, ਭਾਸ਼ਾ, ਪਰੰਪਰਾ ਅਤੇ ਮਾਨਤਾਵਾਂ ਨਾਲ ਜੁੜੇ ਮੁੱਦੇ ਵੀ ਵੱਡੀ ਭੂਮਿਕਾ ਨਿਭਾਉਣਗੇ।

ਇਹ ਮੁੱਦੇ ਲੰਬੇ ਸਮੇਂ ਤੋਂ ਸਤ੍ਹਾ ਤੋਂ ਪਰੇ ਸਮਾਜ ਵਿੱਚ ਮੌਜੂਦ ਸਨ ਅਤੇ ਉਲਝਦੇ ਰਹੇ ਸਨ, ਪਰ ਕੁਝ ਤਾਜ਼ਾ ਘਟਨਾਵਾਂ ਨੇ ਇਨ੍ਹਾਂ ਨੂੰ ਸਤ੍ਹਾ ਤੇ ਰਾਜਨੀਤੀ ਦੇ ਕੇਂਦਰ ਵਿਚ ਲੈ ਆਉਂਦਾ ਹੈ। ਪਹਿਲੀ ਘਟਨਾ ਹੈ ਵਿਰੋਧੀ ਪਾਰਟੀਆਂ ਦਾ ਗਠਜੋੜ ਆਪਣੇ ਆਪ ਨੂੰ 'ਇੰਡੀਆ' ਦਾ ਨਾਂਅ ਦੇਣਾ। ਇਸ ਤੋਂ ਬਾਅਦ ਇੰਡੀਆ ਬਨਾਮ ਭਾਰਤ ਦੀ ਬਹਿਸ ਸ਼ੁਰੂ ਹੋ ਗਈ, ਜੋ ਜੀ-20 ਸੰਮੇਲਨ ਵਿੱਚ ਹਰ ਪਾਸੇ ਦਿਖਾਈ ਦਿੱਤੀ। ਜਿਸ ਦਿਨ ਤੋਂ ਇਹ ਵਿਵਾਦ ਪਬਲਿਕ ਸਪੇਸ 'ਤੇ ਪਹੁੰਚਿਆ ਹੈ, ਉਸ ਦਿਨ ਤੋਂ ਵਟਸਐਪ ਪੋਸਟਾਂ ਸ਼ੇਅਰ ਕੀਤੀਆਂ ਜਾ ਰਹੀਆਂ ਹਨ ਕਿ ਜਦੋਂ ਦੁਨੀਆ ਦੇ ਕਿਸੇ ਵੀ ਦੇਸ਼ ਦਾ ਨਾਂ ਅੰਗਰੇਜ਼ੀ ਅਤੇ ਹਿੰਦੀ ਵਿੱਚ ਵੱਖਰਾ ਨਹੀਂ ਹੈ ਤਾਂ ਭਾਰਤ ਦਾ ਵੀ ਨਹੀਂ ਹੋਣਾ ਚਾਹੀਦਾ। ਇਸ ਨੇ ਆਪਣੇ ਆਪ ਹੀ ਅੰਗਰੇਜ਼ੀ ਅਤੇ ਹਿੰਦੀ 'ਤੇ ਬਹਿਸ ਛੇੜ ਦਿੱਤੀ ਹੈ, ਜਿਸ ਵਿੱਚ ਦੱਖਣੀ ਭਾਰਤ ਦੇ ਰਾਜ ਸੁਭਾਵਿਕ ਤੌਰ 'ਤੇ ਸ਼ਾਮਲ ਹੋਣਗੇ। ਜਿਸ ਤਰ੍ਹਾਂ ਜੀ-20 ਸੰਮੇਲਨ ਵਿੱਚ ਪ੍ਰਧਾਨ ਮੰਤਰੀ ਦੀ ਕੁਰਸੀ ਦੇ ਸਾਹਮਣੇ ਭਾਰਤ ਲਿਖਿਆ ਗਿਆ ਸੀ ਜਾਂ ਪ੍ਰਧਾਨ ਮੰਤਰੀ ਨੇ ਹਰ ਵਾਰ ਆਪਣੇ ਸੰਬੋਧਨ ਵਿੱਚ ਸਿਰਫ਼ ਭਾਰਤ ਦਾ ਹੀ ਇਸਤੇਮਾਲ ਕੀਤਾ ਸੀ । ਇਹ ਬਹਿਸ ਹੁਣ ਹੋਰ ਅੱਗੇ ਵਧੇਗੀ। ਅਗਲੀਆਂ ਚੋਣਾਂ ਤੱਕ ਇਹ ਭਾਸ਼ਾ ਦਾ ਵੱਡਾ ਸਵਾਲ ਬਣ ਕੇ ਉਭਰੇਗਾ।



ਇਸ ਤਰ੍ਹਾਂ ਇਹ ਇਕ ਮੁੱਦਾ ਦੋ ਮੁੱਦੇ ਬਣ ਗਏ। ਪਹਿਲਾ ਮੁੱਦਾ ਇੰਡੀਆ ਬਨਾਮ ਭਾਰਤ ਦਾ ਹੈ ਅਤੇ ਦੂਜਾ ਭਾਸ਼ਾ ਦਾ ਹੈ। ਇੰਡੀਆ ਬਨਾਮ ਭਾਰਤ ਦੀ ਬਹਿਸ ਦੌਰਾਨ ਭਾਜਪਾ ਵੱਲੋਂ ਝੂਠੇ ਤੱਥਾਂ ਅਤੇ ਦਲੀਲਾਂ ਦੇ ਆਧਾਰ 'ਤੇ ਇਹ ਸਾਬਤ ਕੀਤਾ ਜਾ ਰਿਹਾ ਹੈ ਕਿ ਇੰਡੀਆ ਦਾ ਨਾਂ ਅੰਗਰੇਜ਼ਾਂ ਜਾਂ ਯੂਰਪੀਅਨਾਂ ਨੇ ਦਿੱਤਾ ਸੀ ਅਤੇ ਇਹ ਗੁਲਾਮੀ ਦਾ ਪ੍ਰਤੀਕ ਹੈ, ਜਦਕਿ ਭਾਰਤ ਇਕ ਸਵਦੇਸ਼ੀ ਨਾਂ ਹੈ, ਜਿਸ ਦੀ ਧਾਰਮਿਕ ਵਿਸ਼ਵਾਸਾਂ ਦੀਆਂ ਜੜ੍ਹਾਂ ਵਿੱਚ ਜੜ੍ਹਾਂ ਹਨ ਅਤੇ ਇਹ ਨਾਮ ਸਦੀਆਂ ਤੋਂ ਪ੍ਰਚਲਿਤ ਹੈ। ਇਹ ਵਿਵਾਦ ਇਸ ਤੱਥ ਬਾਰੇ ਹੈ ਕਿ ਭਾਰਤ ਸਨਾਤਨ ਦਾ ਪ੍ਰਤੀਕ ਹੈ ਅਤੇ ਇੰਡੀਆ ਸਨਾਤਨ ਦਾ ਵਿਪਰੀਤ ਜਾਂ ਉਲਟ ਹੈ।ਇਹੀ ਕਾਰਨ ਹੈ ਕਿ ਬੀਤੇ ਦਿਨੀਂ ਤਾਮਿਲਨਾਡੂ ਦੇ ਖੇਡ ਮੰਤਰੀ ਉਧਯਨਿਧੀ ਸਟਾਲਿਨ ਨੇ ਸਨਾਤਨ ਧਰਮ ਬਾਰੇ ਬਹੁਤ ਤਿੱਖਾ ਬਿਆਨ ਦਿੱਤਾ ਹੈ। ਡੀ ਐੱਮ ਕੇ ਆਗੂ ਤੇ ਤਾਮਿਲਨਾਡੂ ਦੇ ਯੁਵਾ ਕਲਿਆਣ ਮੰਤਰੀ ਉਦੈਨਿਧੀ ਸਟਾਲਿਨ ਨੇ ਪ੍ਰੋਗਰੈਸਿਵ ਰਾਈਟਰਜ਼ ਐਂਡ ਆਰਟਿਸਟ ਐਸੋਸੀਏਸ਼ਨ ਦੀ 2 ਸਤੰਬਰ ਨੂੰ ਹੋਈ ਇੱਕ ਬੈਠਕ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਸਨਾਤਨ ਧਰਮ ਸਮਾਜਿਕ ਨਿਆਂ ਦੇ ਵਿਰੁੱਧ ਹੈ, ਇਸ ਲਈ ਇਸ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ, 'ਸਨਾਤਨ ਦਾ ਮਤਲਬ ਹੈ ਸ਼ਾਸ਼ਵਤ, ਅਰਥਾਤ ਜਿਸ ਨੂੰ ਬਦਲਿਆ ਨਹੀਂ ਜਾ ਸਕਦਾ। ਜਿਵੇਂ ਮੱਛਰ, ਡੇਂਗੂ, ਮਲੇਰੀਆ ਤੇ ਕੋਰੋਨਾ ਅਜਿਹੀਆਂ ਚੀਜ਼ਾਂ ਹਨ, ਜਿਨ੍ਹਾਂ ਦਾ ਵਿਰੋਧ ਨਹੀਂ, ਉਨ੍ਹਾਂ ਨੂੰ ਖ਼ਤਮ ਕਰਨਾ ਜ਼ਰੂਰੀ ਹੁੰਦਾ ਹੈ। ਸਨਾਤਨ ਧਰਮ ਨੇ ਲੋਕਾਂ ਨੂੰ ਜਾਤਾਂ ਵਿੱਚ ਵੰਡਿਆ ਹੈ, ਇਸ ਲਈ ਇਸ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ।' ਉਧਯਨਿਧੀ ਦੇ ਨਾਲ-ਨਾਲ ਉਨ੍ਹਾਂ ਦੀ ਪਾਰਟੀ ਦੇ ਸੰਸਦ ਮੈਂਬਰ ਏ ਰਾਜਾ ਨੇ ਵੀ ਸਨਾਤਨ 'ਤੇ ਕਾਫ਼ੀ ਤਿੱਖਾ ਬਿਆਨ ਦਿੱਤਾ ਹੈ ਪਰ ਦਿਲਚਸਪ ਗੱਲ ਇਹ ਹੈ ਕਿ ਭਾਜਪਾ ਅਤੇ ਕੁਝ ਹਿੰਦੂ ਸੰਗਠਨਾਂ ਨੂੰ ਛੱਡ ਕੇ ਕਿਸੇ ਨੇ ਵੀ ਉਨ੍ਹਾਂ ਦੇ ਬਿਆਨਾਂ ਦੀ ਤਿੱਖੀ ਆਲੋਚਨਾ ਨਹੀਂ ਕੀਤੀ। ਇਸ ਦੇ ਉਲਟ, ਉਧਿਆਨਿਧੀ ਦੇ ਬਿਆਨ ਨੂੰ ਇਸ ਆਧਾਰ 'ਤੇ ਜਾਇਜ਼ ਠਹਿਰਾਇਆ ਗਿਆ ਕਿ ਉਨ੍ਹਾਂ ਨੇ ਸਨਾਤਨ ਦਾ ਇਹ ਕਹਿ ਕੇ ਵਿਰੋਧ ਕੀਤਾ ਕਿ ਇਹ ਦਲਿਤਾਂ, ਪੱਛੜੀਆਂ ਸ਼੍ਰੇਣੀਆਂ, ਪੱਛੜੇ ਵਰਗਾਂ, ਕਬਾਇਲੀਆਂ ਅਤੇ ਔਰਤਾਂ ਪ੍ਰਤੀ ਪੱਖਪਾਤੀ ਅਤੇ ਪੱਖਪਾਤੀ ਹੈ। ਸਟਾਲਨ ਨੇ ਜਾਤ-ਪਾਤ ਅਤੇ ਪਿੱਤਰ ਸੱਤਾਵਾਦੀ ਮਾਨਤਾਵਾਂ ਦੇ ਖ਼ਾਤਮੇ ਦੀ ਗੱਲ ਕੀਤੀ, ਜੋ ਕਿ ਸਨਾਤਨ ਦੀ ਪਛਾਣ ਹੈ। ਸਨਾਤਨ ਦੇ ਕੇਂਦਰ ਵਿੱਚ ਬ੍ਰਾਹਮਣ ਅਤੇ ਹੋਰ ਉੱਚ ਜਾਤਾਂ ਹਨ, ਜਦੋਂ ਕਿ ਇਸ ਦੇ ਉਲਟ ਪਛੜੇ ਲੋਕ, ਦਲਿਤ ਅਤੇ

(ਬਾਕੀ ਸਫ਼ਾ 29 'ਤੇ)

# ਕਾਂਗਰਸ-ਆਪ ਸਮਝੌਤੇ ਦੇ ਆਸਾਰ ਕਾਰਨ ਪੰਜਾਬ 'ਚ ਬਗਾਵਤ ਦੀ ਸੰਭਾਵਨਾ

## ਸਿੱਧ- ਬਿੱਟੂ ਹਾਈਕਮਾਂਡ ਕਾਂਗਰਸ ਦੇ ਹੱਕ ਵਿੱਚ, ਵੜਿੰਗ, ਖਹਿਰਾ,ਬਾਜਵਾ ਸਮਝੌਤੇ ਦੇ ਵਿਰੋਧ ਵਿੱਚ

ਕਾਂਗਰਸ ਹਾਈਕਮਾਨ 'ਤੇ 'ਆਪ' ਹਾਈ ਕਮਾਨ ਵਿੱਚ ਲੋਕ ਸਭਾ ਚੋਣਾਂ ਵਿੱਚ ਸੀਟਾਂ ਦੀ ਵੰਡ ਕਰਨ'ਆਪ' 'ਤੇ ਤਿੱਖੇ ਹਮਲੇ ਕਰ ਰਹੇ ਹਨ ਪਰ 'ਆਪ' ਦੇ ਨੇਤਾ ਬੇਸ਼ੱਕ ਜਵਾਬ ਤਾਂ ਦੇ ਰਹੇ ਹਨ ਪਰ ਉਨ੍ਹਾਂ ਦੀ ਭਾਸ਼ਾ ਓਨੀ ਤਿੱਖੀ ਨਹੀਂ ਹੈ। ਜਾਣਕਾਰੀ ਅਨੁਸਾਰ ਇਹ ਸਮਝੌਤਾ ਪੰਜਾਬ ਅਤੇ ਦਿੱਲੀ ਵਿੱਚ 6-7 ਦੇ ਅਨੁਪਾਤ ਨਾਲ ਹੋਣ ਦੀ ਗੱਲ ਆਖ਼ਰੀ ਦੌਰ ਵਿੱਚ ਹੈ। ਹਾਲਾਂ ਕਿ



ਪੰਜਾਬ ਕਾਂਗਰਸ ਦੇ ਬਹੁਤੇ ਨੇਤਾ ਸਮਝਦੇ ਹਨ ਕਿ ਪੰਜਾਬ ਵਿੱਚ ਸਮਝੌਤੇ ਦਾ ਕਾਂਗਰਸ ਨੂੰ ਫਾਇਦੇ ਦੀ ਬਜਾਏ ਨੁਕਸਾਨ ਜ਼ਿਆਦਾ ਹੋਵੇਗਾ। ਉਨ੍ਹਾਂ ਦੀ ਦਲੀਲ ਹੈ ਕਿ 'ਆਪ' ਨੇ ਜਿਸ ਤਰ੍ਹਾਂ ਪੰਜਾਬ ਦੇ ਵੱਡੇ ਕਾਂਗਰਸੀ ਨੇਤਾਵਾਂ ਨਾਲ ਹੀ ਨਹੀਂ,ਸਗੋਂ ਕਾਂਗਰਸੀ ਸਰਪੰਚਾਂ ਦੇ ਪੱਧਰ ਤੱਕ ਬਦਲਾਖੋਰੀ ਦੀ ਨੀਤੀ ਅਪਣਾਈ ਹੈ, ਉਸ ਕਾਰਨ ਇਸ ਸਮਝੌਤੇ ਨਾਲ ਕਾਂਗਰਸ ਦੇ ਕੇਡਰ ਵਿੱਚ ਨਿਰਾਸ਼ਾ ਫੈਲੇਗੀ। ਉਹ ਇਹ ਵੀ ਸਮਝਦੇ ਹਨ ਕਿ ਆਪ ਨਾਲ ਸੀਟ ਵੰਡ ਦਾ ਫਾਇਦਾ ਅਕਾਲੀ ਦਲ ਤੇ ਭਾਜਪਾ ਨੂੰ ਵੀ ਹੋ ਸਕਦਾ ਹੈ। ਕਿਉਂਕਿ ਉਨ੍ਹਾਂ ਅਨੁਸਾਰ ਤਿਕੋਣੀ ਜਾਂ ਚੌਕੋਣੀ ਲੜਾਈ ਵਿੱਚ ਕਾਂਗਰਸ ਦੀ ਜਿੱਤ ਦੇ ਆਸਾਰ ਜ਼ਿਆਦਾ ਹੋਣਗੇ। ਜੇਕਰ ਸਮਝੌਤਾ ਹੋਇਆ ਤਾਂ ਜਿਥੇ-ਜਿਥੇ 'ਆਪ' ਦੇ ਉਮੀਦਵਾਰ ਹੋਣਗੇ, ਉਥੋਂ-ਉਥੋਂ ਦੀ ਕਾਂਗਰਸੀ ਵੋਟ ਦਾ ਵੱਡਾ ਹਿੱਸਾ 'ਆਪ' ਨੂੰ ਨਹੀਂ ਪਵੇਗਾ ਅਤੇ ਜਿਥੇ-ਜਿਥੇ ਕਾਂਗਰਸ ਉਮੀਦਵਾਰ ਹੋਵੇਗਾ, ਉਥੇ-ਉਥੇ 'ਆਪ' ਦੀ ਕਾਫ਼ੀ ਵੋਟ ਅਕਾਲੀ ਦਲ ਵੱਲ ਜਾਂ ਭਾਜਪਾ ਵੱਲ ਪਰਤ ਸਕਦੀ ਹੈ। ਕਾਂਗਰਸੀ ਨੇਤਾਵਾਂ ਅਨੁਸਾਰ ਪੰਜਾਬ ਵਿੱਚ ਸੱਤਾ ਵਿਰੋਧੀ ਰੁਝਾਨ ਉੱਭਰ ਰਿਹਾ ਹੈ, ਜਿਸ ਦਾ ਨੁਕਸਾਨ ਕਾਂਗਰਸ ਨੂੰ ਵੀ ਸਹਿਣਾ ਪਵੇਗਾ ਪਰ ਪੰਜਾਬ ਦੇ ਕਾਂਗਰਸੀ ਨੇਤਾ ਜੋ ਮਰਜ਼ੀ ਕਹੀ ਜਾਣ, ਜੋ ਜਾਣਕਾਰੀ ਮਿਲ ਰਹੀ ਹੈ, ਉਸ ਅਨੁਸਾਰ ਦੋਵਾਂ ਪਾਰਟੀਆਂ ਵਿੱਚ ਸਮਝੌਤੇ ਦੇ ਆਸਾਰ ਕਾਫ਼ੀ ਜ਼ਿਆਦਾ ਹਨ।

ਉਂਝ ਨਵਜੋਤ ਸਿੰਘ ਸਿੱਧੂ ਵਰਗੇ ਹਾਈਕਮਾਨ ਦੇ ਨੇੜਲੇ ਨੇਤਾ ਦਾ ਬਿਆਨ ਅਤੇ ਹਵਾ ਦਾ ਰੁਖ਼ ਪਹਿਚਾਣ ਕੇ ਸਟੈਂਡ ਲਈ ਮਸ਼ਹੂਰ ਐਮ.ਪੀ. ਰਵਨੀਤ ਸਿੰਘ ਬਿੱਟੂ ਦੇ ਬਿਆਨ ਵੀ ਇਸੇ ਗੱਲ ਵੱਲ ਇਸ਼ਾਰਾ ਕਰ ਰਹੇ ਹਨ। ਜਦੋਂ ਕਿ ਦਿੱਲੀ ਕਾਂਗਰਸ ਦੇ ਪ੍ਰਧਾਨ ਦੀ ਨਵੀਂ ਨਿਯੁਕਤੀ ਵੀ ਇਹੀ ਪ੍ਰਭਾਵ ਦੇ ਰਹੀ ਹੈ, ਪਰ ਇਸ ਦੇ ਨਾਲ ਕਾਂਗਰਸ ਵਿੱਚ ਬਗਾਵਤ ਦੀ ਸੰਭਾਵਨਾ ਬਣੀ ਹੋਈ ਹੈ। ਸੁਖਪਾਲ ਸਿੰਘ ਖਹਿਰਾ ਵੀ ਆਪ ਨਾਲ ਸਮਝੌਤੇ ਦਾ ਕਰੜਾ ਵਿਰੋਧ ਕਰ ਰਹੇ ਹਨ।

# ਭਾਰਤ, ਮੱਧ-ਪੂਰਬ ਤੇ ਯੂਰਪੀਅਨ ਗਲਿਆਰਾ ਪੰਜਾਬ ਦੇ ਹਿੱਤ ਵਿੱਚ ਨਹੀਂ

## ਕੇਂਦਰ ਸਰਕਾਰ ਪੰਜਾਬ ਦੇ ਆਰਥਿਕ ਸੁਧਾਰ ਲਈ ਪਾਕਿਸਤਾਨ ਨਾਲ ਸਬੰਧ ਸੁਧਾਰੇ ਤੇ ਵਾਘਾ ਬਾਰਡਰ ਖੋਲੇ

ਜੀ-20 ਸ਼ਿਖ਼ਰ ਸੰਮੇਲਨ ਦੇ ਇੱਕ ਵੱਡੇ ਫ਼ੈਸਲੇ ਦਾ ਪ੍ਰਭਾਵ ਪੰਜਾਬ ਲਈ ਨੁਕਸਾਨਦੇਹ ਜ਼ਿਆਦਾ ਹੋ ਸਕਦਾ ਹੈ। ਇਹ ਠੀਕ ਹੈ ਕਿ ਭਾਰਤ ਮੱਧ-ਪੂਰਬ ਤੇ ਯੂਰਪ ਤੱਕ ਆਰਥਿਕ ਗਲਿਆਰਾ ਬਣਾਉਣ 'ਤੇ ਬਣੀ ਸਹਿਮਤੀ ਭਾਰਤ ਦੀ ਇੱਕ ਵੱਡੀ ਪ੍ਰਾਪਤੀ ਹੈ। ਇਹ ਵੀ ਠੀਕ ਹੈ ਕਿ ਇਸ ਗਲਿਆਰੇ ਰਾਹੀਂ ਭਾਰਤ ਤੋਂ ਯੂਰਪ ਤੇ ਮੱਧ ਪੂਰਬ ਦੇ ਦੇਸ਼ਾਂ ਵਿੱਚ ਮਾਲ ਭੇਜਣ ਤੇ ਮੰਗਵਾਉਣ ਦਾ ਖਰਚਾ ਕਾਫ਼ੀ ਘਟ ਜਾਵੇਗਾ। ਇਸ ਨਾਲ ਭਾਰਤ ਨੂੰ ਵੱਡਾ ਆਰਥਿਕ ਲਾਭ ਹੋਵੇਗਾ। ਇਸ ਨਾਲ ਭਾਰਤ ਦਾ ਸਿੱਧਾ ਵਪਾਰ ਯੂਰਪ ਦੇ ਨਾਲ-ਨਾਲ ਯੂ.ਏ.ਈ., ਸਾਊਦੀ ਅਰਬ, ਜਾਰਡਨ ਤੇ ਇਜ਼ਰਾਈਲ ਨਾਲ ਵਧੇਗਾ। ਇਸ ਨਾਲ ਭਾਰਤ ਭਵਿੱਖ ਵਿੱਚ ਚੀਨ ਨਾਲ ਵਧਦੇ ਆਰਥਿਕ ਟਕਰਾਅ ਵਿੱਚ ਚੀਨ ਨੂੰ ਵੀ ਟੱਕਰ ਦੇਣ ਦੇ ਸਮਰੱਥ ਹੋਵੇਗਾ ਪਰ ਇਹ ਗਲਿਆਰਾ ਪੰਜਾਬ ਵਿਚੋਂ ਹੋ ਕੇ ਨਹੀਂ ਗੁਜ਼ਰੇਗਾ। ਇਸ ਗਲਿਆਰੇ ਦੀ ਸ਼ੁਰੂਆਤ ਮੁੰਬਈ ਤੋਂ ਹੋਵੇਗੀ। ਇਹ 6 ਹਜ਼ਾਰ ਕਿਲੋਮੀਟਰ ਲੰਮਾ ਹੋਵੇਗਾ ਤੇ ਇਸ ਦੀ ਮੰਜ਼ਿਲ ਯੂਰਪ ਵਿੱਚ ਯੂਨਾਨ ਤੱਕ ਹੋਵੇਗੀ। ਇਸ ਵਿੱਚ 3500 ਕਿਲੋਮੀਟਰ ਸਮੁੰਦਰੀ ਰਸਤਾ ਅਤੇ 2500 ਕਿਲੋਮੀਟਰ ਰੇਲ ਮਾਰਗ ਹੋਵੇਗਾ। ਪਰ ਭਾਰਤ ਨੂੰ ਇਸ ਮਾਰਗ ਦੇ ਨਾਲ-ਨਾਲ ਯੂਰਪ ਤੱਕ ਇਕ ਹੋਰ ਮਾਰਗ ਦੀ ਵੀ ਲੋੜ ਹੈ, ਜੋ ਨਿਰੋਲ ਸੜਕੀਂ ਜਾਂ ਰੇਲ ਮਾਰਗ ਬਣ ਸਕਦਾ ਹੈ ਅਤੇ ਇਹ ਉੱਤਰੀ ਭਾਰਤ ਲਈ ਵਰਦਾਨ ਹੋ ਸਕਦਾ ਹੈ। ਇਸ ਲਈ ਭਾਰਤ-ਪਾਕਿ ਦੋਸਤੀ ਹੋਣੀ ਜ਼ਰੂਰੀ ਹੈ। ਇਹ ਰਸਤਾ ਭਾਰਤ, ਪਾਕਿਸਤਾਨ, ਅਫ਼ਗਾਨਿਸਤਾਨ, ਇਰਾਨ ਤੇ ਇਰਾਕ ਰਾਹੀਂ ਹੁੰਦਾ ਹੋਇਆ ਤੁਰਕੀ ਤੋਂ ਯੂਰਪ ਵਿਚ ਜਾ ਨਿਕਲਦਾ ਹੈ। ਇਸ 'ਤੇ ਖਰਚਾ ਵੀ ਹਜ਼ਾਰਾਂ ਕਰੋੜ ਡਾਲਰ ਘੱਟ ਹੋਵੇਗਾ ਤੇ ਇਸ ਰਾਹੀਂ ਵਪਾਰ ਹੋਰ ਵੀ ਸਸਤਾ ਪਵੇਗਾ। ਆਰਥਿਕ ਮਾਹਿਰ ਆਖਦੇ ਹਨ ਕਿ ਮੁੰਬਈ ਤੋਂ ਯੂਰਪ ਤੱਕ ਬਣਨ ਵਾਲਾ ਆਰਥਿਕ ਗਲਿਆਰਾ ਪੰਜਾਬ, ਹਰਿਆਣਾ ਤੇ ਉੱਤਰ ਭਾਰਤ ਲਈ ਜ਼ਿਆਦਾ ਫਾਇਦੇਮੰਦ ਨਹੀਂ ਹੋਵੇਗਾ, ਸਗੋਂ ਇਸ ਦਾ ਪੰਜਾਬ ਵਰਗੇ ਸੂਬੇ ਨੂੰ ਨੁਕਸਾਨ ਜ਼ਿਆਦਾ ਹੋਵੇਗਾ ਕਿਉਂਕਿ ਪੰਜਾਬ ਵਿਚੋਂ ਵਸਤਾਂ ਮੁੰਬਈ ਤੱਕ ਲੈ ਜਾਣ ਦਾ ਭਾੜਾ, ਪੰਜਾਬ ਦੀ ਉਪਜ ਅਤੇ ਉਦਯੋਗ ਨੂੰ ਮਹਿੰਗਾ ਬਣਾ ਦੇਵੇਗਾ। ਨਵੇਂ ਤੇ ਵੱਡੇ ਉਦਯੋਗ ਲਾਉਣ ਵਾਲੇ ਮੁੰਬਈ ਬੰਦਰਗਾਹ ਦੇ ਨੇੜੇ ਹੀ ਨਵੇਂ ਉਦਯੋਗ ਲਾਉਣ ਨੂੰ ਤਰਜੀਹ ਦੇਣਗੇ, ਸਿੱਟੇ ਵਜੋਂ ਪੰਜਾਬ ਉਦਯੋਗਾਂ ਦੇ ਮਾਮਲੇ ਵਿੱਚ ਹੋਰ ਪਛੜ ਜਾਵੇਗਾ। ਇਸ ਲਈ ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪਾਕਿਸਤਾਨ ਨਾਲ ਦੋਸਤੀ ਦੀਆਂ ਨੀਤੀਆਂ ਅਪਣਾ ਕੇ ਉਸ ਰਾਹੀਂ ਇੱਕ ਵੱਖਰਾ ਵਪਾਰਕ ਰਸਤਾ ਖੋਲ੍ਹੇ ਤਾਂ ਜੋ ਭਾਰਤ ਤਰੱਕੀ ਦੇ ਜਿਸ ਨਵੇਂ ਦੌਰ ਵਿਚ ਦਾਖਲ ਹੋ ਰਿਹਾ ਹੈ, ਉਸ ਦਾ ਫਾਇਦਾ ਪੰਜਾਬ ਅਤੇ ਉੱਤਰ ਭਾਰਤ ਦੇ ਲੋਕਾਂ ਨੂੰ ਵੀ ਮਿਲ ਸਕੇ। ਇਹ ਮਾਰਗ ਦੁਨੀਆ ਦੇ ਇਸ ਖ਼ਿੱਤੇ ਵਿੱਚ ਸ਼ਾਂਤੀ ਤੇ ਅਮਨ ਦੀ ਗਾਰੰਟੀ ਵੀ ਹੋਵੇਗਾ। ਇਸ ਨਾਲ ਭਾਰਤ ਦਾ ਉੱਤਰੀ ਖ਼ਿੱਤਾ ਤੇ ਖ਼ਾਸ ਕਰ ਪੰਜਾਬ ਵੀ ਉਦਯੋਗਿਕ ਕ੍ਰਾਂਤੀ ਦਾ ਅਨੰਦ ਮਾਣ ਸਕੇਗਾ।

# ਨੂਹ ਹਿੰਸਾ, ਗਊ ਹੱਤਿਆ ਕਾਨੂੰਨ ਬਾਰੇ ਭਾਰਤ 'ਚ ਧਾਰਮਿਕ ਆਜ਼ਾਦੀ 'ਤੇ ਅਮਰੀਕੀ ਕਮਿਸ਼ਨ ਕਰੇਗਾ ਸੁਣਵਾਈ

## ਸਿੱਖ ਕਿਉਂ ਨਹੀਂ ਉਠਾ ਰਹੇ ਆਪਣੇ ਮੁੱਦ ?

ਯੂ.ਐਸ. ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫ੍ਰੀਡਮ (ਯੂ.ਐਸ.ਸੀ.ਆਈ.ਆਰ.ਐਫ.) ਅਗਲੇ ਹਫ਼ਤੇ 20 ਸਤੰਬਰ ਦੌਰਾਨ ਭਾਰਤ ਵਿੱਚ ਧਾਰਮਿਕ ਆਜ਼ਾਦੀ ਤੇ ਮਨੁੱਖੀ ਅਧਿਕਾਰਾਂ ਬਾਰੇ ਸੁਣਵਾਈ ਕਰੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਜੋ ਬਿਡੇਨ ਦਰਮਿਆਨ ਦੋ ਸਫਲ ਦੁਵੱਲੀਆਂ ਮੀਟਿੰਗਾਂ ਤੋਂ ਬਾਅਦ, ਜੂਨ ਵਿੱਚ



ਪੀਐਮ ਮੋਦੀ ਦੀ ਵਾਸ਼ਿੰਗਟਨ ਦੀ ਅਧਿਕਾਰਤ ਯਾਤਰਾ ਅਤੇ ਸਤੰਬਰ ਵਿੱਚ ਦਿੱਲੀ ਵਿੱਚ ਇੱਕ ਦੁਵੱਲੀ ਮੀਟਿੰਗ ਜੀ 20 ਬਾਅਦ ਯੂ.ਐਸ.ਸੀ.ਆਈ.ਆਰ.ਐਫ. ਨੇ ਕਿਹਾ ਕਿ ਕਾਂਗਰਸ ਦੀ ਸੁਣਵਾਈ ਇਸ ਗੱਲ 'ਤੇ ਸੀ ਕਿ ਅਮਰੀਕੀ ਸਰਕਾਰ ਉਲੰਘਣਾਵਾਂ ਨੂੰ ਸੰਬੋਧਨ ਕਰਨ ਦੇ ਲਈ ਭਾਰਤ ਸਰਕਾਰ ਨਾਲ ਕੰਮ ਕਿਵੇਂ ਕਰ ਸਕਦੀ ਹੈ ?

ਘੱਟ ਗਿਣਤੀ ਮੁੱਦਿਆਂ 'ਤੇ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਪ੍ਰਤੀਨਿਧ ਫਰਨਾਂਡ ਡੀ ਵਾਰੇਨਸ ਵੱਲੋਂ ਕਾਂਗਰਸ ਦੀ ਲਾਅ ਲਾਇਬ੍ਰੇਰੀ ਦੇ ਵਿਦੇਸ਼ੀ ਕਾਨੂੰਨ ਮਾਹਿਰ ਤਾਰਿਕ ਅਹਿਮਦ, ਹਿਊਮਨ ਰਾਈਟਸ ਵਾਚ ਦੀ ਵਾਸ਼ਿੰਗਟਨ ਡਾਇਰੈਕਟਰ ਸਾਰਾਹ ਯੇਗਰ, ਹਿੰਦੂਜ ਫਾਰ ਹਿਊਮਨ ਰਾਈਟਸ ਦੀ ਕਾਰਜਕਾਰੀ ਨਿਰਦੇਸ਼ਕ ਸੁਨੀਤਾ ਵਿਸ਼ਵਨਾਥ ਅਤੇ ਜਾਰਜ ਟਾਊਨ ਯੂਨੀਵਰਸਿਟੀ ਵਿੱਚ ਭਾਰਤੀ ਰਾਜਨੀਤੀ ਦੇ ਪ੍ਰੋਫੈਸਰ ਇਰਫਾਨ ਨੂਰਦੀਨ ਨੂੰ ਕਮਿਸ਼ਨ ਸਾਹਮਣੇ ਗਵਾਹੀ ਦੇਣ ਲਈ ਸੱਦਾ ਦਿੱਤਾ ਗਿਆ। ਪੀਐਮ ਮੋਦੀ ਦੀ ਵਾਸ਼ਿੰਗਟਨ ਡੀਸੀ ਦੀ ਰਾਜ ਯਾਤਰਾ ਅਮਰੀਕਾ ਅਤੇ ਭਾਰਤ ਦੇ ਨੇੜਲੇ ਦੁਵੱਲੇ ਸੰਬੰਧਾਂ ਨੂੰ ਦਰਸਾਉਂਦੀ ਹੈ।ਹਾਲਾਂ ਕਿ, ਪਿਛਲੇ ਦਹਾਕੇ ਦੌਰਾਨ ਭਾਰਤ ਸਰਕਾਰ ਨੇ ਧਾਰਮਿਕ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਵਿਤਕਰੇ ਭਰੀਆਂ ਨੀਤੀਆਂ ਬਣਾਈਆਂ ਅਤੇ ਲਾਗੂ ਕੀਤੀਆਂ ਹਨ, ਜਿਨ੍ਹਾਂ ਵਿੱਚ ਧਰਮ ਪਰਿਵਰਤਨ ਵਿਰੋਧੀ ਕਾਨੂੰਨ, ਗਊ ਹੱਤਿਆ ਵਿਰੋਧੀ ਕਾਨੂੰਨ, ਧਰਮ ਦੇ ਆਧਾਰ 'ਤੇ ਨਾਗਰਿਕਤਾ ਨੂੰ ਤਰਜੀਹ ਦੇਣ ਵਾਲੇ ਕਾਨੂੰਨ ਅਤੇ ਸਿਵਲ ਸੁਸਾਇਟੀ ਸੰਸਥਾਵਾਂ ਲਈ ਵਿਦੇਸ਼ੀ ਫੰਡਿੰਗ 'ਤੇ ਪਾਬੰਦੀਆਂ ਸ਼ਾਮਲ ਹਨ।

ਹੈਰਾਨੀ ਦੀ ਗਲ ਇਹ ਹੈ ਕਿ ਸਿੱਖਾਂ ਤੇ ਪੰਜਾਬ ਨਾਲ ਸਮਾਜਿਕ,ਆਰਥਿਕ, ਨਸਲੀ ਵਿਤਕਰੇ ਜਾਰੀ ਹਨ , ਪਰ ਸਿੱਖ ਜਥੇਬੰਦੀਆਂ ਤੇ ਸਿੱਖ ਪੰਥ ਦੇ ਪ੍ਰਤੀਨਿਧ ਬੰਦੀ ਸਿੱਖਾਂ, ਰਾਜਧਾਨੀ, ਪੰਜਾਬੀ ਦੇ ਪਾਣੀਆਂ, ਵਪਾਰ ਲਈ ਬਾਘਾ ਬਾਰਡਰ ਖੋਲ੍ਹਣ, ਕਾਲੇ ਕਨੂੰਨਾਂ, ਨਵੰਬਰ 84 ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਬਾਰੇ ਮੁੱਦਾ ਯੂਐਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫ੍ਰੀਡਮ ਕੋਲ ਕਿਉਂ ਨਹੀਂ ਉਠਾ ਰਹੇ ? ਜਦ ਕਿ ਅਮਰੀਕਾ ਦੇ ਸਿੱਖਾਂ ਨੂੰ ਇਹ ਮਸਲਾ ਪਹਿਲ ਦੇ ਆਧਾਰ ਉਪਰ ਉਠਾਉਣਾ ਚਾਹੀਦਾ ਹੈ।

# ‘ਜੀ 20 ਸੰਮੇਲਨ’: ਦੁਨੀਆਂ ਦਾ ਮੋਢੀ ਆਗੂ ਬਣ ਸਕਦੈ ਭਾਰਤ

## ਵੱਡੇ ਮਸਲੇ ਸੁਲਝਾਉਣ ਦੀ ਤਾਕਤ ਰਖਦੈ ਭਾਰਤ

## ਭਾਰਤ ਦੀ ਪ੍ਰਾਹੁਣਾਚਾਰੀ ਦੀ ਪੂਰੀ ਦੁਨੀਆਂ ਵਿੱਚ ਹੋਈ ਚਰਚਾ












‘ਜੀ 20 ਸੰਮੇਲਨ’ ਸਫ਼ਲਤਾ ਪੂਰਵਕ ਖ਼ਤਮ ਹੋ ਗਿਆ ਹੈ, ਪਿਛਲੀ ਵਾਰ ‘ਬਾਲੀ’ ਵਿੱਚ ਯੂਕ੍ਰੇਨ ਨੂੰ ਲੈ ਕੇ ਸਹਿਮਤੀ ਨਹੀਂ ਸੀ ਬਣੀ ਪਰ ਇਸ ਵਾਰ ਕਾਫ਼ੀ ਮੁੱਦਿਆਂ ’ਤੇ ਸਹਿਮਤੀ ਹੋਈ ਹੈ। ਫਰਾਂਸ ਨੇ ਤਾਂ ਇਸ ਸੰਮੇਲਨ ਬਾਰੇ ਇੱਥੋਂ ਤੱਕ ਕਿਹਾ ਕਿ ਬਹੁਤ ਘੱਟ ਦੇਸ਼ ਹਨ, ਜਿਨ੍ਹਾਂ ਵਿੱਚ ਭਾਰਤ ਵਾਂਗੂ ਮਸਲੇ ਸੁਲਝਾਉਣ ਦੀ ਤਾਕਤ ਹੈ। ਇਹ ਪਹਿਲੀ ਵਾਰ ਨਹੀਂ ਹੈ ਕਿ ਭਾਰਤ ਦੇ ਵਿੱਚ ਪ੍ਰਧਾਨ ਮੰਤਰੀ ਦਾ ਇੰਨਾ ਸਤਿਕਾਰ ਹੋਇਆ ਹੋਵੇ। ਮਾਰਚ 1983 ਦੇ ਵਿੱਚ ਇੱਕ ਸੰਮੇਲਨ ਹੋਇਆ ਸੀ, ਉਸ ਗੁੱਟ ਨਿਰਲੇਪ ਸਿਖਰ ਸੰਮੇਲਨ ਸਮੇਂ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਸੀ, ਕਹਿੰਦੇ ਨੇ ਕਿ ਉਸ ਸਮੇਂ ਕਿਊਬਾ ਦੇ ਪ੍ਰਮੁੱਖ ਨੇਤਾ ਫਿਡਰਲ ਕਾਸਟ੍ਰੋ ਨੇ ਸ੍ਰੀਮਤੀ ਗਾਂਧੀ ਨੂੰ ਗਲੇ ਲਗਾਇਆ ਸੀ ਤੇ ਕਿਹਾ ਸੀ “ਮਾਈ ਸਿਸਟਰ, ਮੇਰੀ ਪਿਆਰੀ ਸਿਸਟਰ”। ਇਹ ਕਾਫ਼ੀ ਚਰਚਾ ਵਿੱਚ ਰਿਹਾ ਸੀ, ਜੇ ਉਸ ਸਮੇਂ ਪ੍ਰਸ਼ੰਸਾ ਹੋਈ ਸੀ ਤਾਂ ਇਸ ਵਾਰ ਵੀ ਕੁਝ ਏਸ ਤਰਾਂ ਹੀ ਹੋਇਆ। ਜਦੋਂ ਅਮਰੀਕਾ ਦੇ ਰਾਸ਼ਟਰਪਤੀ ਬਾਇਡਨ ਨੇ ਨਰਿੰਦਰ ਮੋਦੀ ਨੂੰ ਕਿਹਾ ਕਿ “ ਤੁਸੀਂ ਸਾਨੂੰ ਏਕਤਾ ਵਿੱਚ ਪਰੋ ਰਹੇ ਹੋ। ਸਾਨੂੰ ਸੁਨੇਹਾ ਦੇ ਰਹੇ ਹੋ ਕਿ ਆਓ ਰਲ਼ ਕੇ ਮੁਸ਼ਕਿਲਾਂ ਦਾ ਸਾਹਮਣਾ ਕਰੀਏ।” ਖ਼ੈਰ 1983 ਤੋਂ ਲੈ ਕੇ ਹੁਣ ਤੱਕ ਦੁਨੀਆਂ ਬਹੁਤ ਬਦਲ ਗਈ ਹੈ। ਦਿੱਲੀ ਵੀ ਬਦਲ ਗਈ ਹੈ। ਕੁਝ ਸ਼ੀਲਾ ਦੀਕਸ਼ਤ ਨੇ ਬਦਲੀ ਤੇ ਕੁਝ ਨਰਿੰਦਰ ਮੋਦੀ ਨੇ ਬਦਲੀ। ਆਮ ਲੋਕ ਇਹ ਕਹਿੰਦੇ ਹਨ ਕਿ ਫ਼ਾਇਦਾ ਕੀ ਹੋਇਆ ਜੀ ਸੰਮੇਲਨ ਦਾ ? 2008 ਦੇ ਵਿੱਚ ਜਦੋਂ ਚੀਨ ਨੇ ਉਲਪਿੰਕ ਖੇਡਾਂ ਦਾ ਸਫ਼ਲ ਸਮਾਗਮ ਕੀਤਾ ਸੀ ਤਾਂ ਦੁਨੀਆਂ ਵਿੱਚ ਚੀਨ ਦਾ ਅਲੱਗ ਹੀ ਪ੍ਰਭਾਵ ਸੀ। ਚੀਨ ਨੇ ਫ਼ਾਇਦਾ ਵੀ ਲਿਆ ਸੀ, ਠੀਕ ਉਸੇ ਤਰਾਂ ‘ਜੀ 20 ਸਮਾਗਮ’ ਦੀ ਤਾਰੀਫ਼ ਪੂਰੀ ਦੁਨੀਆਂ ਵਿੱਚ ਹੋਈ ਹੈ। “ਕੁਝ ਮੌਕੇ ਹੁੰਦੇ ਹਨ ਜੋ ਸਾਂਝੇ ਹੁੰਦੇ ਹਨ, ਇੰਡੀਆ ਗਰੁੱਪ ਨੇ ਵੀ ਇਸ ਸੰਮੇਲਨ ਸਮੇਂ ਸਿਆਣਪ ਵਰਤੀ, ਕੁਝ ਨਾਮੀ ਕਾਂਗਰਸੀ ਸ਼ਖਸੀਅਤਾਂ ਨੇ ਆਲੋਚਨਾ ਤੋਂ ਉੱਚੇ ਉੱਠ ਕੇ ਤਾਰੀਫ਼ ਵੀ ਕੀਤੀ ਹੈ, ਸਿਆਣਪ ਹੈ ਉਹਨਾਂ ਦੀ, ਆਲੋਚਨਾ ਲਈ ਤਾਂ ਮੌਕੇ ਹੋਰ ਵਧੇਰੇ ਹੁੰਦੇ ਹਨ।”

ਇਸ ਸੰਮੇਲਨ ਨੇ ਇਹ ਦੱਸਿਆ ਕਿ ਵਾਸ਼ਿੰਗਟਨ ਅਤੇ ਨਵੀਂ ਦਿੱਲੀ ਦੀ ਗੂੜ੍ਹੀ ਦੋਸਤੀ ਹੈ, ਹਰ ਮੁੱਦੇ ’ਤੇ ਸਹਿਮਤੀ ਬਣ ਰਹੀ ਹੈ। ਅਸਲ ਦੇ ਵਿੱਚ ‘ਬਾਲੀ ਸੰਮੇਲਨ’ ਦੀ ਅਸਫਲਤਾ ਸਾਰੇ ਜੀ 20 ਮੈਂਬਰ ਦੇਸ਼ਾਂ ਨੂੰ ਪ੍ਰੇਸ਼ਾਨ ਹੀ ਕਰ ਰਹੀ ਸੀ। ਜੇ ਇਹ ਵੀ ਸੰਮੇਲਨ ਅਸਫ਼ਲ ਰਹਿੰਦਾ ਤਾਂ ਰੂਸ ਦੇ ਨਾਲ ਮਿਲ ਕੇ ਚੀਨ ਜੋ ਖਿਚੜੀ ਬਣਾ ਰਿਹਾ, ਉਸ ਨੂੰ ਹੋਰ ਬਲ ਮਿਲਣਾ ਸੀ। ਇਸ ਸੰਮੇਲਨ ਤੋਂ ਪਹਿਲਾਂ ਅਮਰੀਕਾ ਦੀ ਚੀਨ ਨੂੰ ਵੱਟੀ ਘੂਰੀ ਜਾਂ ਕਹੋ ਚਿਤਾਵਨੀ ਸੀ ਕਿ ਕੋਈ ਰੁਕਾਵਟ ਖੜੀ ਨਾ ਕਰੇ ਤੇ ਖ਼ੈਰ ਇਹ ਦਬਾਓ ਵੇਖਣ ਨੂੰ ਵੀ ਮਿਲਿਆ। ਰੂਸ ਦੀ ਸੁਰ ਵੀ ਮੱਧਮ ਹੀ ਰਹੀ ਹੈ। ਘੋਸ਼ਣਾ ਪੱਤਰ ਵਿੱਚ ਲਿਖਿਆ ਕਿ “ ਹਰ ਰਾਸ਼ਟਰੀ -ਅੰਤਰਰਾਸ਼ਟਰੀ ਕਾਨੂੰਨ ਦਾ ਪਾਲਣ ਕਰਨਾ ਚਾਹੀਦਾ ਹੈ, ਕਬਜ਼ੇ ਦੀ ਭਾਵਨਾ ਤਿਆਗਣੀ ਚਾਹੀਦੀ ਹੈ, ਹਥਿਆਰਾਂ ਦੇ ਲਈ ਤਾਕਤ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਪਰਮਾਣੂ ਹਥਿਆਰਾਂ ਦੀ ਵਰਤੋਂ ਵਾਲੀ ਗੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ, ਸ਼ਾਂਤੀ ਦੀ ਸਥਾਪਨਾ, ਇਹ ਮੁੱਦੇ ਨਾਮ ਨਾ ਲਏ ਬਿਨਾਂ ਰੂਸ ਨੂੰ ਸਿੱਧੀ ਚਿਤਾਵਨੀ ਸੀ ਕਿ ਯੂਕਰੇਨ ਦੇ ਵਿੱਚ ਜੋ ਹੋ ਰਿਹਾ ਹੈ ਅਸੀਂ ਸਾਰੇ ਤੰਗ ਹਾਂ, ਤੇ ਲੜਾਈ ਖ਼ਤਮ ਕਰਨ ਵੱਲ ਕਦਮ ਵਧਾਏ ਜਾਣ। ਸੀ.ਐਨ.ਐਨ. ਦੀ ਰਿਪੋਰਟ ਦੇ ਵਿੱਚ ਲੰਘੇ ਸਮੇਂ ਵਿੱਚ ਕਿਹਾ ਗਿਆ ਸੀ ਕਿ ਅਸੀਂ ਇੱਕ ਏਸ਼ੀਆਈ ਦੇਸ਼ ਦਾ ਉਭਾਰ ਦੇਖ ਰਹੇ ਹਾਂ, ਤੇ ਸਭ ਨੇ ਸੋਚਿਆ ਸੀ ਕਿ ਕਿਤੇ ਚੀਨ ਦੀ ਗੱਲ ਤਾਂ ਨਹੀਂ ਪਰ ਉਸ ਰਿਪੋਰਟ ਨੇ ਭਾਰਤ ਦੀ ਤਰੱਕੀ ਦੀ ਗੱਲ ਕੀਤੀ ਸੀ। ਭਾਰਤ ਦੀ ਇਹ ਵੀ ਵੱਡੀ ਪਹਿਲ ਹੈ ਕਿ ਅਫ਼ਰੀਕਾ ਦੇਸ਼, ਜੋ 55 ਦੇਸ਼ਾਂ ਦੀ ਨੁਮਾਇੰਦਗੀ ਕਰਦਾ ਹੈ, ਜੀ 20 ਦਾ ਮੈਂਬਰ ਬਣਾ ਲਿਆ ਪਰ ਹੁਣ ਤਾਂ ਇਸ ਨੂੰ ‘ਜੀ 21’ ਵੀ ਕਹਿ ਸਕਦੇ ਹਾਂ। ਅੱਖ ਤਾਂ ਚੀਨ ਦੀ ਵੀ ਅਫ਼ਰੀਕਣ ਯੂਨੀਅਨ ’ਤੇ ਸੀ ਪਰ ਭਾਰਤ ਬਾਜ਼ੀ ਮਾਰ ਗਿਆ। ਇਸ ਸੰਮੇਲਨ ਦੇ ਵਿੱਚ ਰੂਸ ਤੇ ਚੀਨ ਦੇ ਰਾਸ਼ਟਰਪਤੀ ਨਹੀਂ ਆਏ ਪਰ ‘ਜੀ 20’ ਨੇ ਸੰਦੇਸ਼ ਦਿੱਤਾ ਕਿ ਤੁਹਾਡੇ ਤੋਂ ਬਿਨਾਂ ਅਸੀਂ ਅੱਗੇ ਵੱਧ ਸਕਦੇ ਹਾਂ। ਆਖਰ ਵਿੱਚ ‘ਜੀ 20’ ਦੇ ਸਾਰੇ ਦੇਸ਼ਾਂ ਦੇ ਨੇਤਾਵਾਂ ਨੇ ਮਹਾਤਮਾ ਗਾਂਧੀ ਦੀ ਸਮਾਧੀ ’ਤੇ ਜਾ ਕੇ ਨਫ਼ਰਤ ਫੈਲਾਉਣ ਵਾਲਿਆਂ ਨੂੰ ਇੱਕ ਜ਼ਬਰਦਸਤ ਸੁਨੇਹਾ ਦਿੱਤਾ।

**DIAMOND TRANSPORTATION**

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205



# ਪੀ.ਜੀ. ਦੇ ਮੱਕੜ ਜਾਲ 'ਚ ਫਸੇ ਵਿਦਿਆਰਥੀ

## ਦੇਸ਼-ਵਿਦੇਸ਼ 'ਚ ਕਰੋੜਾਂ ਦਾ ਵਪਾਰ ਬਣਿਆ 'ਪੀ.ਜੀ.' ਸਿਸਟਮ







ਕੈਨੇਡਾ ਵਿੱਚ ਪੰਜਾਬ ਅਤੇ ਭਾਰਤ ਦੇ ਹੋਰਨਾਂ ਰਾਜਾਂ ਤੋਂ ਹਰ ਦਿਨ ਅਨੇਕਾਂ ਵਿਦਿਆਰਥੀ ਪਹੁੰਚ ਰਹੇ ਹਨ, ਜਿਹਨਾਂ ਵਿਚੋਂ ਵੱਡੀ ਗਿਣਤੀ ਵਿਦਿਆਰਥੀ ਉਥੇ ਪੀ.ਜੀ. ਰਹਿੰਦੇ ਹਨ। ਕੈਨੇਡਾ ਵਿੱਚ ਇਸ ਸਮੇਂ ਪੀ.ਜੀ. ਕੇਂਦਰਾਂ ਅਤੇ ਵਿਦਿਆਰਥੀਆਂ ਦੀ ਗਿਣਤੀ ਬਹੁਤ ਵੱਧ ਗਈ ਹੈ, ਜਿਸ ਕਾਰਨ ਪੀ.ਜੀ. ਕੇਂਦਰਾਂ ਦੇ ਕਿਰਾਏ ਵੀ ਬਹੁਤ ਵੱਧ ਗਏ ਹਨ। ਇਸ ਤੋਂ ਇਲਾਵਾ ਕੈਨੇਡਾ ਵਿੱਚ ਰਹਿੰਦੇ ਪੁਰਾਣੇ ਪੰਜਾਬੀ ਵੀ ਨਵੇਂ ਆਉਣ ਵਾਲੇ ਵਿਦਿਆਰਥੀਆਂ ਨੂੰ ਚੰਗਾ ਨਹੀਂ ਸਮਝ ਰਹੇ।



ਕੈਨੇਡਾ ਜਾਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਨਾ ਸਿਰਫ਼ ਉੱਚ ਟਿਊਸ਼ਨ ਫੀਸਾਂ ਦਾ ਬੋਝ ਝੱਲਣਾ ਪੈਂਦਾ ਹੈ - ਜੋ ਕਿ ਸਥਾਨਕ ਕੈਨੇਡੀਅਨ ਵਿਦਿਆਰਥੀਆਂ ਦੁਆਰਾ ਅਦਾ ਕੀਤੀ ਗਈ ਰਕਮ ਦਾ ਪੰਜ ਗੁਣਾ ਹੈ - ਪਰ ਉਹਨਾਂ ਨੂੰ ਲਾਜ਼ਮੀ ਗਾਰੰਟੀਸ਼ੁਦਾ ਨਿਵੇਸ਼ ਵਿੱਚ ਘੱਟੋ ਘੱਟ ਦਸ ਹਜ਼ਾਰ ਕੈਨੇਡੀਅਨ ਡਾਲਰਾਂ ਦਾ ਨਿਵੇਸ਼ ਕਰਨ ਦੀ ਵੀ ਲੋੜ ਹੁੰਦੀ ਹੈ। ਕੈਨੇਡਾ ਤੋਂ ਵੀਡੀਓ ਵਾਇਰਲ ਹੋ ਰਹੇ ਹਨ ਜਿਸ ਵਿੱਚ ਨੌਕਰੀਆਂ ਦੀ ਭਾਲ ਵਿੱਚ ਭਾਰਤੀ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਗ੍ਰੈਜੂਏਟਾਂ ਦੀਆਂ ਲੰਬੀਆਂ ਕਤਾਰਾਂ ਦਿਖਾਈਆਂ ਜਾ ਰਹੀਆਂ ਹਨ। ਪ੍ਰਜਵਲ ਮਲਹੋਤਰਾ, ਜੋ ਕਿ ਕੈਨੇਡਾ ਦੇ ਸਟੱਡੀ ਵੀਜ਼ੇ 'ਤੇ ਹਨ, ਨੇ ਕਿਹਾ ਕਿ ਇੱਥੇ ਸਭ ਕੁਝ ਮਹਿੰਗਾ ਹੋ ਰਿਹਾ ਹੈ ਅਤੇ ਵਿਦਿਆਰਥੀ ਭਾਰਤ ਵਿੱਚ ਆਪਣੇ ਮਾਪਿਆਂ ਤੋਂ ਵਾਧੂ ਵਿੱਤੀ ਸਹਾਇਤਾ ਲੈਣ ਲਈ ਮਜਬੂਰ ਹਨ। ਇਹ ਸਥਿਤੀ ਸਾਨੂੰ ਪਰੇਸ਼ਾਨ ਕਰ ਰਹੀ ਹੈ। ਨੌਕਰੀਆਂ ਉਪਲਬਧ ਨਹੀਂ ਹਨ, ਮੈਂ ਜਿਸ ਵਪਾਰ ਦਾ ਅਧਿਐਨ ਕੀਤਾ ਹੈ, ਉਸ ਲਈ ਕੋਈ ਨੌਕਰੀ ਉਪਲਬਧ ਨਹੀਂ ਹੈ। ਸਥਿਤੀ ਇਹ ਹੈ ਕਿ ਆਈਟੀ ਕੋਰਸ ਕਰਨ ਤੋਂ ਬਾਅਦ ਵਿਦਿਆਰਥੀ ਟੈਕਸੀ ਚਲਾ ਰਹੇ ਹਨ ਜਾਂ ਕੈਫੇ ਵਿੱਚ ਕੰਮ ਕਰ ਰਹੇ ਹਨ। ਸਮੱਸਿਆ ਸਿਰਫ਼ ਇੱਕ ਨਹੀਂ ਸਗੋਂ ਕਈ ਹੈ, ਵਿਦਿਆਰਥੀ ਹਫ਼ਤੇ ਵਿੱਚ ਸਿਰਫ਼ 20 ਘੰਟੇ ਕੰਮ ਕਰ ਸਕਦੇ ਹਨ। ਤਨਖਾਹ 15 ਡਾਲਰ ਪ੍ਰਤੀ ਘੰਟਾ ਹੈ, ਜਿਸਦਾ ਮਤਲਬ ਹੈ 300 ਡਾਲਰ ਪ੍ਰਤੀ ਹਫਤਾ ਅਤੇ 1200 ਡਾਲਰ ਪ੍ਰਤੀ ਮਹੀਨਾ। ਭਾਰਤੀ ਕਰੰਸੀ 'ਚ ਇਹ ਸਿਰਫ਼ 72 ਹਜ਼ਾਰ ਰੁਪਏ ਹੈ, ਜਿਸ 'ਚ 50 ਹਜ਼ਾਰ ਰੁਪਏ ਦਾ ਕਿਰਾਇਆ ਹੈ ਅਤੇ ਇਸ ਤੋਂ ਉੱਪਰ ਸਰਕਾਰੀ ਟੈਕਸ ਹੈ। ਵਰਕ ਪਰਮਿਟ 'ਤੇ ਵੀ ਨੌਕਰੀਆਂ ਨਹੀਂ ਹਨ, ਨੌਜਵਾਨ ਅੱਧੇ ਮੁੱਲ 'ਤੇ ਨਕਦੀ ਵਾਲੀਆਂ ਨੌਕਰੀਆਂ ਕਰਨ ਲਈ ਮਜਬੂਰ ਹਨ।

ਜਲੰਧਰ ਦੇ ਰੋਹਿਤ ਭੋਲਾ ਦਾ ਕਹਿਣਾ ਹੈ ਕਿ ਵਿਦਿਆਰਥੀ ਇਸ ਉਮੀਦ ਨਾਲ ਇੱਥੋਂ ਚਲੇ ਜਾਂਦੇ ਹਨ ਕਿ ਕੈਨੇਡਾ ਪਹੁੰਚਦੇ ਹੀ ਉਹ ਤੁਰੰਤ ਕੰਮ ਕਰਨਾ ਸ਼ੁਰੂ ਕਰ ਦੇਣਗੇ। ਨੁਮਾਇੰਦਿਆਂ ਨੇ ਸਾਨੂੰ ਇਹ ਵੀ ਭਰੋਸਾ ਦਿਵਾਇਆ ਕਿ ਕੈਨੇਡਾ ਵਿੱਚ ਨੌਕਰੀਆਂ ਦੇ ਬਹੁਤ ਸਾਰੇ ਮੌਕੇ ਹਨ ਅਤੇ ਅਸੀਂ ਨਾ ਸਿਰਫ਼ ਆਪਣਾ ਖਰਚਾ ਪੂਰਾ ਕਰ ਸਕਾਂਗੇ ਸਗੋਂ ਘਰ-ਘਰ ਪੈਸੇ ਵੀ ਭੇਜ ਸਕਾਂਗੇ। ਇਹ ਹਕੀਕਤ ਨਹੀਂ ਹੈ। ਰੋਹਿਤ ਭੋਲਾ ਦਾ ਪੁੱਤਰ ਸਿਧਾਰਥ ਭੋਲਾ ਦਸੰਬਰ 2019 ਵਿੱਚ ਕੈਨੇਡਾ ਗਿਆ ਸੀ। ਉਸਨੇ 2021 ਵਿੱਚ ਆਪਣੀ ਪੜ੍ਹਾਈ ਪੂਰੀ ਕੀਤੀ ਸੀ ਅਤੇ ਅਕਾਉਂਟਸ ਵਿੱਚ ਡਿਪਲੋਮਾ ਕੀਤਾ ਸੀ ਪਰ ਉਸ ਨੂੰ ਨੌਕਰੀ ਨਹੀਂ ਮਿਲੀ। ਨਤੀਜੇ ਵਜੋਂ, ਉਹ ਇੱਕ ਸਟੋਰ ਵਿੱਚ ਕੰਮ ਕਰ ਰਿਹਾ ਹੈ। ਨੌਕਰੀਆਂ ਦੀ ਘਾਟ ਦੇ ਨਾਲ-ਨਾਲ ਰਿਹਾਇਸ਼ ਅਤੇ ਭੋਜਨ ਦੀਆਂ ਵਧਦੀਆਂ ਕੀਮਤਾਂ ਨੇ ਸਥਿਤੀ ਨੂੰ ਹੋਰ ਵਿਗਾੜ ਦਿੱਤਾ ਹੈ। ਉਥੋਂ ਦੇ ਮਕਾਨ-ਮਾਲਕ ਮਨਮਾਨੇ ਢੰਗ ਨਾਲ ਕਿਰਾਇਆ ਵਧਾ ਰਹੇ ਹਨ, ਇੱਥੋਂ ਤੱਕ ਕਿ ਜੇਕਰ ਉਹ ਵਧੀ ਹੋਈ ਰਕਮ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿੰਦੇ ਹਨ ਤਾਂ ਬੇਦਖਲ ਕਰਨ ਦੀ ਧਮਕੀ ਵੀ ਦੇ ਰਹੇ ਹਨ।

ਐਡਮਿੰਟਨ, ਕੈਨੇਡਾ ਦੇ ਵਸਨੀਕ ਪਰਵਿੰਦਰ ਮੌਟੂ ਦੇ ਅਨੁਸਾਰ, ਜੋ ਕਿ ਇਮੀਗ੍ਰੇਸ਼ਨ ਦਾ ਕਾਰੋਬਾਰ ਚਲਾਉਂਦਾਹੈ, ਬਰੈਂਪਟਨ, ਓਨਟਾਰੀਓ ਅਤੇ ਸਰੀ, ਬ੍ਰਿਟਿਸ਼ ਕੋਲੰਬੀਆ, ਆਮ ਤੌਰ 'ਤੇ ਕੈਨੇਡਾ ਵਿੱਚ ਭਾਰਤੀ ਪ੍ਰਵਾਸੀਆਂ ਨਾਲ ਜੁੜੇ ਸ਼ਹਿਰ ਹਨ। ਉਹ ਫਿਲਮਾਂ, ਗੀਤਾਂ ਅਤੇ ਸਾਹਿਤ ਰਾਹੀਂ ਪੰਜਾਬੀ ਚੇਤਨਾ ਵਿੱਚ ਇੰਨੇ ਡੂੰਘੇ ਪ੍ਰਵੇਸ਼ ਕਰ ਚੁੱਕੇ ਹਨ ਕਿ ਉਨ੍ਹਾਂ ਨੂੰ ਪੰਜਾਬ ਦਾ ਵਿਸਤਾਰ ਹੋਣ ਦੇ ਨਾਲ-ਨਾਲ ਕੈਨੇਡਾ ਦਾ ਵੀ ਅਨਿੱਖੜਵਾਂ ਅੰਗ ਮੰਨਿਆ ਜਾਂਦਾ ਹੈ।

ਭਾਰਤ, ਖਾਸ ਤੌਰ 'ਤੇ ਪੰਜਾਬ ਤੋਂ ਆਉਣ ਵਾਲੇ ਨੌਜਵਾਨਾਂ ਕੋਲ ਭਾਸ਼ਾ ਦੀ ਮੁਹਾਰਤ ਅਤੇ ਸਿੱਖਿਆ ਹੈ, ਪਰ ਕੈਨੇਡਾ ਵਿੱਚ ਅਕਸਰ ਉਨ੍ਹਾਂ ਦੇ ਪ੍ਰਮਾਣ ਪੱਤਰਾਂ ਨੂੰ ਮਾਨਤਾ ਨਹੀਂ ਦਿੱਤੀ ਜਾਂਦੀ, ਜਿਸ ਕਾਰਨ ਉਹ ਘੱਟ ਤਨਖਾਹ ਵਾਲੀਆਂ ਨੌਕਰੀਆਂ ਸਵੀਕਾਰ ਕਰਨ ਲਈ ਮਜਬੂਰ ਹੁੰਦੇ ਹਨ। ਕੈਨੇਡਾ ਵਿੱਚ ਬਹੁਤ ਸਾਰੇ ਹੁਨਰਮੰਦ ਮੌਕੇ ਹਨ ਪਰ ਛੋਟੀਆਂ ਨੌਕਰੀਆਂ ਦੀ ਵੱਡੀ ਘਾਟ ਹੈ। ਇਸ ਦੇ ਨਾਲ ਹੀ ਕੈਨੇਡਾ ਇਮੀਗ੍ਰੇਸ਼ਨ ਮਾਹਿਰ ਸੁਕਾਂਤ ਦਾ ਕਹਿਣਾ ਹੈ ਕਿ ਕੈਨੇਡਾ ਦੀ ਸਥਿਤੀ ਨੂੰ ਲੈ ਕੇ ਚਿੰਤਾ ਵਧ ਗਈ ਹੈ। ਕਈ ਮਾਪਿਆਂ ਨੇ ਉਸ ਨੂੰ ਇਹ ਚਿੰਤਾ ਜ਼ਾਹਰ ਕੀਤੀ ਹੈ। ਕਈ ਮਾਪਿਆਂ ਨੇ ਬੱਚਿਆਂ ਨੂੰ ਸਲਾਹ ਦਿੱਤੀ ਹੈ ਕਿ ਡਿਪਰੈਸ਼ਨ ਵਿੱਚ ਜਾਣ ਦੀ ਬਜਾਏ ਉਹ ਵਾਪਸੀ ਕਰਨ ਤਾਂ ਬਿਹਤਰ ਹੋਵੇਗਾ। ਇਸੇ ਕਾਰਨ ਇਸ ਸਾਲ ਕੈਨੇਡਾ ਜਾਣ ਵਾਲਿਆਂ ਦੀ ਗਿਣਤੀ 50 ਫੀਸਦੀ ਤੱਕ ਘੱਟ ਗਈ ਹੈ। ਭਾਰਤ ਵਿੱਚ, ਚਾਹੇ ਅਸੀਂ ਚੰਗੇ ਸਕੂਲਾਂ, ਕਾਲਜਾਂ ਜਾਂ ਉੱਚ ਤਨਖਾਹ ਵਾਲੀਆਂ ਨੌਕਰੀਆਂ ਦੀ ਗੱਲ ਕਰੀਏ, ਇਹ ਸਭ ਵੱਡੇ ਸ਼ਹਿਰਾਂ ਵਿੱਚ ਉਪਲਬਧ ਹਨ। ਇਸੇ ਕਰਕੇ ਲੋਕ ਪਿੰਡਾਂ ਅਤੇ ਕਸਬਿਆਂ ਨੂੰ ਛੱਡ ਕੇ ਸ਼ਹਿਰਾਂ ਵੱਲ ਜਾ ਰਹੇ ਹਨ। ਅਜਿਹੇ 'ਚ ਨਾ ਸਿਰਫ ਕਿਰਾਏ ਦੇ ਮਕਾਨਾਂ ਦੀ ਮੰਗ ਵਧ ਰਹੀ ਹੈ, ਸਗੋਂ ਪੀਜੀ ਦੀ ਮੰਗ ਵੀ ਵਧ ਰਹੀ ਹੈ।

ਅਰਥਚਾਰੇ ਦੀ ਵਧਦੀ ਰਫ਼ਤਾਰ ਕਾਰਨ ਰੁਜ਼ਗਾਰ ਦੇ ਨਵੇਂ ਮੌਕੇ ਵੀ ਖੁੱਲ੍ਹ ਰਹੇ ਹਨ। ਇਸ ਲਈ ਸ਼ਹਿਰਾਂ ਵਿੱਚ ਪੇਇੰਗ ਗੈਸਟ ਜਾਂ ਪੀਜੀ ਰਿਹਾਇਸ਼ ਦੀ ਮੰਗ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਪ੍ਰਾਪਰਟੀ ਖਰੀਦਦਾਰਾਂ ਅਤੇ ਵੇਚਣ ਵਾਲਿਆਂ ਲਈ ਇੱਕ ਔਨਲਾਈਨ ਪਲੇਟਫਾਰਮ ਮੈਜਿਕਬ੍ਰਿਕਸ ਦੁਆਰਾ 'ਐਕਸਪਲੋਰਿੰਗ ਦਿ ਕਰੰਟ ਲੈਂਡਸਕੇਪ ਆਫ ਪੀਜੀ ਅਕੋਮੋਡੇਸ਼ਨ ਇਨ ਇੰਡੀਆ' ਰਿਪੋਰਟ ਵਿੱਚ ਇਹ ਖੁਲਾਸਾ ਹੋਇਆ ਹੈ।

ਮੈਜਿਕਬ੍ਰਿਕਸ ਦੀ ਇਸ ਰਿਪੋਰਟ ਦੇ ਅਨੁਸਾਰ, ਦਿੱਲੀ ਸਾਲ 2022-23 ਦੌਰਾਨ ਐਨਸੀਆਰ ਵਿੱਚ ਪੀਜੀ ਰਿਹਾਇਸ਼ਾਂ ਦੀ ਸਪਲਾਈ ਅਤੇ ਮੰਗ ਵਿੱਚ ਸਿਖਰ 'ਤੇ ਹੈ। ਇਸ ਮਿਆਦ ਦੇ ਦੌਰਾਨ, ਪੀਜੀ ਦੀ ਕੁੱਲ ਮੰਗ ਵਿੱਚ 24 ਪ੍ਰਤੀਸ਼ਤ ਦਾ ਵਾਧਾ ਦੇਖਿਆ ਗਿਆ ਜਦੋਂ ਕਿ ਕੁੱਲ ਸਪਲਾਈ ਵਿੱਚ 25 ਪ੍ਰਤੀਸ਼ਤ ਦਾ ਵਾਧਾ ਦੇਖਿਆ ਗਿਆ। ਇਸ ਤੋਂ ਬਾਅਦ ਬੰਗਲੁਰੂ ਦਾ ਨੰਬਰ ਆਇਆ ਜਿੱਥੇ ਮੰਗ 23 ਫੀਸਦੀ ਵਧੀ ਜਦੋਂ ਕਿ ਸਪਲਾਈ 'ਚ 17 ਫੀਸਦੀ ਦਾ ਵਾਧਾ ਹੋਇਆ। ਮੁੰਬਈ ਮੈਟਰੋਪੋਲੀਟਨ ਏਰੀਆ (ਐੱਮ.ਐੱਮ.ਆਰ.) 'ਚ ਮੰਗ ਅਤੇ ਸਪਲਾਈ 'ਚ 16-16 ਫੀਸਦੀ ਵਾਧਾ ਦੇਖਿਆ ਗਿਆ।

ਇਸ ਰਿਪੋਰਟ ਦੇ ਅਨੁਸਾਰ, ਦੇਸ਼ ਭਰ ਵਿੱਚ ਡਬਲ ਅਤੇ ਤੀਹਰੀ ਰਿਹਾਇਸ਼ ਵਾਲੇ ਪੀਜੀ ਦੀ ਮੰਗ ਹੈ। ਇਸ ਦਾ ਮਤਲਬ ਹੈ ਕਿ ਇੱਕ ਕਮਰੇ ਵਿੱਚ ਡਬਲ ਬੈੱਡ ਜਾਂ ਟ੍ਰਿਪਲ ਬੈੱਡ ਵਾਲੇ (ਬਾਕੀ ਸਫ਼ਾ 29 'ਤੇ)

> "ਪੰਜਾਬ ਦੇ ਵੱਖ ਵੱਖ ਸ਼ਹਿਰਾਂ 'ਚ ਵੀ ਪੀ.ਜੀ. ਦਾ ਕਾਰੋਬਾਰ ਧੜੱਲੇ ਨਾਲ ਚਲ ਰਿਹਾ ਹੈ। ਕਈ ਪੀ. ਜੀ. ਸੈਂਟਰ ਦਾ ਗ਼ੈਰਕਨੂੰਨੀ ਤੌਰ 'ਤੇ ਵੀ ਚਲ ਰਹੇ ਹਨ, ਜਦੋਂ ਕਿ ਕਈ ਪੀ.ਜੀ. ਸੈਂਟਰ ਸਰਕਾਰ ਤੋਂ ਮਾਨਤਾ ਪ੍ਰਾਪਤ ਹਨ। ਪੰਜਾਬ ਦੇ ਕਰੀਬ ਹਰ ਸ਼ਹਿਰ ਵਿੱਚ ਵੱਖ ਵੱਖ ਇਲਾਕਿਆਂ ਵਿੱਚ ਪੀ.ਜੀ. ਕੇਂਦਰ ਖੁੱਲੇ ਹੋਏ ਹਨ, ਜਿਨ੍ਹਾਂ ਦੇ ਆਪੋ ਆਪਣੇ ਕਿਰਾਏ ਹਨ। ਜ਼ਿਆਦਾਤਰ ਵਿਦਿਆਰਥੀ ਅਤੇ ਨੌਕਰੀ ਪੇਸ਼ਾ ਵਿਅਕਤੀ ਕਿਰਾਏ 'ਤੇ ਪੂਰਾ ਘਰ ਲੈਣ ਦੀ ਥਾਂ ਪੀ.ਜੀ. ਵਿੱਚ ਰਹਿਣਾ ਪਸੰਦ ਕਰਦੇ ਹਨ। ਉਹਨਾਂ ਨੂੰ ਕਿਰਾਏ 'ਤੇ ਇਕੱਲੇ ਰਹਿਣ ਨਾਲੋਂ ਪੀ.ਜੀ. ਵਿੱਚ ਰਹਿਣਾ ਜ਼ਿਆਦਾ ਸੁਰਖਿਅਤ ਲੱਗਦਾ ਹੈ। ਇਸ ਤਰਾਂ ਪੀ.ਜੀ. ਦਾ ਕਾਰੋਬਾਰ ਪੰਜਾਬ ਵਿੱਚ ਵੀ ਕਾਫ਼ੀ ਵੱਧ ਰਿਹਾ ਹੈ।"





ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

20 ਸਤੰਬਰ ਤੋਂ 26 ਸਤੰਬਰ, 2023

## ਪੰਜਾਬੀ ਯੂਨੀਵਰਸਿਟੀ ਪਟਿਆਲਾ ਮਾਮਲਾ

ਬੀਤੇ ਦਿਨੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਵਿਦਿਆਰਥਣ ਜਸ਼ਨਦੀਪ ਕੌਰ ਦੀ ਮੌਤ ਤੋਂ ਬਾਅਦ ਸਮਾਜ ਦੇ ਹਰੇਕ ਹਲਕੇ ਵਿੱਚ ਗੱਲਬਾਤ ਦੀ ਲੜੀ ਤੁਰੀ ਹੈ। ਯੂਨੀਵਰਸਿਟੀ ਵੱਲੋਂ ਇਸ ਸਾਰੇ ਮਾਮਲੇ ਦੀ ਨਿਆਇਕ ਜਾਂਚ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਵਿਦਿਆਰਥੀਆਂ ਵਿਚਕਾਰ ਖਿੱਚੋਤਾਣ ਅਤੇ ਸ਼ਬਦੀ ਜੰਗ ਚੱਲ ਰਹੀ ਸੀ। ਮ੍ਰਿਤਕ ਦੇ ਹੱਕ ਵਿੱਚ ਵਿਦਿਆਰਥੀਆਂ ਵੱਲੋਂ ਰੋਸ ਜ਼ਾਹਰ ਕੀਤਾ ਜਾ ਰਿਹਾ ਸੀ। ਹੁਣ ਜਾਂਚ ਤੋਂ ਬਾਅਦ ਨਿਕਲੇ ਨਤੀਜੇ ਤੋਂ ਹੀ ਸਹੀ ਗੱਲ ਸਾਹਮਣੇ ਆ ਸਕਦੀ ਹੈ।

ਵਿਦਿਆਰਥਣ ਦੀ ਹੋਈ ਮੌਤ ਪਿਛੇ ਵੱਡੇ ਹਿੱਸੇ ਵੱਲੋਂ ਇੱਕ ਗੱਲ ਇਹ ਵੀ ਕਹੀ ਜਾ ਰਹੀ ਹੈ ਕਿ ਉਸ ਨੂੰ ਮਾਨਸਿਕ ਤੌਰ 'ਤੇ ਪਰੇਸ਼ਾਨੀ ਵਿਚੋਂ ਲੰਘਣਾ ਪਿਆ, ਜਿਸ ਕਰ ਕੇ ਉਸ ਦੀ ਸਿਹਤ ਵਿਗੜੀ। ਪ੍ਰੋਫੈਸਰ ਸੁਰਜੀਤ ਦੇ ਖ਼ਿਲਾਫ਼ ਕੁਝ ਵਿਦਿਆਰਥੀਆਂ ਵੱਲੋਂ ਕੈਮਰੇ ਸਾਹਮਣੇ ਆ ਕੇ ਆਪਣੇ ਨਾਲ ਹੁੰਦੀਆਂ ਵਧੀਕੀਆਂ ਨੂੰ ਵੀ ਦੱਸਿਆ ਗਿਆ। ਮੌਤ ਦੀ ਖ਼ਬਰ ਆਉਣ ਤੋਂ ਬਾਅਦ ਵਿਦਿਆਰਥੀਆਂ ਨੇ ਪ੍ਰੋਫੈਸਰ ਖ਼ਿਲਾਫ਼ ਧੱਕਾ ਮੁੱਕੀ ਕੀਤੀ ਅਤੇ ਪ੍ਰੋਫੈਸਰ ਸੁਰਜੀਤ ਦੇ ਸੱਟਾਂ ਲੱਗਣ ਦੀ ਖ਼ਬਰ ਵੀ ਆਈ ਹੈ। ਇਸ ਤੋਂ ਇਹ ਗੱਲ ਬਾਹਰ ਆਈ ਹੈ ਕਿ ਯੂਨੀਵਰਸਿਟੀ ਅੰਦਰ ਸਭ ਕੁਝ ਸਹੀ ਨਹੀਂ ਹੈ। ਵਿਦਿਆਰਥੀ ਅਤੇ ਪ੍ਰੋਫੈਸਰਾਂ ਦਰਮਿਆਨ ਕਾਫ਼ੀ ਪਾੜਾ ਹੈ।

ਸਿੱਖਿਆ ਸੰਸਥਾਵਾਂ ਬਾਰੇ ਇੱਕ ਗੱਲ ਦੀ ਚਰਚਾ ਆਮ ਕਰਕੇ ਚੱਲਦੀ ਰਹਿੰਦੀ ਹੈ ਕਿ ਅਧਿਆਪਕ ਵਾਹ ਲੱਗਦੇ ਵਿਦਿਆਰਥੀਆਂ ਨੂੰ ਤੰਗ ਪਰੇਸ਼ਾਨ ਕਰਦੇ ਹਨ। ਪ੍ਰੋਫੈਸਰ ਸੁਰਜੀਤ ਦੀ ਹੋਈ ਕੁੱਟਮਾਰ ਸ਼ਾਇਦ ਇਸੇ ਵਾਹ ਲੱਗਣ ਦੇ ਅਮਲ ਵਿਚੋਂ ਨਿਕਲੀ ਜਵਾਬੀ ਕਾਰਵਾਈ ਹੈ। ਗੁਰੂ ਚੇਲੇ ਦੀ ਪਰੰਪਰਾ ਦੇ ਤੌਰ 'ਤੇ ਸਮਾਜ ਵਿੱਚ ਰਹਿੰਦਿਆਂ ਅਸੀਂ ਇਹ ਵੇਖਣਾ ਹੈ ਕਿ ਇਹ ਵਾਹ ਲੱਗਣ ਦੀ ਪਿਰਤ ਕਿੰਨੀ ਕੁ ਚੰਗੀ ਹੈ? ਸਿੱਖਣ, ਸਿਖਾਉਣ ਦੀ ਅਹਿਮੀਅਤ ਅਤੇ ਸਿੱਖਣ ਵਾਲੇ, ਸਿਖਾਉਣ ਵਾਲੇ ਦੀ ਆਪਸੀ ਕਦਰ ਕਿਉਂ ਘੱਟ ਰਹੀ ਹੈ? ਯੂਨੀਵਰਸਿਟੀ ਵਿੱਚ ਭਾਵੇਂ ਵਿਦਿਆਰਥੀ ਅਧਿਆਪਕਾਂ ਤੋਂ ਜ਼ਲੀਲ ਹੁੰਦੇ ਹੋਣ ਜਾਂ ਵਿਦਿਆਰਥੀ ਅਧਿਆਪਕਾਂ ਖ਼ਿਲਾਫ਼ ਗੁੱਸਾ ਕੱਢ ਜਾਣ, ਇਹ ਬਿਰਤੀ ਦੋਵੇਂ ਪਾਸਿਓਂ ਹੀ ਮਾੜੀ ਹੈ।

ਵਿਦਿਆਰਥੀਆਂ ਨਾਲ ਮਾੜੇ ਰਵਈਏ ਅਤੇ ਸ਼ੋਸ਼ਣ ਪਿਛੇ ਸੱਚਾਈ ਨੂੰ ਘੋਖਣ ਲਈ ਵਿਦਿਆਰਥੀਆਂ ਅਤੇ ਜਿੰਮੇਵਾਰ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਅਜਿਹਾ ਪ੍ਰਬੰਧ ਘੜਿਆ ਜਾਣਾ ਚਾਹੀਦਾ ਹੈ ਕਿ ਕੋਈ ਵੀ ਵਿਦਿਆਰਥੀ ਅਜਿਹੇ ਹਾਲਾਤਾਂ ਵਿੱਚ ਆਪਣਾ ਪੱਖ ਰੱਖ ਸਕੇ ਅਤੇ ਉਸ ਨਾਲ ਨਿਆਂ ਹੋ ਸਕੇ। ਆਮ ਤੌਰ 'ਤੇ ਘਟਨਾਵਾਂ ਵਾਪਰਨ ਤੋਂ ਬਾਅਦ ਸਾਡੀ ਦੌੜ ਉਸੇ ਮਸਲੇ ਦੀ ਤਹਿ ਤੱਕ ਜਾਣ 'ਤੇ ਹੀ ਸੀਮਤ ਹੁੰਦੀ ਹੈ ਜਿਹਾ ਕਿ ਇਸ ਮਾਮਲੇ ਵਿੱਚ ਸਾਹਮਣੇ ਆ ਰਿਹਾ ਹੈ ਕਿ ਯੂਨੀਵਰਸਿਟੀ ਵੱਲੋਂ ਇਸ ਮਾਮਲੇ ਦੀ ਪੜਤਾਲ ਕੀਤੀ ਜਾਵੇਗੀ, ਦੋਸ਼ੀ ਨਾਮਜ਼ਦ ਹੋਣ 'ਤੇ ਕਾਰਵਾਈ ਲੇਖਾ ਸਾਹਮਣੇ ਲਿਆਂਦਾ ਜਾਵੇਗਾ ਪਰ ਇਸ ਤੋਂ ਵੀ ਅੱਗੇ ਜਾ ਕੇ ਅਗਾਂਹ ਤੋਂ ਇਸ ਤਰ੍ਹਾਂ ਦੇ ਵਰਤਾਰੇ ਨੂੰ ਰੋਕਣ ਲਈ ਕੋਈ ਰਾਹ ਕੱਢਿਆ ਜਾਣਾ ਚਾਹੀਦਾ ਹੈ।

ਵਿਦਿਅਕ ਅਦਾਰਿਆਂ 'ਚ ਅਜਿਹੇ ਵਰਤਾਰੇ ਗੰਭੀਰ ਪੜਚੋਲ ਦੀ ਮੰਗ ਕਰਦੇ ਹਨ। ਇਹ ਮਸਲੇ ਵਿਦਿਆਰਥੀਆਂ ਦੇ ਭਵਿੱਖ ਨਾਲ ਜੁੜੇ ਹਨ। ਯੂਨੀਵਰਸਿਟੀਆਂ ਨਾਲ ਸਬੰਧਿਤ ਸੁਹਿਰਦ ਲੋਕ ਅਤੇ ਵਿਦਿਆਰਥੀਆਂ ਨੂੰ ਗੰਭੀਰ ਪੜਚੋਲ ਕਰਨ ਦੀ ਜਿੰਮੇਵਾਰੀ ਓਟਦਿਆਂ ਸਾਂਝਾ ਪੜਤਾਲੀਆ ਕਮਿਸ਼ਨ ਬਣਾਉਣ, ਵਿਅਕਤੀਆਂ ਦੀ ਨਿਸ਼ਾਨਦੇਹੀ ਕਰਨ, ਸਮਾਜਿਕ ਅਤੇ ਕਨੂੰਨੀ ਤੌਰ ਉੱਤੇ ਸਜ਼ਾ ਵਾਸਤੇ ਹੰਭਲਾ ਮਾਰਨ ਅਤੇ ਸਮੁੱਚੇ ਵਰਤਾਰੇ ਨੂੰ ਠੱਲ੍ਹ ਪਾਉਣ ਲਈ ਪ੍ਰਬੰਧਕ ਬਦਲਾਅ ਲਿਆਉਣ ਲਈ ਵਿਉਂਤਬੰਦੀ ਕਰਨ ਲਈ ਯਤਨਸ਼ੀਲ ਹੋਣ ਦੀ ਲੋੜ ਹੈ।

## ਨਿੱਝਰ ਮਾਮਲਾ: ਕੈਨੇਡਾ ਅਤੇ ਇੰਡੀਆ ਆਹਮੋ ਸਾਹਮਣੇ

ਕੈਨੇਡਾ ਅਤੇ ਇੰਡੀਆ ਵਿਚਾਲੇ ਵਾਪਰ ਰਹੀਆਂ ਘਟਨਾਵਾਂ ਨੇ ਦੋਵਾਂ ਦੇਸ਼ਾਂ ਦੇ ਆਪਸੀ ਸੰਬੰਧਾਂ ਵਿੱਚ ਵਿਗਾੜ ਪੈਦਾ ਕਰ ਦਿੱਤਾ ਹੈ। ਇੰਡੀਆ ਵੱਲੋਂ ਕੈਨੇਡਾ 'ਤੇ ਪੰਜਾਬ ਦੀ ਅਜ਼ਾਦੀ ਪੱਖੀ ਧਿਰਾਂ ਨੂੰ ਸਹਿਮਤੀ ਦੇਣ ਦਾ ਦੋਸ਼ ਲਗਾਇਆ ਜਾਂਦਾ ਰਿਹਾ ਹੈ। ਪਹਿਲਾਂ ਵੀ ਸੰਬੰਧਾਂ ਵਿੱਚ ਕੋਈ ਖ਼ਾਸ ਸਾਂਝ ਨਹੀਂ ਹੈ। ਹਾਲ ਹੀ ਵਿੱਚ ਦੋਵਾਂ ਮੁਲਕਾਂ ਨੇ ਇੱਕ ਦੂਜੇ ਦੇ ਡਿਪਲੋਮੈਟਾਂ ਨੂੰ ਦੇਸ਼ ਤੋਂ ਬਾਹਰ ਹੋਣ ਦਾ ਹੁਕਮ ਦੇ ਦਿੱਤਾ ਹੈ।

ਜੂਨ ਵਿੱਚ ਕੈਨੇਡਾ ਦੀ ਧਰਤੀ 'ਤੇ ਭਾਈ ਹਰ ਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਬੀਤੇ ਦਿਨੀਂ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ ਪਾਰਲੀਮੈਂਟ ਵਿੱਚ ਇੰਡੀਆ ਦੀਆਂ ਏਜੰਸੀਆਂ ਨੂੰ ਇਸ ਕਤਲ ਦਾ ਜਿੰਮੇਵਾਰ ਦੱਸਿਆ ਹੈ।

ਪੱਛਮੀ ਮੁਲਕਾਂ ਵਿੱਚ ਕੈਨੇਡਾ ਦਾ ਕੱਦ ਅਤੇ ਅਜਿਹੇ ਬਿਆਨ ਦੇਣ ਪਿਛੇ ਦੀ ਹਕੀਕਤ ਨੂੰ ਕਈ ਪਾਸਿਆਂ ਤੋਂ ਖੜਕੇ ਦੇਖਣ ਦੀ ਜ਼ਰੂਰਤ ਹੈ। ਪ੍ਰਧਾਨ ਮੰਤਰੀ ਟਰੂਡੋ ਦੇ ਬਿਆਨ ਵਿੱਚ ਆਏ ਲਫਜ਼ ਕਿ ਸਿੱਧਾ ਸਿੱਧਾ ਸ਼ੱਕ ਇੰਡੀਆ ਦੀਆਂ ਏਜੰਸੀਆਂ ਉੱਪਰ ਜਾਂਦਾ ਹੈ, ਇਸ ਦਾ ਮੁਤਾਬਿਕ ਅਜੇ ਕੈਨੇਡਾ ਦੀ ਜਾਂਚ ਪੂਰੀ ਨਹੀਂ ਹੈ। ਅਧੂਰੀ ਜਾਂਚ ਦੇ ਸਿਰ 'ਤੇ ਇੰਡੀਆ ਨੂੰ ਫੋਕਾ ਰੋਹਬ ਦਿਖਾ ਕੇ ਸ਼ਾਇਦ ਉਲਟਾ ਪ੍ਰਤੀਕਰਮ ਜਾਨਣ ਦੀ ਕੋਸ਼ਿਸ਼ ਹੋ ਰਹੀ ਹੈ। ਕਿਸੇ ਵੀ ਵੇਲੇ ਇੰਡੀਆ ਨੂੰ ਬਰੀ ਵੀ ਕੀਤਾ ਜਾ ਸਕਦਾ ਹੈ ਕਿਉਂਕਿ ਇਸ ਵੇਲੇ ਅਮਰੀਕਾ ਇੰਡੀਆ ਦੇ ਪੂਰਾ ਪੂਰਾ ਹੱਕ ਵਿੱਚ ਹੈ। ਵੈਸੇ ਵੀ ਰੂਸ ਉਪਰ ਪਾਬੰਦੀਆਂ ਲਾਉਣ ਤੋਂ ਬਾਅਦ ਅਤੇ ਚੀਨ ਨਾਲ ਮੁਕਾਬਲੇ ਵਿੱਚ ਹੋਣ ਦੇ ਬਾਵਜੂਦ ਇੰਡੀਆ ਨੂੰ ਆਪਣੇ ਨਾਲ ਰੱਖਣਾ ਅਮਰੀਕਾ ਦੀ ਮਜਬੂਰੀ ਬਣ ਗਿਆ ਦਿਖਾਈ ਦਿੰਦਾ ਹੈ ਪਰ ਨਾਲ ਹੀ ਸਿੱਖਾਂ ਦੀ ਹਮਾਇਤ ਨੂੰ ਵਰਤ ਕੇ ਇੰਡੀਆ ਦੇ ਸਿਰ ਕੁੰਡਾ ਵੀ ਰੱਖਣਾ ਚਾਹੁੰਦਾ ਹੈ। ਫਿਲਹਾਲ ਇਹੀ ਸੰਭਾਵਨਾ ਬਣ ਰਹੀ ਹੈ। ਇਹ ਹਕੀਕਤ ਹੈ ਕਿ ਅਮਰੀਕਾ ਤੋਂ ਬਿਨਾਂ ਕੈਨੇਡਾ ਕਿਸੇ ਗੱਲ 'ਤੇ ਖੜ੍ਹ ਨਹੀਂ ਸਕਦਾ ਭਾਵੇਂ ਕਿ ਅੰਤਰਰਾਸ਼ਟਰੀ ਮਾਮਲਿਆਂ ਵਿੱਚ ਕੈਨੇਡਾ ਆਪਣੀ ਹਸਤੀ ਨੂੰ ਵੱਡਾ ਦਿਖਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਰਣਨੀਤੀ ਦੇ ਪੱਖੋਂ ਅਮਰੀਕਾ ਅਤੇ ਕੈਨੇਡਾ ਵੱਖੋ-ਵੱਖ ਨਹੀਂ ਹਨ। ਦੋਨੋਂ ਇੱਕ ਸਾਂਝੀ ਰਣਨੀਤੀ ਤਹਿਤ ਹੀ ਬਿਆਨ ਅਤੇ ਅਮਲ ਕਰਦੇ ਹਨ। ਹੁਣ ਦੀ ਸਥਿਤੀ ਬਾਰੇ ਵੀ ਬ੍ਰਿਟੇਨ ਅਤੇ ਅਮਰੀਕਾ ਨੂੰ ਕੈਨੇਡਾ ਨੇ ਜਾਣਕਾਰੀ ਦੇ ਦਿੱਤੀ ਹੈ।

ਸੰਨ 2018 ਦੇ ਵਿੱਚ ਕੈਨੇਡਾ ਦੇ ਵਿੱਚ ਚੀਨ ਨੇ ਆਪਣੇ ਪੱਧਰ 'ਤੇ ਕਾਰਵਾਈ ਕੀਤੀ ਸੀ। ਹੁਣ ਇੰਡੀਆ ਵੱਲੋਂ ਵੀ ਕੈਨੇਡਾ ਦੇ ਕਾਨੂੰਨ ਤੋਂ ਬਾਹਰੀ ਹੋ ਕੇ ਇਹ ਕਾਰਵਾਈ ਕਰਨ ਕਰਕੇ ਕੈਨੇਡਾ ਦੀ ਅਫ਼ਸਰਸ਼ਾਹੀ ਇਸ ਨੂੰ ਕੈਨੇਡਾ ਵਿੱਚ ਦਖ਼ਲਅੰਦਾਜ਼ੀ ਸਮਝ ਰਹੀ ਹੈ। ਕੈਨੇਡਾ ਇਸ ਨੂੰ ਐਵੇਂ ਸਮਝ ਰਿਹਾ ਹੈ ਜਿਵੇਂ ਇੰਡੀਆ ਨੇ ਪਾਕਿਸਤਾਨ ਵਿੱਚ ਗੋਲੀਬਾਰੀ ਕਰਕੇ ਉਥੇ ਦੇ ਆਦਮੀ ਮਾਰ ਦਿੱਤੇ ਸਨ। ਕੈਨੇਡਾ ਨੇ ਇਹ ਫ਼ਿਕਰ ਜ਼ਾਹਰ ਕੀਤਾ ਹੈ ਕਿ ਜੇਕਰ ਇਸ ਤਰ੍ਹਾਂ ਦੀਆਂ ਕਾਰਵਾਈਆਂ ਨੂੰ ਢਿੱਲ ਦਿੱਤੀ ਤਾਂ ਆਉਣ ਵਾਲੇ ਸਮੇਂ ਵਿੱਚ ਕੈਨੇਡਾ ਵਿੱਚ ਬਾਹਰਲੇ ਮੁਲਕਾਂ ਦੀਆਂ ਕਾਰਵਾਈਆਂ ਰੋਕਣਾ ਮੁਸ਼ਕਿਲ ਹੋ ਜਾਵੇਗਾ। ਜੋ ਕਿ ਕੈਨੇਡਾ ਦੀ ਪ੍ਰਭੂਸੱਤਾ ਨੂੰ ਸਿੱਧੀ ਚੁਣੌਤੀ ਹੈ। ਕੈਨੇਡਾ ਇਸ ਤਰ੍ਹਾਂ ਦੇ ਵਰਤਾਰੇ ਪ੍ਰਤੀ ਫ਼ਿਕਰ ਕਰ ਰਿਹਾ ਹੈ।

ਪਕਿਸਤਾਨ ਵਿਚਲੀ ਸਰਜ਼ੀਕਲ ਸਟਰਾਇਕ ਦੀ ਤਰਜ਼ 'ਤੇ ਹੀ ਕੈਨੇਡਾ ਵਿੱਚ ਸਿੱਖਾਂ ਨੂੰ ਕਤਲ ਕਰਨ ਦੀ ਕਾਰਵਾਈਆਂ ਨੂੰ ਵਰਤ ਕੇ ਮੋਦੀ ਤੰਤਰ ਵੋਟਾਂ ਆਪਣੇ ਹੱਕ ਵਿੱਚ ਭੁਗਤਾਉਣ ਅਤੇ ਮੋਦੀ ਮਜ਼ਬੂਤ ਆਗੂ ਵਜੋਂ ਅਪਣਾ ਕੱਦ ਉੱਚਾ ਦਿਖਾਉਣ ਦਾ ਯਤਨ ਕਰੇਗਾ। ਬਗੈਰ ਕਿਸੇ ਮੁਲਕ ਤੋਂ ਇੰਡੀਆ ਵਿੱਚ ਗੁਲਾਮੀ ਅਤੇ ਕੈਨੇਡਾ ਵਿੱਚ ਬੇਗਾਨੇ ਦਰ 'ਤੇ ਬੈਠੇ ਸਿੱਖਾਂ ਨੂੰ ਇਹਨਾਂ ਘਟਨਾਵਾਂ ਦੇ ਪਿੱਛੇ ਦੀਆਂ ਅਣਦਿਸਦੀਆਂ ਰਮਜ਼ਾਂ ਨੂੰ ਬੁਝਣ ਦਾ ਯਤਨ ਕਰਨਾ ਚਾਹੀਦਾ ਹੈ।

**-ਸੰਪਾਦਕ**

# ਕਿੰਨੇ ਕੁ ਸੱਚ ਹਨ ਭਾਰਤ ਨੂੰ ਵਿਕਸਤ ਦੇਸ਼ ਬਣਾਉਣ ਦੇ ਦਾਅਵੇ

ਕੇਹਰ ਸਿੰਘ



ਕੁਝ ਸਮਾਂ ਪਹਿਲਾਂ ਦੇਸ਼ ਦੇ ਵਣਜ ਮੰਤਰੀ ਪਿਊਸ਼ ਗੋਇਲ ਦਾ ਬਿਆਨ ਆਇਆ ਕਿ ਆਉਣ ਵਾਲੇ ਪੰਜ ਸਾਲਾਂ ਵਿੱਚ ਦੇਸ਼-ਦੁਨੀਆਂ ਦੀ ਵੱਡੀ ਤਾਕਤ ਬਣ ਜਾਵੇਗਾ ਅਤੇ ਸੰਨ 2047 ਤੱਕ ਦੇਸ਼, ਅਮਰੀਕਾ ਦੇ ਬਰਾਬਰ ਦੀ ਤਾਕਤ ਬਣ ਜਾਵੇਗਾ। ਠੀਕ ਇਸੇ ਤਰ੍ਹਾਂ ਦੇ ਹੀ ਵਿਚਾਰ ਕੇਂਦਰੀ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਦੇ ਹਨ। ਉਨ੍ਹਾਂ ਨੇ ਵੀ ਕਿਹਾ ਹੈ ਕਿ ਸੰਨ 2047 ਤੱਕ ਤੁਸੀਂ ਇੱਕ ਵਿਕਸਤ ਦੇਸ਼ ਦੇ ਬਸ਼ਿੰਦੇ ਹੋਵੋਗੇ ਅਤੇ ਦੇਸ਼ ਸੰਸਾਰ ਦੀਆਂ ਉੱਪਰਲੀਆਂ ਅਤਿ ਵਿਕਸਤ ਸ਼ਕਤੀਆਂ ਵਿਚੋਂ ਇਕ ਹੋਵੇਗਾ।

ਬਿਨਾਂ ਸ਼ੱਕ ਦੇਸ਼ ਤਰੱਕੀ ਕਰ ਰਿਹਾ ਹੈ ਪਰ ਵਿਕਾਸ ਦੇ ਲਾਭ ਕੁਝ ਹੱਥਾਂ ਤੱਕ ਹੀ ਸੀਮਤ ਹਨ। ਇਕ ਗ਼ਰੀਬ ਦੀ ਰੋਜ਼ਾਨਾ ਦੀ ਕਮਾਈ 3.65 ਡਾਲਰ ਬਣਦੀ ਹੈ। ਮਹੀਨੇ ਦਾ ਮਸਾਂ ਦਸ ਕੁ ਹਜ਼ਾਰ ਰੁਪਿਆ ਬਣਦਾ ਹੈ, ਜੋ ਇਕ ਪਰਿਵਾਰ ਨੂੰ ਰੋਟੀ ਦੇਣ ਲਈ ਵੀ ਕਾਫ਼ੀ ਨਹੀਂ ਹੈ। ਵਿਸ਼ਵ ਬੈਂਕ ਮੁਤਾਬਿਕ ਭਾਰਤ ਹਾਲੇ ਹੇਠਲੀ ਆਮਦਨ ਵਾਲੇ ਦੇਸ਼ਾਂ ਵਿੱਚ ਹੀ ਸ਼ੁਮਾਰ ਹੈ। ਵਿਕਸਤ ਦੇਸ਼ਾਂ ਤੋਂ ਤਾਂ ਅਸੀਂ ਬਹੁਤ ਪਿੱਛੇ ਹਾਂ। ਪਹਿਲੀ ਗੱਲ ਤਾਂ ਅਸੀਂ ਢਾਈ ਦਹਾਕਿਆਂ ਵਿੱਚ ਏਨੇ ਅਮੀਰ ਨਹੀਂ ਹੋ ਸਕਦੇ ਕਿ ਦੇਸ਼ ਵਿਕਸਤ ਦੇਸ਼ ਬਣ ਜਾਵੇ। ਜੇਕਰ ਅਸੀਂ ਵਿਕਸਿਤ ਦੇਸ਼ਾਂ ਦੇ ਪੈਮਾਨੇ ਨੂੰ ਅੰਕੜਿਆਂ ਦੇ ਪੱਖ ਤੋਂ ਵੀ ਲੈਂਦੇ ਹਾਂ ਤਦ ਵੀ ਅਸੀਂ ਬਾਕੀਆਂ ਦੇ ਬਰਾਬਰ ਨਹੀਂ ਹੋ ਸਕਦੇ, ਕਿਉਂਕਿ ਉਸ ਸਮੇਂ ਤੱਕ ਵਿਕਸਤ ਦੇਸ਼ ਹੋਰ ਅੱਗੇ ਨਿਕਲ ਜਾਣਗੇ। ਸਫ਼ਰ ਏਨਾ ਸੌਖਾ ਨਹੀਂ ਹੈ। ਸਰਕਾਰਾਂ ਦਾ ਧਿਆਨ ਤਾਂ ਸੱਤਾ ਲੈਣ ਅਤੇ ਮਾਨਣ ਤੱਕ ਹੈ। ਬਾਕੀ ਸਭ ਕੁਝ ਬਾਅਦ ਦੀਆਂ ਗੱਲਾਂ ਹਨ। ਸਦੀਆਂ ਤੋਂ ਪਿਛੜੇ ਲੋਕਾਂ ਦੀ ਹਾਲਾਤ ਅੱਜ ਵੀ ਤਰਸਯੋਗ ਹੈ। ਉਨ੍ਹਾਂ ਨਾਲ ਅੱਜ ਵੀ ਵਿਤਕਰਾ ਹੋ ਰਿਹਾ ਹੈ। ਗ਼ਰੀਬੀ, ਬੇਰੁਜ਼ਗਾਰੀ, ਕਾਣੀ ਵੰਡ, ਅਸਮਾਨਤਾ, ਸਾਧਨਾਂ ਦੀ ਅਸਮਾਨ ਵੰਡ, ਤਕੜੇ ਧਨਾਢਾਂ ਦਾ ਬੋਲ ਬਾਲਾ, ਸਿਸਟਮ 'ਤੇ ਤਕੜੇ ਦਾ ਕਬਜ਼ਾ ਅੱਜ ਵੀ ਦੇਸ਼ ਦੀਆਂ ਮੁੱਖ ਸਮੱਸਿਆਵਾਂ ਹਨ, ਜੋ ਆਉਣ ਵਾਲੇ ਸਮੇਂ ਵਿੱਚ ਵੀ ਰਹਿਣਗੀਆਂ, ਕਿਉਂਕਿ ਸਾਡਾ ਉਸ ਪਾਸੇ ਧਿਆਨ ਹੀ ਨਹੀਂ ਹੈ। ਬਿਨਾਂ ਸ਼ੱਕ ਆਜ਼ਾਦੀ ਤੋਂ ਬਾਅਦ ਤਰੱਕੀ ਹੋਈ ਹੈ। ਪਰ ਤਰੱਕੀ ਉਨ੍ਹਾਂ ਦੀ ਹੀ ਹੋਈ ਹੈ, ਜਿਹੜੇ ਪਹਿਲਾਂ ਹੀ ਵੱਡੇ ਸਨ। ਵੱਡੀਆਂ-ਵੱਡੀਆਂ ਕੰਪਨੀਆਂ ਅਤੇ ਉਦਯੋਗਪਤੀ, ਪੂੰਜੀਪਤੀ ਅੱਗੇ ਵਧ ਰਹੇ ਹਨ। ਵੱਡੀਆਂ-ਵੱਡੀਆਂ ਇਮਾਰਤਾਂ ਸ਼ਹਿਰਾਂ ਦੇ ਆਲੇ-ਦੁਆਲੇ ਜ਼ਰੂਰ ਚਮਕ ਰਹੀਆਂ ਹਨ ਪਰ ਉਹ ਸਭ ਉਪਰਲੇ ਆਦਮੀਆਂ ਦੀਆਂ ਹੀ ਹਨ। ਇਸ ਨੂੰ ਸਮੁੱਚੇ ਦੇਸ਼ ਦੀ ਤਰੱਕੀ ਨਹੀਂ ਕਿਹਾ ਜਾ ਸਕਦਾ। ਸਿੱਖਿਆ ਅਤੇ ਸਿਹਤ ਅਹਿਮ ਖੇਤਰ ਹਨ, ਜਿੱਥੇ ਵੱਧ ਨਿਵੇਸ਼ ਹੋਣਾ ਚਾਹੀਦਾ ਹੈ, ਕਿਉਂਕਿ ਇਨ੍ਹਾਂ ਖੇਤਰਾਂ ਦੇ ਵਾਧੇ ਅਤੇ ਵਿਕਾਸ ਨਾਲ ਹੀ ਦੇਸ਼ ਮਜ਼ਬੂਤ ਹੋਵੇਗਾ ਪਰ ਸਰਕਾਰਾਂ ਦਾ ਉਸ ਪਾਸੇ ਧਿਆਨ ਹੀ ਨਹੀਂ ਹੈ। ਬਾਕੀ ਜਗ੍ਹਾ ਖੁੱਲ੍ਹਾ ਪੈਸਾ ਖ਼ਰਚਿਆ ਜਾਂਦਾ ਹੈ ਜਿੱਥੇ ਜ਼ਰੂਰਤ ਵੀ ਨਹੀਂ ਹੈ ਪਰ ਸਿੱਖਿਆ ਅਤੇ ਸਿਹਤ ਨੂੰ ਮਹੱਤਤਾ ਨਹੀਂ ਦਿੱਤੀ ਜਾਂਦੀ। ਭਾਵੇਂ ਇਸ ਖੇਤਰ ਤੋਂ ਸਿੱਧੀ ਆਮਦਨ ਦੀ ਕੋਈ ਆਸ ਨਹੀਂ ਹੁੰਦੀ ਪਰ ਸਿੱਖਿਆ ਅਤੇ ਸਿਹਤ ਖੇਤਰ ਦੀ ਮਜ਼ਬੂਤੀ ਤੋਂ ਬਿਨਾਂ ਅਸੀਂ ਬਾਕੀ ਜਗ੍ਹਾਂ ਵੀ ਕਾਮਯਾਬ ਨਹੀਂ ਹੋ ਸਕਾਂਗੇ। ਸਿੱਖਿਆ ਤੋਂ ਬਿਨਾਂ ਕਿਸ ਤਰ੍ਹਾਂ ਵਾਧਾ ਹੋਵੇਗਾ, ਸਿਹਤ ਤੋਂ ਬਿਨਾਂ ਕਿਸ ਤਰ੍ਹਾਂ ਇਕ ਨਿੱਗਰ ਅਤੇ ਨਿਰੋਏ ਸਮਾਜ ਦੀ ਕਲਪਨਾ ਕੀਤੀ ਜਾ ਸਕਦੀ ਹੈ। ਇਨ੍ਹਾਂ ਖੇਤਰਾਂ ਨੂੰ ਅਣਗੌਲਿਆ ਕਰਕੇ ਅਸੀਂ ਕਿਸ ਤਰ੍ਹਾਂ 2047 ਤੱਕ ਦੁਨੀਆ ਦੀ ਵਿਕਸਤ ਤਾਕਤ ਬਣ ਸਕਾਂਗੇ।

ਅੰਕੜਿਆਂ ਮੁਤਾਬਿਕ ਅੱਜ ਭਾਰਤ 3.3 ਖਰਬ ਡਾਲਰ ਵਾਲੀ ਵੱਡੀ ਆਰਥਿਕ ਸ਼ਕਤੀ ਹੈ। ਅਸੀਂ 2024 ਤੱਕ ਪੰਜ ਖਰਬ ਡਾਲਰ ਦਾ ਟੀਚਾ ਮਿਥਿਆ ਹੈ, ਜੋ ਕਿਸੇ ਵੀ ਕੀਮਤ 'ਤੇ ਪ੍ਰਾਪਤ ਨਹੀਂ ਹੋ ਸਕੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕਹਿਣਾ ਹੈ ਕਿ ਬਹੁਤ ਸਾਰੀਆਂ ਘਰੇਲੂ ਅਤੇ ਬਾਹਰੀ ਔਕੜਾਂ ਦੇ ਬਾਵਜੂਦ ਵੀ ਸਾਡੀ ਵਿਕਾਸ ਦਰ 7.2 ਪ੍ਰਤੀਸ਼ਤ ਸਾਲਾਨਾ ਹੈ। ਦੇਸ਼ ਦੇ ਰਿਜ਼ਰਵ ਬੈਂਕ ਦੇ ਗਵਰਨਰ ਸ਼ਕਤੀਕਾਂਤ ਦਾ ਕਹਿਣਾ ਹੈ ਕਿ 2022-23 ਵਿੱਚ ਵਿਕਾਸ ਦਰ 7 ਪ੍ਰਤੀਸ਼ਤ ਸਾਲਾਨਾ ਰਹਿਣ ਦੀ ਸੰਭਾਵਨਾ ਹੈ। ਪਰ ਇਹ ਸਭ ਅੰਕੜੇ ਹਨ। ਕੀ ਉਸ ਨਿਸਬਤ ਦੇਸ਼ ਦੇ ਹਾਲਾਤ ਬਿਹਤਰ ਹੋਏ ਹਨ? ਕੀ ਦੇਸ਼ ਦੇ ਹੇਠਲੇ ਤਬਕੇ ਜਿਨ੍ਹਾਂ ਦੀ ਗਿਣਤੀ 40 ਕਰੋੜ ਹੈ, ਨੂੰ ਕੋਈ ਰਾਹਤ ਮਿਲੀ। ਕੀ ਅਸਮਾਨ ਛੂੰਹਦੀ ਮਹਿੰਗਾਈ ਨੂੰ ਕੋਈ ਠੱਲ੍ਹ ਪਈ। ਇਨ੍ਹਾਂ ਸਵਾਲਾਂ ਦਾ ਜਵਾਬ ਕਿਸੇ ਪਾਸ ਵੀ ਨਹੀਂ ਹੈ। ਲੋਕ ਪਹਿਲਾਂ ਦੇ ਮੁਕਾਬਲੇ ਤੰਗ ਹਨ। ਵਿੱਤੋਂ ਵੱਧ ਮਹਿੰਗਾਈ ਨੇ ਹਰ ਇੱਕ ਦਾ ਤਰਾਹ ਕੱਢ ਦਿੱਤਾ ਹੈ। ਆਮਦਨ ਨਾਲ ਘਰ ਚਲਾਉਣੇ ਮੁਸ਼ਕਿਲ ਹੋ ਚੁੱਕੇ ਹਨ। ਵੇਖਣ ਨੂੰ ਭਾਵੇਂ ਸਕੂਟਰਾਂ, ਕਾਰਾਂ ਜਾਂ ਹੋਰ ਵਾਹਨਾਂ ਦੀ ਭੀੜ ਵਧ ਚੁੱਕੀ ਹੈ ਪਰ ਉਹ ਅਮੀਰੀ ਦਾ ਚਿੰਨ੍ਹ ਨਹੀਂ ਹਨ। ਦੇਸ਼ ਦੇ ਕਰੋੜਾਂ ਲੋਕਾਂ ਪਾਸ ਅੱਜ ਵੀ ਸਿਰ ਲੁਕਾਉਣ ਲਈ ਝੌਂਪੜੀ ਵੀ ਨਹੀਂ ਹੈ। ਉਹ ਅੱਜ ਵੀ ਮੁੱਢਲੀਆਂ ਜ਼ਰੂਰਤਾਂ ਤੋਂ ਵੀ ਵਾਂਝੇ ਹਨ। ਦੇਸ਼ ਦੇ 40 ਕਰੋੜ ਲੋਕ ਅੱਜ ਵੀ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਦੇਸ਼ ਸਭ ਪਾਸੇ ਤੋਂ ਪਿਛੜਿਆ ਹੋਇਆ ਹੈ। ਭਾਵੇਂ ਕਹਿਣ ਨੂੰ ਦੇਸ਼ ਕਲਿਆਣਕਾਰੀ ਰਾਜ ਹੈ ਪਰ ਅਸਲੀਅਤ ਵਿਚ ਦੇਸ਼ ਦਾ ਵੱਡਾ ਤਬਕਾ ਕਲਿਆਣਕਾਰੀ ਸਕੀਮਾਂ ਤੋਂ ਵਾਂਝਾ ਰਹਿ ਜਾਂਦਾ ਹੈ। ਦੇਸ਼ ਦਾ ਅਰਥਚਾਰਾ ਕਹਿਣ ਨੂੰ ਜ਼ਰੂਰ ਆਧੁਨਿਕ ਲੀਹਾਂ 'ਤੇ ਤੁਰ ਰਿਹਾ ਹੈ ਪਰ ਅਸਲੀਅਤ ਵਿੱਚ ਅਜਿਹਾ ਨਹੀਂ ਹੈ। ਦੇਸ਼ ਵਿੱਚ ਵਿਕਾਸਮਈ ਖ਼ਰਚ ਦੀ ਬਜਾਏ ਵਿਨਾਸ਼ਮਈ ਫ਼ਜ਼ੂਲ ਖ਼ਰਚੀ ਬਹੁਤ ਹੋ ਰਹੀ ਹੈ, ਜਿਸ ਦਾ ਸਿਆਸੀ ਆਦਮੀਆਂ ਨੂੰ ਚੋਣਾਂ ਸਮੇਂ ਤਾਂ ਲਾਭ ਜ਼ਰੂਰ ਹੋ ਸਕਦਾ ਹੈ ਪਰ ਦੇਸ਼ ਜਾਂ ਸਮਾਜ ਲਈ ਉਹ ਖ਼ਰਚ ਲਾਹੇਵੰਦ ਨਹੀਂ ਹੁੰਦਾ। ਧਾਰਮਿਕ ਸਥਾਨਾਂ ਅਤੇ ਪਰੰਪਰਾਵਾਂ 'ਤੇ ਅਸੀਂ ਅਰਬਾਂ, ਖਰਬਾਂ ਰੁਪਏ ਖ਼ਰਚਦੇ ਹਾਂ ਜਿੱਥੇ ਖਰਚ ਕੀਤਾ ਪੈਸਾ ਕਿਸੇ ਤਰ੍ਹਾਂ ਵੀ ਨਿਵੇਸ਼ ਨਹੀਂ ਕਿਹਾ ਜਾ ਸਕਦਾ। ਕਹਿਣ ਦਾ ਭਾਵ ਕਿ ਕੁਝ ਕੁ ਪ੍ਰਤੀਸ਼ਤ ਨੂੰ ਛੱਡ ਕੇ ਬਾਕੀਆਂ ਦੀ ਹਾਲਤ ਚੰਗੀ ਨਹੀਂ ਹੈ। ਦੇਸ਼ ਦੀ ਆਰਥਿਕ ਹਾਲਤ ਬਹੁਤ ਨਿੱਘਰ ਚੁੱਕੀ ਹੈ।

ਵਿਸ਼ਵ ਭੁੱਖਮਰੀ ਸਰਵੇਖਣ ਮੁਤਾਬਿਕ ਸੰਸਾਰ ਦੇ 121 ਦੇਸ਼ਾਂ ਵਿਚੋਂ ਭਾਰਤ ਦਾ 107ਵਾਂ ਨੰਬਰ ਹੈ। ਦੇਸ਼ ਦੇ 22 ਕਰੋੜ ਲੋਕ ਭੁੱਖਮਰੀ ਨਾਲ ਜੂਝ ਰਹੇ ਹਨ। ਦੇਸ਼ ਵਿੱਚ ਲਗਾਤਾਰ ਗ਼ਰੀਬਾਂ ਦੀ ਗਿਣਤੀ ਵਧ ਰਹੀ ਹੈ। ਲਗਭਗ ਦੇਸ਼ ਦੇ 26 ਕਰੋੜ ਲੋਕ ਗ਼ਰੀਬ ਹਨ, ਜਿਨ੍ਹਾਂ ਦੀ ਗਿਣਤੀ ਯੂਰਪ ਦੇ ਕਈ ਦੇਸ਼ਾਂ ਦੇ ਬਰਾਬਰ ਅਤੇ ਅਮਰੀਕਾ ਵਰਗੇ ਵਿਕਸਤ ਦੇਸ਼ਾਂ ਦੀ ਕੁੱਲ ਆਬਾਦੀ ਦੇ ਨੇੜੇ-ਤੇੜੇ ਹੈ। ਅਸੀਂ ਕਿਸ ਤਰ੍ਹਾਂ ਕਹਿ ਸਕਦੇ ਹਾਂ ਕਿ ਦੇਸ਼ ਵਿਕਾਸ ਕਰ ਰਿਹਾ ਹੈ? ਦੇਸ਼ ਦੇ 90 ਪ੍ਰਤੀਸ਼ਤ ਬਾਸ਼ਿੰਦਿਆਂ ਦੀ ਪ੍ਰਤੀ ਮਹੀਨਾ ਆਮਦਨ ਪੱਚੀ ਹਜ਼ਾਰ ਤੋਂ ਵੀ ਹੇਠਾਂ ਹੈ। ਇਹ ਤਾਂ ਕਿਹਾ ਜਾ ਰਿਹਾ ਹੈ ਕਿ ਦੇਸ਼ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ ਪਰ ਇਹ ਵੀ ਸੱਚ ਹੈ ਕਿ ਭਾਰਤ ਸੰਸਾਰ ਦੇ ਉਨ੍ਹਾਂ ਦੇਸ਼ਾਂ ਵਿਚੋਂ ਇਕ ਹੈ, ਜਿੱਥੇ ਅਸਮਾਨਤਾ ਬਹੁਤ ਵੱਡੇ ਪੱਧਰ 'ਤੇ ਪਾਈ ਜਾਂਦੀ ਹੈ ਅਤੇ ਪਿਛਲੇ ਤਿੰਨ ਦਹਾਕਿਆਂ ਤੋਂ ਇਹ ਅਸਮਾਨਤਾ ਤੇਜ਼ੀ ਨਾਲ ਵਧ ਰਹੀ ਹੈ। ਦੇਸ਼ ਦੇ ਕੁਝ ਕੁ ਅਮੀਰਾਂ ਪਾਸ ਧਨ ਦੌਲਤ ਇਕੱਤਰ ਹੋ ਗਈ ਹੈ। ਸੰਨ 2017 ਦੇ ਇੱਕ ਸਰਵੇਖਣ ਮੁਤਾਬਿਕ ਦੇਸ਼ ਦੀ 73 ਪ੍ਰਤੀਸ਼ਤ ਪੂੰਜੀ ਕੇਵਲ ਇਕ ਪ੍ਰਤੀਸ਼ਤ ਅਮੀਰਾਂ ਪਾਸ ਹੀ ਹੈ। ਹੇਠਲੇ 50 ਪ੍ਰਤੀਸ਼ਤ ਤਬਕੇ ਪਾਸ ਕੇਵਲ 3 ਪ੍ਰਤੀਸ਼ਤ ਧਨ ਦੌਲਤ ਹੈ। ਕਿਸੇ ਵੀ ਕੌਮ ਦੀ ਖ਼ੁਸ਼ਹਾਲੀ ਵਾਸਤੇ ਆਰਥਿਕ ਸਮਾਨਤਾ ਹੋਣੀ ਜ਼ਰੂਰੀ ਹੈ। ਜਦ ਹਰ ਇੱਕ ਖ਼ੁਸ਼ਹਾਲ ਅਤੇ ਸਮਰੱਥ ਹੋਵੇਗਾ ਤਾਂ ਹੀ ਅਸੀਂ ਕਹਾਂਗੇ ਸਮੁੱਚਾ ਦੇਸ਼ ਖ਼ੁਸ਼ਹਾਲ ਹੈ। ਸਾਡੇ ਦੇਸ਼ ਵਿੱਚ ਤਾਂ ਆਰਥਿਕ ਸਾਧਨਾਂ ਅਤੇ ਮੌਕਿਆਂ ਦੀ ਅਸਮਾਨਤਾ ਬਹੁਤ ਵੱਡੇ ਪੱਧਰ 'ਤੇ ਹੈ। ਦੇਸ਼ ਦੇ ਪੰਜ ਪ੍ਰਤੀਸ਼ਤ ਲੋਕਾਂ ਪਾਸ ਦੇਸ਼ ਦਾ 60 ਪ੍ਰਤੀਸ਼ਤ ਸਰਮਾਇਆ ਹੈ। ਕਿਸ ਤਰ੍ਹਾਂ ਕਿਹਾ ਜਾਵੇਗਾ ਕਿ ਸਮੁੱਚਾ ਦੇਸ਼ ਵਿਕਾਸ ਕਰ ਰਿਹਾ ਹੈ? ਇਕ ਅੰਦਾਜ਼ੇ ਮੁਤਾਬਿਕ ਭਾਰਤ ਵਿੱਚ ਘੱਟ ਆਮਦਨ ਵਾਲੇ ਜਾਂ ਗ਼ਰੀਬਾਂ ਲਈ ਇਕ ਸਥਾਪਿਤ ਕੱਪੜਾ ਉਦਯੋਗ ਵਿੱਚ ਲੱਗੇ ਕਾਰਜ ਸਾਧਕ ਜਾਂ ਪ੍ਰਬੰਧਕ ਦੇ ਸਾਲਾਨਾ ਵੇਤਨ ਦੇ ਬਰਾਬਰ ਪੈਸੇ ਕਮਾਉਣ ਲਈ 941 ਸਾਲ ਲੱਗ ਜਾਣਗੇ। ਕਹਿਣ ਦਾ ਭਾਵ ਸਾਡੇ ਸਾਧਨਾਂ ਅਤੇ ਆਮਦਨ ਦੀ ਅਸਮਾਨਤਾ ਦਾ ਪਾੜਾ ਬਹੁਤ ਵੱਡਾ ਹੈ, ਜਿਸ ਦਾ ਅਸਰ ਬਾਕੀ ਪੱਖਾਂ 'ਤੇ ਵੀ ਪੈਂਦਾ ਹੈ। ਜਿਵੇਂ ਘੱਟ ਆਮਦਨ ਦਾ ਅਸਰ ਸਮਾਜਿਕ ਸੁਰੱਖਿਆ 'ਤੇ ਵੀ ਪੈਂਦਾ ਹੈ। ਸਮਾਜਿਕ ਸੁਰੱਖਿਆ ਤੋਂ ਭਾਵ ਲੋਕਾਂ ਨੂੰ ਇਹ ਵਿਸ਼ਵਾਸ ਹੋਣਾ ਕਿ ਅਨਹੋਣੀ ਜਾਂ ਦੁਰਘਟਨਾ ਸਮੇਂ ਉਨ੍ਹਾਂ ਨੂੰ ਡੋਲਣਾ ਨਹੀਂ ਪਵੇਗਾ। ਸਾਡੇ ਦੇਸ਼ ਵਿੱਚ ਤਾਂ ਸਮਾਜਿਕ ਸੁਰੱਖਿਆ ਦੀ ਬਿਲਕੁਲ ਵੀ ਗਰੰਟੀ ਨਹੀਂ ਹੈ। ਕੁਝ ਸਮਾਂ ਪਹਿਲਾਂ ਕੋਰੋਨਾ ਬਿਮਾਰੀ ਸਮੇਂ ਦੇਸ਼ ਵਿਆਪੀ ਬੰਦ ਨੇ ਲੋਕਾਂ ਨੂੰ ਹਾਲੋਂ ਬੇਹਾਲ ਕਰ ਦਿੱਤਾ ਸੀ, ਜਿਸ ਸਮੇਂ ਉਨ੍ਹਾਂ ਨੂੰ ਵੱਡੇ ਸਹਾਰੇ ਦੀ ਜ਼ਰੂਰਤ ਸੀ ਪਰ ਸਰਕਾਰਾਂ ਨੇ ਉਨ੍ਹਾਂ ਨੂੰ ਕੋਈ ਵੱਡਾ ਸਹਾਰਾ ਨਹੀਂ ਦਿੱਤਾ। ਬੜੇ ਔਖੇ ਦਿਨ ਲੋਕਾਂ ਨੇ ਕੱਟੇ ਸ਼ਾਇਦ ਉਹ ਮੰਦਹਾਲੀ ਦੇ ਦਿਨ ਉਨ੍ਹਾਂ ਨੂੰ ਕਦੇ ਵੀ ਨਹੀਂ ਭੁੱਲਣਗੇ। ਕਹਿਣ ਦਾ ਭਾਵ ਕਿ ਅਸੀਂ ਕਿਸੇ ਪੱਖ ਤੋਂ ਵੀ ਪੂਰੇ ਨਹੀਂ ਹਾਂ।

ਮੋਦੀ ਤੇ ਸ਼ਾਹ ਦੀਆਂ ਮੌਜੂਦਾ ਲੋਕ ਲੁਭਾਊ ਗੱਲਾਂ ਜਾਂ ਦੇਸ਼ ਨੂੰ ਅਮਰੀਕਾ ਦੇ ਨਾਲ ਮੇਲਣਾ ਇਹ ਵੀ ਡੀਂਗਾਂ ਤੋਂ ਵੱਧ ਕੁਝ ਵੀ ਨਹੀਂ। ਜੇਕਰ ਹਾਲਾਤ ਮੌਜੂਦਾ ਵਾਲੇ ਹੀ ਰਹਿਣੇ ਹਨ ਤਾਂ ਦੇਸ਼ ਕਦੇ ਵੀ ਵਿਕਸਤ ਦੇਸ਼ਾਂ ਦੀ ਕਤਾਰ ਵਿੱਚ ਜਗ੍ਹਾ ਨਹੀਂ ਬਣਾ ਸਕੇਗਾ। ਦੇਸ਼ ਤਦ ਹੀ ਵਿਕਸਤ ਹੋਵੇਗਾ ਜਾਂ ਕਹਾਏਗਾ ਜੇਕਰ ਦੇਸ਼ ਦਾ ਸਰਬਪੱਖੀ ਵਿਕਾਸ ਹੋਵੇਗਾ ਅਤੇ ਲੋਕਾਂ ਨੂੰ ਵਧੀਆ ਸੁੱਖ-ਸਹੂਲਤਾਂ ਵਾਲੀ ਜ਼ਿੰਦਗੀ ਮਾਨਣ ਨੂੰ ਮਿਲ ਰਹੀ। ਉਨ੍ਹਾਂ ਨੂੰ ਸਮਾਜਿਕ ਸੁਰੱਖਿਆ ਦੀ ਆਸ ਹੋਵੇ। ਉਨ੍ਹਾਂ ਦੇ ਚਿਹਰੇ 'ਤੇ ਖ਼ੁਸ਼ਹਾਲੀ ਅਤੇ ਸਕੂਨ ਅਸਲ ਵਿੱਚ ਵੇਖਣ ਨੂੰ ਮਿਲੇ। ਕੇਵਲ ਵੱਡੇ ਸਬਜ਼ ਬਾਗ਼ ਵਿਖਾਉਣੇ ਜਾਂ ਵਧੀਆ ਭਵਿੱਖ ਦੀ ਆਸ ਵਿਖਾਉਣੀ ਸ਼ਗੂਫ਼ੇਬਾਜ਼ੀ ਅਤੇ ਲੁਭਾਉਣੀਆਂ ਗੱਲਾਂ ਤੋਂ ਸਿਵਾਏ ਕੁਝ ਵੀ ਨਹੀਂ। ਇਸ ਤਰ੍ਹਾਂ ਦੇਸ਼ ਵਿਕਸਿਤ ਰਾਸ਼ਟਰ ਨਹੀਂ ਬਣ ਸਕਦਾ।

# ਜਮਹੂਰੀਅਤ ਤੇ ਸੰਘਵਾਦ ਲਈ ਨੁਕਸਾਨਦੇਹ ਹੈ 'ਵਨ ਨੇਸ਼ਨ, ਵਨ ਇਲੈਕਸ਼ਨ'

ਪੀ. ਸੁਧੀਰ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ 'ਵਨ ਨੇਸ਼ਨ, ਵਨ ਇਲੈਕਸ਼ਨ' ਦੇ ਨਾਅਰੇ ਨੂੰ ਲਾਗੂ ਕਰ ਕੇ ਸੰਸਦੀ ਲੋਕਤੰਤਰ ਅਤੇ ਸੰਘਵਾਦ ਦੋਵਾਂ ਨੂੰ ਕਮਜ਼ੋਰ ਕਰਨਾ ਚਾਹੁੰਦੀ ਹੈ। ਸਰਕਾਰ ਨੇ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਪ੍ਰਧਾਨਗੀ ਵਿੱਚ ਅੱਠ ਮੈਂਬਰੀ ਸੰਸਦੀ ਕਮੇਟੀ ਦੇ ਗਠਨ ਦਾ ਐਲਾਨ ਕੀਤਾ ਹੈ। ਸੰਦਰਭ ਦੀਆਂ ਸ਼ਰਤਾਂ ਇਹ ਸਪੱਸ਼ਟ ਕਰਦੀਆਂ ਹਨ ਕਿ ਕਮੇਟੀ ਦਾ ਕੰਮ ਸਿਰਫ਼ ਇਹ ਸਿਫ਼ਾਰਸ਼ ਕਰਨਾ ਹੈ ਕਿ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਲਈ ਇਕੱਠਿਆਂ ਚੋਣਾਂ ਕਰਵਾਉਣ ਦੇ ਪ੍ਰਸਤਾਵ ਨੂੰ ਕਿਵੇਂ ਲਾਗੂ ਕੀਤਾ ਜਾਵੇ ਅਤੇ ਇਸ ਲਈ ਕਾਨੂੰਨੀ ਤੇ ਸੰਵਿਧਾਨਕ ਕਦਮ ਕਿਵੇਂ ਚੁੱਕੇ ਜਾਣ। ਕਮੇਟੀ ਕੋਲੋਂ ਉਹੀ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੈ, ਜੋ ਸਰਕਾਰ ਚਾਹੁੰਦੀ ਹੈ, ਕਿਉਂਕਿ ਇਸ ਨੂੰ ਇਸ ਉਦੇਸ਼ ਲਈ ਹੀ ਬਣਾਇਆ ਗਿਆ ਹੈ ਅਤੇ ਇਸ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਸ਼ਾਮਿਲ ਹਨ।

ਜਦੋਂ ਤੋਂ ਭਾਜਪਾ 2014 ਤੋਂ ਸੱਤਾ ਵਿੱਚ ਆਈ ਹੈ, ਉਸ ਦੇ ਬਾਅਦ ਤੋਂ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਂ-ਸਮੇਂ 'ਤੇ ਇਕ ਨੇਸ਼ਨ, ਵੰਨ ਇਲੈਕਸ਼ਨ ਚੋਣ ਦੀ ਗੱਲ ਕਰਦੇ ਰਹੇ ਹਨ। ਉਨ੍ਹਾਂ ਨੇ 2020 ਵਿੱਚ ਕਿਹਾ ਸੀ ਕਿ ਇਹ ਬਹਿਸ ਦਾ ਵਿਸ਼ਾ ਨਹੀਂ, ਸਗੋਂ ਭਾਰਤ ਲਈ ਇਕ ਜ਼ਰੂਰਤ ਹੈ। ਭਾਜਪਾ ਨੇਤਾ ਇਕੱਠਿਆਂ ਚੋਣਾਂ ਦੀ ਜ਼ਰੂਰਤ 'ਤੇ ਘਿਸੇ-ਪਿਟੇ ਤਰਕ ਦੇ ਰਹੇ ਹਨ: ਕਿ ਇਸ ਨਾਲ ਵਾਰ-ਵਾਰ ਚੋਣਾਂ ਕਾਰਨ ਹੋਣ ਵਾਲਾ ਬਹੁਤ ਸਾਰਾ ਖ਼ਰਚ ਬਚ ਜਾਵੇਗਾ; ਵਾਰ-ਵਾਰ ਚੋਣਾਂ ਹੋਣ ਨਾਲ ਚੋਣ ਜ਼ਾਬਤਾ ਲਾਗੂ ਹੋ ਜਾਂਦਾ ਹੈ, ਜਿਸ ਨਾਲ ਵਿਕਾਸ ਦੇ ਕੰਮਾਂ 'ਚ ਵਿਘਨ ਪੈਂਦਾ ਹੈ ਆਦਿ।

ਮੋਦੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਲਈ ਇਕੱਠਿਆਂ ਚੋਣਾਂ ਕਰਵਾਉਣ ਦੇ ਮੁੱਦੇ 'ਤੇ ਤਿੰਨ ਕਮੇਟੀਆਂ ਬਣੀਆਂ ਹਨ। 2015 ਵਿੱਚ, ਲੋਕ ਸ਼ਿਕਾਇਤ, ਕਾਨੂੰਨ ਅਤੇ ਨਿਆਂ 'ਤੇ ਸੰਸਦੀ ਸਥਾਈ ਕਮੇਟੀ ਨੇ ਇਸ ਮਾਮਲੇ 'ਤੇ ਇਕ ਰਿਪੋਰਟ ਪੇਸ਼ ਕੀਤੀ ਸੀ। 2017 ਵਿੱਚ, ਨੀਤੀ ਆਯੋਗ ਨੇ ਇਕੱਠੀਆਂ ਚੋਣਾਂ ਦਾ ਵਿਸ਼ਲੇਸ਼ਣ 'ਤੇ ਆਪਣੇ ਚਰਚਾ ਪੱਤਰ ਵਿੱਚ ਮਤਿਆਂ ਦਾ ਇਕ ਸੈੱਟ ਬਣਾਇਆ ਅਤੇ ਅਗਸਤ 2018 'ਚ, ਵਿਧੀ ਆਯੋਗ (ਲਾਅ ਕਮਿਸ਼ਨ) ਨੇ ਇਕੱਠੀਆਂ ਚੋਣਾਂ 'ਤੇ ਆਪਣੀ ਮਸੌਦਾ ਰਿਪੋਰਟ ਪ੍ਰਕਾਸ਼ਿਤ ਕੀਤੀ। ਉਨ੍ਹਾਂ ਸਾਰਿਆਂ ਨੇ ਮੌਜੂਦਾ ਰਾਜ ਵਿਧਾਨ ਸਭਾਵਾਂ 'ਚੋਂ ਕੁਝ ਦਾ ਕਾਰਜਕਾਲ ਛੋਟਾ ਕਰਨ ਜਾਂ ਕੁਝ ਦਾ ਕਾਰਜਕਾਲ ਵਧਾਉਣ ਦਾ ਪ੍ਰਸਤਾਵ ਰੱਖਿਆ, ਤਾਂ ਕਿ ਉਨ੍ਹਾਂ ਦਾ ਲੋਕ ਸਭਾ ਚੋਣਾਂ ਦੇ ਨਾਲ ਤਾਲਮੇਲ ਬਿਠਾਇਆ ਜਾ ਸਕੇ।

ਕੁਝ ਲੋਕਾਂ ਨੇ ਪੰਜ ਸਾਲ ਦੀ ਮਿਆਦ ਵਿੱਚ ਸਿਰਫ਼ ਦੋ ਵਾਰ ਚੋਣਾਂ ਕਰਵਾਉਣ ਦਾ ਸੁਝਾਅ ਦਿੱਤਾ ਹੈ ਇਕ ਸਮੇਂ ਲੋਕ ਸਭਾ ਅਤੇ ਅੱਧੀਆਂ ਰਾਜ ਵਿਧਾਨ ਸਭਾਵਾਂ ਦੇ ਨਾਲ ਅਤੇ ਦੂਜਾ ਮੱਧ ਪੀਰੀਅਡ 'ਚ ਬਾਕੀ ਵਿਧਾਨ ਸਭਾਵਾਂ ਦੇ ਨਾਲ। ਜੇਕਰ ਰਾਜ ਵਿਧਾਨ ਸਭਾ ਚੋਣਾਂ ਨੂੰ ਲੋਕ ਸਭਾ ਚੋਣਾਂ ਅਨੁਸਾਰ ਲਗਾਉਣ ਲਈ ਪ੍ਰਸਤਾਵਿਤ ਕਦਮ ਗ਼ੈਰ-ਜਮਹੂਰੀ ਹੈ ਅਤੇ ਨੁਮਾਇੰਦਗੀ ਅਤੇ ਜਵਾਬਦੇਹੀ ਦੇ ਸੰਵਿਧਾਨਕ ਆਧਾਰ ਦੀ ਜੜ੍ਹ 'ਤੇ ਹਮਲਾ ਕਰਦਾ ਹੈ, ਤਾਂ ਇਹ ਯਕੀਨੀ ਬਣਾਉਣ ਲਈ ਕਦਮ ਚੁੱਕੇ ਜਾਣ ਕਿ ਇਕੱਠੀਆਂ ਚੋਣਾਂ ਨਾਲ ਚੋਣ ਅਮਲ ਅਸੰਤੁਲਿਤ (ਕਿਸੇ ਵੱਲ ਕੋਈ ਝੁਕਾਅ) ਨਾ ਹੋਵੇ। 'ਸਿੰਕ੍ਰੋਨਾਈਜੇਸ਼ਨ' ਦਾ ਭਾਵ ਇਕੱਠਿਆਂ ਚੋਣਾਂ ਲਾਗੂ ਕਰਨ ਤੋਂ ਬਾਅਦ ਵਿਧਾਨ ਸਭਾਵਾਂ ਅਤੇ ਲੋਕ ਸਭਾ ਦੀ ਮਿਆਦ ਦੀ ਸਮੱਸਿਆ ਪੈਦਾ ਹੋਵੇਗੀ। ਵਿਧਾਇਕਾਂ ਜਾਂ ਸਰਕਾਰ ਦੇ ਕਾਰਜਕਾਲ ਨੂੰ ਘੱਟ ਕਰਨਾ ਜਾਂ ਵਧਾਉਣਾ, ਦੋਵੇਂ ਹੀ ਪਾਰਟੀ-ਆਧਾਰਿਤ ਸੰਸਦੀ ਲੋਕਤੰਤਰ ਦੇ ਸਿਧਾਂਤ ਅਤੇ ਵਿਧਾਇਕਾਂ ਪ੍ਰਤੀ ਕਾਰਜਪਾਲਿਕਾ ਦੀ ਜਵਾਬਦੇਹੀ ਦੇ ਖ਼ਿਲਾਫ਼ ਹੈ। ਇਸ ਤੋਂ ਇਲਾਵਾ, ਇਕੱਠਿਆਂ ਚੋਣਾਂ ਕਰਵਾਉਣ ਅਤੇ ਇਸ ਨੂੰ ਬਣਾਈ ਰੱਖਣ ਲਈ ਵਿਧਾਇਕਾਂ ਪ੍ਰਤੀ ਸਰਕਾਰ ਦੀ ਜਵਾਬਦੇਹੀ ਦੀ ਸੰਵਿਧਾਨਕ ਯੋਜਨਾ ਵਿਚ ਛੇੜ-ਛਾੜ ਦੀ ਜ਼ਰੂਰਤ ਹੋਵੇਗੀ।

ਸੰਵਿਧਾਨ ਤਹਿਤ ਜੇਕਰ ਕੋਈ ਸਰਕਾਰ ਬੇਭਰੋਸਗੀ ਮਤੇ 'ਤੇ ਵੋਟਾਂ ਨਾਲ ਬਾਹਰ ਹੋ ਜਾਂਦੀ ਹੈ ਜਾਂ ਧਨ ਬਿੱਲ 'ਤੇ ਵੋਟ ਹਾਰ ਜਾਂਦੀ ਹੈ ਤਾਂ ਉਹ ਅਸਤੀਫ਼ਾ ਦੇਣ ਲਈ ਮਜਬੂਰ ਹੁੰਦੀ ਹੈ ਅਤੇ ਜੇਕਰ ਕੋਈ ਬਦਲਵੀਂ ਸਰਕਾਰ ਨਹੀਂ ਬਣ ਪਾਉਂਦੀ ਤਾਂ ਸਦਨ ਭੰਗ ਕਰ ਦਿੱਤਾ ਜਾਂਦਾ ਹੈ ਅਤੇ ਮੱਧਵਰਤੀ (ਮੱਧ ਮਿਆਦ) ਲਈ ਚੋਣਾਂ ਕਰਵਾਈਆਂ ਜਾਂਦੀਆਂ ਹਨ। ਸੰਵਿਧਾਨ ਵਿੱਚ ਲੋਕ ਸਭਾ ਜਾਂ ਰਾਜ ਵਿਧਾਨ ਸਭਾਵਾਂ ਲਈ ਕਾਰਜਕਾਲ ਦੀ ਕੋਈ ਨਿਸਚਿਤਤਾ ਨਹੀਂ ਹੋਵੇਗੀ। ਕਾਰਜਕਾਲ ਦੀ ਨਿਸਚਿਤਤਾ ਦਾ ਮਤਲਬ ਇਹ ਹੋਵੇਗਾ ਕਿ ਇਕ ਸੱਤਾਧਾਰੀ ਪਾਰਟੀ, ਜਿਸ ਕੋਲ ਸਦਨ ਵਿੱਚ ਸਥਿਰ ਬਹੁਮਤ ਹੈ, ਉਹ ਸਦਨ ਨੂੰ ਭੰਗ ਕਰ ਕੇ ਸਮੇਂ ਤੋਂ ਪਹਿਲਾਂ ਚੋਣਾਂ ਕਰਵਾਉਣ ਦੀ ਸਿਫ਼ਾਰਸ਼ ਨਹੀਂ ਕਰ ਸਕਦੀ ਹੈ।

ਲਾਅ ਕਮਿਸ਼ਨ ਦੀ ਰਿਪੋਰਟ ਵਿੱਚ ਇਹ ਵੀ ਪ੍ਰਸਤਾਵਿਤ ਹੈ ਕਿ ਜੇਕਰ ਲੋਕ ਸਭਾ 'ਚ ਬੇਭਰੋਸਗੀ ਮਤਾ ਲਿਆਂਦਾ ਜਾਂਦਾ ਹੈ, ਤਾਂ ਉਸ ਦੇ ਨਾਲ ਬਦਲਵੀਂ ਸਰਕਾਰ ਬਣਾਉਣ ਲਈ ਨਵੇਂ ਨੇਤਾ ਦੇ ਨਾਂਅ ਦਾ ਮਤਾ ਵੀ ਹੋਣਾ ਚਾਹੀਦਾ ਹੈ। ਇਸ ਨੂੰ 'ਰਚਨਾਤਮਕ ਬੇਭਰੋਸਗੀ ਮਤਾ' ਕਿਹਾ ਜਾਂਦਾ ਹੈ। ਇਸ ਦਾ ਮਤਲਬ ਇਹ ਹੈ ਕਿ ਭਾਵੇਂ ਹੀ ਕਿਸੇ ਸਰਕਾਰ ਨੂੰ ਸਦਨ ਦੇ ਬਹੁਗਿਣਤੀ ਮੈਂਬਰਾਂ ਨੇ ਵੋਟਾਂ ਨਾਲ ਤੋਂ ਬਾਹਰ ਕਰ ਦਿੱਤਾ ਹੋਵੇ, ਉਸ ਦੇ ਬਦਲੇ ਕੋਈ ਬਦਲਵੀਂ ਸਰਕਾਰ ਹੋਣੀ ਚਾਹੀਦੀ ਹੈ, ਜੋ ਪ੍ਰਸਤਾਵ ਵਿੱਚ ਵਿਰੋਧੀ ਧਿਰ ਹੀ ਹੋਵੇਗੀ, ਜੋ ਲੋਕਾਂ ਦੀ ਪਸੰਦ ਦੀ ਨੁਮਾਇੰਦਗੀ ਨਹੀਂ ਕਰਦੀ। ਕਾਰਜਕਾਲ ਦੀ ਨਿਸਚਿਤਤਾ ਦੇ ਮਾਧਿਅਮ ਰਾਹੀਂ ਸਥਿਰਤਾ ਨੂੰ ਪ੍ਰਧਾਨਤਾ ਦਿੱਤੀ ਜਾਵੇਗੀ ਅਤੇ ਚੋਣ ਬਦਲ ਅਪ੍ਰਾਸੰਗਿਕ ਹੋ ਜਾਵੇਗਾ। ਇਹ ਵਿਵਸਥਾ ਸੱਤਾਧਾਰੀ ਪਾਰਟੀ ਦੇ ਪੱਖ 'ਚ ਕੰਮ ਕਰੇਗੀ।

ਇਕ ਦੇਸ਼ ਇਕ ਚੋਣਾਂ ਦੇ ਮਤੇ ਨੂੰ ਲਾਗੂ ਕਰਨ ਦੇ ਪ੍ਰਭਾਵ ਕੇਂਦਰ 'ਚ ਸ਼ਕਤੀਆਂ ਦਾ ਕੇਂਦਰੀਕਰਨ ਅਤੇ ਏਕਾਧਿਕਾਰ ਹੋਵੇਗਾ ਅਤੇ ਸੰਖੇਪ 'ਚ ਕਹੀਏ ਤਾਂ ਇਹ ਸੰਘਵਾਦ ਨੂੰ ਖ਼ਤਮ ਕਰਨ ਵਾਲੀ ਗੱਲ ਹੈ। ਭਾਰਤ ਦੇ ਰਾਸ਼ਟਰਪਤੀ ਭਾਵ ਕੇਂਦਰ ਸਰਕਾਰ ਨੂੰ ਰਾਜ ਵਿਧਾਨ ਸਭਾਵਾਂ ਦੇ ਕਾਰਜਕਾਲ ਨੂੰ ਘੱਟ ਕਰਨ ਜਾਂ ਵਧਾਉਣ ਦਾ ਅਧਿਕਾਰ ਦੇਣਾ ਰਾਜਾਂ ਅਤੇ ਉਸ ਦੇ ਚੁਣੇ ਹੋਏ ਵਿਧਾਇਕਾਂ ਦੇ ਅਧਿਕਾਰ ਨੂੰ ਪੂਰੀ ਤਰ੍ਹਾਂ ਨਾਲ ਕਮਜ਼ੋਰ ਕਰਨਾ ਹੋਵੇਗਾ। ਇਕੱਠੀਆਂ ਚੋਣਾਂ ਹੋਣ ਤੋਂ ਬਾਅਦ, ਰਾਜ ਵਿਧਾਨ ਸਭਾਵਾਂ ਪ੍ਰਤੀ ਸਰਕਾਰਾਂ ਦੀ ਜਵਾਬਦੇਹੀ ਦਾ ਸਿਧਾਂਤ ਅਤੇ ਲੋਕਾਂ ਨੂੰ ਆਪਣੀ ਪਸੰਦ ਦੀ ਸਰਕਾਰ ਬਣਾਉਣ ਦਾ ਅਧਿਕਾਰ ਪ੍ਰਤੀਬੰਧਤ ਹੋ ਜਾਵੇਗਾ।

ਅਸੀਂ ਦੇਖ ਰਹੇ ਹਾਂ ਕਿ ਵਿਰੋਧੀ ਧਿਰ ਸ਼ਾਸਿਤ ਰਾਜਾਂ 'ਚ ਰਾਜਪਾਲ ਰਾਜ ਸਰਕਾਰਾਂ ਅਤੇ ਰਾਜ ਵਿਧਾਨ ਸਭਾਵਾਂ ਦੇ ਅਧਿਕਾਰਾਂ ਦਾ ਉਲੰਘਣ ਕਰਦੇ ਹੋਏ ਕਿਹੋ ਜਿਹਾ ਵਿਵਹਾਰ ਕਰ ਰਹੇ ਹਨ। ਇਕੱਠਿਆਂ ਚੋਣਾਂ ਦੇ ਨਾਂਅ 'ਤੇ ਲਿਆਂਦੇ ਗਏ ਬਦਲਾਵਾਂ ਦੇ ਨਾਲ, ਕੇਂਦਰੀਕ੍ਰਿਤ ਕੰਟਰੋਲ ਦਾ ਮਤਲਬ ਹੋਵੇਗਾ ਕਿ ਰਾਜਪਾਲ ਕੇਂਦਰ ਲਈ ਵਾਇਸਰਾਏ ਦੇ ਰੂਪ 'ਚ ਕੰਮ ਕਰਨਗੇ।

ਭਾਰਤ 'ਚ ਵਿਆਪਕ ਤੌਰ 'ਤੇ ਵੱਖੋ-ਵੱਖ ਰਾਜਨੀਤਕ ਅਤੇ ਸਮਾਜਿਕ ਹਾਲਤਾਂ ਵਾਲੇ 28 ਰਾਜ ਹਨ (ਜੰਮੂ ਅਤੇ ਕਸ਼ਮੀਰ ਨੂੰ ਛੱਡ ਕੇ, ਜਿਸ ਨੂੰ ਖੰਡਿਤ ਕੀਤਾ ਗਿਆ ਹੈ)। ਗ਼ੈਰ-ਲੋਕਤੰਤਰੀ ਇਕਸਾਰਤਾ ਲਾਗੂ ਕਰਨ ਦੀ ਕੋਸ਼ਿਸ਼ ਆਰ.ਐਸ.ਐਸ./ਭਾਜਪਾ ਗੱਠਜੋੜ ਦਾ ਆਦਰਸ਼ ਹੈ। ਇਕ ਦੇਸ਼, ਇਕ ਚੋਣ ਦੀ ਧਾਰਨਾ ਉਨ੍ਹਾਂ ਦੇ ਵੰਨ ਨੇਸ਼ਨ, ਇਕ ਭਾਸ਼ਾ, ਇਕ ਸੱਭਿਆਚਾਰ ਦੇ ਨਾਅਰੇ ਦੇ ਸਮਾਨ ਹੈ। ਸੰਸਦ ਅਤੇ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੱਠੀਆਂ ਕਰਵਾਉਣ ਲਈ ਇਕ ਵੱਡਾ ਸੰਵਿਧਾਨਕ ਬਦਲਾਅ ਕਰਨਾ ਹੋਵੇਗਾ। ਸੰਵਿਧਾਨ 'ਚ ਧਾਰਾ 83 (ਸਦਨਾਂ ਦੀ ਮਿਆਦ ਨਾਲ ਸੰਬੰਧਿਤ), ਧਾਰਾ 85 (ਲੋਕ ਸਭਾ ਨੂੰ ਭੰਗ ਕਰਨ ਨਾਲ ਸੰਬੰਧਿਤ), ਧਾਰਾ 172 (ਵਿਧਾਨ ਸਭਾਵਾਂ ਦੀ ਮਿਆਦ ਨਾਲ ਸੰਬੰਧਿਤ), ਧਾਰਾ 174 (ਰਾਜ ਵਿਧਾਨ ਸਭਾਵਾਂ ਨੂੰ ਭੰਗ ਕਰਨ ਨਾਲ ਸੰਬੰਧਿਤ), ਧਾਰਾ 356 (ਰਾਜਾਂ ਵਿਚ ਸੰਵਿਧਾਨਕ ਮਸ਼ੀਨਰੀ ਦਾ ਫੇਲ੍ਹ ਹੋ ਜਾਣਾ ਜਾਂ ਰਾਸ਼ਟਰਪਤੀ ਸ਼ਾਸਨ ਲਗਾਉਣ ਨਾਲ ਸੰਬੰਧਿਤ ਧਾਰਾ) 'ਚ ਸੋਧ ਕਰਨੀ ਹੋਵੇਗੀ। ਇਸ ਤੋਂ ਇਲਾਵਾ ਲੋਕ ਨੁਮਾਇੰਦਗੀ ਕਾਨੂੰਨ ਅਤੇ ਹੋਰ ਨਿਯਮਾਂ ਵਿਚ ਸੋਧਾਂ ਦੀ ਲੋੜ ਹੋਵੇਗੀ। ਇਹ ਸਪੱਸ਼ਟ ਹੈ ਕਿ ਰਾਮਨਾਥ ਕੋਵਿੰਦ ਦੀ ਅਗਵਾਈ ਵਾਲੀ ਕਮੇਟੀ ਚਾਹੇ ਜੋ ਵੀ ਸਿਫ਼ਾਰਸ਼ ਕਰੇ, ਇਨ੍ਹਾਂ ਸੰਵਿਧਾਨਕ ਅਤੇ ਕਾਨੂੰਨੀ ਕਦਮਾਂ ਦੇ ਲਾਗੂ ਹੋਣ ਨੂੰ ਸਮਾਂ ਲੱਗੇਗਾ ਅਤੇ (ਬਾਕੀ ਸਫ਼ਾ 31 'ਤੇ)

# ਭਾਰਤੀ ਅਰਥਵਿਵਸਥਾ ਦੇ ਵਿਕਾਸ ਦੀ ਕਹਾਣੀ



ਰਣਜੀਤ ਸਿੰਘ ਕੁੱਕੀ ਗਿੱਲ

10 ਵਿੱਚੋਂ ਚਾਰ ਤੋਂ ਵੱਧ ਭਾਰਤੀ – ਜਾਂ ਅੱਧੇ ਅਰਬ ਤੋਂ ਵੱਧ ਲੋਕ – ਭੋਜਨ ਦਾ ਖਰਚਾ ਚੁੱਕਣ ਲਈ ਸੰਘਰਸ਼ ਕਰ ਰਹੇ ਹਨ ਅਤੇ ਲਗਭਗ ਇੰਨੇ ਹੀ ਲੋਕਾਂ ਨੂੰ ਰਹਿਣ ਬਸੇਰਾ ਦੇਣ ਵਿੱਚ ਮੁਸ਼ਕਲ ਆ ਰਹੀ ਹੈ। ਉੱਚ ਜਨਤਕ ਖ਼ਰਚਿਆਂ, ਮਜ਼ਬੂਤ ਸ਼ਹਿਰੀ ਮੰਗ ਅਤੇ ਵਿਦੇਸ਼ੀ ਨਿਵੇਸ਼ ਦੁਆਰਾ ਪ੍ਰੇਰਿਤ ਭਾਰਤ ਦੀ ਅਰਥਵਿਵਸਥਾ ਵਿਸ਼ਵ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਹੀ ਹੈ। ਭਾਰਤੀ ਅਰਥਵਿਵਸਥਾ ਇਸ ਸਮੇਂ ਕਈ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਇਹਨਾਂ ਵਿੱਚ ਮਹਿੰਗਾਈ ਦਾ ਉੱਚ ਪੱਧਰ, ਅਸਥਿਰ ਰੁਪਿਆ ਅਤੇ ਇੱਕ ਵੱਡਾ ਮੌਜੂਦਾ ਵਿੱਤੀ ਦਰਾਮਦ ਨਿਰਯਾਤ ਘਾਟਾ ਸ਼ਾਮਲ ਹੈ। ਇਸ ਤੋਂ ਇਲਾਵਾ, ਦੇਸ਼ ਨੂੰ ਮਹੱਤਵਪੂਰਨ ਬੁਨਿਆਦੀ ਢਾਂਚੇ ਦੀਆਂ ਲੋੜਾਂ ਅਤੇ ਵਧਦੀ ਆਬਾਦੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਕਿ ਨੌਜਵਾਨ ਅਤੇ ਪੜ੍ਹੇ-ਲਿਖੀ ਹੈ, ਪਰ ਬੇਰੁਜ਼ਗਾਰ ਹੈ ਜਾਂ ਬੇਰੁਜ਼ਗਾਰ ਲਈ ਲੌੜੀਦੇਂ ਬੁਨਿਆਦੀ ਹੁਨਰਾਂ ਦੀ ਉਨ੍ਹਾਂ ਵਿੱਚ ਘਾਟ ਹੈ। ਹਰ ਸਾਲ, ਕਿਸੇ ਵੱਖਰੀ ਸੰਸਥਾ ਜਾਂ ਏਜੰਸੀ ਦੁਆਰਾ ਵੱਖ-ਵੱਖ ਮਾਪਦੰਡਾਂ ਲਈ ਦਰਜਾਬੰਦੀ ਅਤੇ ਸੂਚਕਾਂਕ ਵਾਲੇ ਦੇਸ਼ਾਂ ਦੀ ਸੂਚੀ ਜਾਰੀ ਕੀਤੀ ਜਾਂਦੀ ਹੈ।

ਕੋਰਸੇਰਾ ਗਲੋਬਲ ਸਕਿੱਲਜ਼ ਰਿਪੋਰਟ 2022 ਵਿੱਚ ਵਿਸ਼ਵ ਭਰ ਵਿੱਚ ਹੁਨਰਾਂ ਦਾ ਇੱਕ ਵਿਆਪਕ ਵਿਸ਼ਲੇਸ਼ਣ ਪਾਇਆ ਜਾ ਸਕਦਾ ਹੈ। ਭਾਰਤ ਦੀ ਸਮੁੱਚੀ ਹੁਨਰ ਯੋਗਤਾ ਹੁਣ ਵਿਸ਼ਵ ਪੱਧਰ 'ਤੇ 68ਵੇਂ ਸਥਾਨ 'ਤੇ ਹੈ, ਜੋ ਕਿ ਇਸ ਦੀ ਪਿਛਲੀ ਸਥਿਤੀ ਤੋਂ ਚਾਰ ਸਥਾਨ ਹੇਠਾਂ ਹੈ। ਭਾਰਤ ਹੁਣ ਏਸ਼ੀਆ ਵਿੱਚ 19ਵੇਂ ਸਥਾਨ 'ਤੇ ਹੈ।

ਦੇਸ਼ਾਂ ਨੂੰ ਵਾਤਾਵਰਣ ਪ੍ਰਦਰਸ਼ਨ ਮੁਲਾਂਕਣ, ਇੱਕ ਦੋ ਸਾਲਾ ਸੂਚਕਾਂਕ ਦੀ ਵਰਤੋਂ ਕਰਦੇ ਹੋਏ ਇਸ ਦੇ ਵਾਤਾਵਰਣ ਪ੍ਰਦਰਸ਼ਨ ਅਤੇ ਸਥਿਰਤਾ ਦੇ ਅਨੁਸਾਰ ਦਰਜਾ ਦਿੱਤਾ ਗਿਆ ਹੈ। ਭਾਰਤ ਨੇ 18.9 ਦਾ ਸਕੋਰ ਪ੍ਰਾਪਤ ਕੀਤਾ, ਜਿਸ ਨਾਲ ਉਹ ਵਾਤਾਵਰਨ ਨੀਤੀ ਸੂਚਕਾਂਕ 2022 ਵਿੱਚ ਕੁੱਲ ਮਿਲਾ ਕੇ 180ਵੇਂ ਸਥਾਨ 'ਤੇ ਹੈ। ਭਾਰਤ ਪਾਕਿਸਤਾਨ, ਬੰਗਲਾਦੇਸ਼, ਵੀਅਤਨਾਮ, ਮਿਆਂਮਾਰ (19.4), ਅਤੇ ਬੰਗਲਾਦੇਸ਼ (23.1) ਤੋਂ ਹੇਠਲੇ ਸਥਾਨ 'ਤੇ ਹੈ। ਡੈਨਮਾਰਕ 77.9 ਦੇ ਸਕੋਰ ਨਾਲ ਸੂਚੀ ਵਿੱਚ ਸਿਖਰ 'ਤੇ ਹੈ, ਇਸ ਤੋਂ ਬਾਅਦ ਯੂਨਾਈਟਿਡ ਕਿੰਗਡਮ (77.7) ਅਤੇ ਫਿਨਲੈਂਡ (76.5) ਹੈ। ਬੁਨਿਆਦੀ ਮਹੱਤਵਪੂਰਨ ਸੂਚਕਾਂਕ ਵਿੱਚ ਭਾਰਤ ਦੀ ਰੈਂਕਿੰਗ ਲਗਾਤਾਰ ਦਬਾਅ ਵਿੱਚ ਹੈ ਚਾਹੇ ਇਹ ਖੁਸ਼ੀ ਦਾ ਪੱਧਰ ਹੋਵੇ, ਭ੍ਰਿਸ਼ਟਾਚਾਰ ਸੂਚਕਾਂਕ, ਹਰ ਸਾਲ ਡਿੱਗਦਾ ਜਾ ਰਿਹਾ ਪ੍ਰੈਸ ਦੀ ਆਜ਼ਾਦੀ ਦਾ ਪੱਧਰ, ਭ੍ਰਿਸ਼ਟਾਚਾਰ ਸੂਚਕਾਂਕ, ਨਿਰਮਾਣ ਸੂਚਕਾਂਕ ਇਸ ਤੋਂ ਇਲਾਵਾ ਇਹ ਲੋਕਤੰਤਰੀ ਸੂਚਕਾਂਕ ਸਭ ਕੁਝ ਇਸ ਦੀ ਅਰਥਵਿਵਸਥਾ ਨੂੰ ਦਬਾਅ ਵਿੱਚ ਪਾ ਰਿਹਾ ਹੈ। ਭਾਰਤ ਬਿਨਾਂ ਰੁਜ਼ਗਾਰ ਦੇ ਆਰਥਿਕ ਤੌਰ 'ਤੇ ਵਧ ਰਿਹਾ ਹੈ।

ਵਪਾਰ ਅਤੇ ਵਿਕਾਸ 'ਤੇ ਸੰਯੁਕਤ ਰਾਸ਼ਟਰ ਦੀ ਕਾਨਫਰੰਸ ਦੇ ਅਨੁਸਾਰ, ਦੇਸ਼ ਵਿੱਚ ਐਫਡੀਆਈ ਦੇ ਪ੍ਰਵਾਹ ਵਿੱਚ ਗਿਰਾਵਟ ਦੇ ਬਾਵਜੂਦ, ਭਾਰਤ ਸਭ ਤੋਂ ਤਾਜ਼ਾ ਕੈਲੰਡਰ ਸਾਲ (2021) ਵਿੱਚ ਵਿਦੇਸ਼ੀ ਪ੍ਰਤੱਖ ਨਿਵੇਸ਼

ਦੇ ਚੋਟੀ ਦੇ ਪ੍ਰਾਪਤਕਰਤਾਵਾਂ ਵਿੱਚ ਇੱਕ ਸਥਾਨ ਵਧ ਕੇ ਸੱਤਵੇਂ ਸਥਾਨ 'ਤੇ ਪਹੁੰਚ ਗਿਆ ਹੈ। ਅਮਰੀਕਾ, ਸਪੇਨ, ਫਰਾਂਸ, ਜਰਮਨੀ, ਸਵਿਟਜ਼ਰਲੈਂਡ, ਆਸਟਰੀਆ, ਯੂਕੇ, ਸਿੰਗਾਪੁਰ ਅਤੇ ਇਟਲੀ ਚੋਟੀ ਦੇ ਦਸਾਂ ਵਿੱਚੋਂ ਬਾਹਰ ਹਨ, ਜਪਾਨ ਵਿਸ਼ਵ ਚਾਰਟ ਵਿੱਚ ਸਿਖਰ 'ਤੇ ਹੈ। ਗਲੋਬਲ ਹੰਗਰ ਇੰਡੈਕਸ 2022 (2021 ਵਿੱਚ 101 ਦੇ ਸੂਚਕਾਂਕ ਤੋਂ ਹੇਠਾਂ) ਵਿੱਚ ਭਾਰਤ 121 ਦੇਸ਼ਾਂ ਵਿੱਚੋਂ 107ਵੇਂ ਸਥਾਨ 'ਤੇ ਹੈ।

ਭਾਰਤੀ ਅਧਿਕਾਰੀ ਅਸੁਵਿਧਾਜਨਕ ਮੈਕਰੋ-ਆਰਥਿਕ ਤੱਥਾਂ ਨੂੰ ਘੱਟ ਕਰਕੇ ਜਾਣ ਰਹੇ ਹਨ ਤਾਂ ਜੋ ਉਹ ਜੀ20 ਸਿਖਰ ਸੰਮੇਲਨ ਦੀ ਮੇਜ਼ਬਾਨੀ ਤੋਂ ਪਹਿਲਾਂ ਪ੍ਰਤੀਤ ਹੁੰਦੇ ਹੈਡਲਾਈਨ ਅੰਕੜਿਆਂ ਦਾ ਜਸ਼ਨ ਮਨਾ ਸਕਣ। ਪਰ ਭਾਰਤੀਆਂ ਦੀ ਵੱਡੀ ਬਹੁਗਿਣਤੀ ਦਰਪੇਸ਼ ਵਧ ਰਹੇ ਸੰਘਰਸ਼ਾਂ ਨੂੰ ਢਕਣ ਲਈ, ਉਹ ਬਹੁਤ ਸਨਕੀ ਅਤੇ ਖਤਰਨਾਕ ਖੇਡ ਖੇਡ ਰਹੇ ਹਨ। ਦਿੱਲੀ ਵਿੱਚ ਇਸ ਮਹੀਨੇ ਦੇ ਜੀ 20 ਸਿਖਰ ਸੰਮੇਲਨ ਦੇ ਇਸ਼ਤਿਹਾਰਾਂ ਦੇ ਪਿੱਛੇ ਉਹ ਝੁੱਗੀਆਂ ਹਨ ਜਿਨ੍ਹਾਂ ਦੇ ਵਸਨੀਕ ਹੁਣ ਰੋਜ਼ੀ-ਰੋਟੀ ਨਹੀਂ ਕਮਾ ਸਕਦੇ। ਉਨ੍ਹਾਂ ਦੇ ਸੜਕ ਕਿਨਾਰੇ ਲੱਗੇ ਸਟਾਲਾਂ ਅਤੇ ਦੁਕਾਨਾਂ ਨੂੰ ਢਾਹ ਦਿੱਤਾ ਗਿਆ ਹੈ, ਤਾਂ ਕਿ ਅਜਿਹਾ ਨਾ ਹੋਵੇ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਭਰਦੇ ਭਾਰਤ ਦੀ ਸਾਵਧਾਨੀ ਨਾਲ ਬਣਾਈ ਗਈ ਤਸਵੀਰ ਨੂੰ ਖਰਾਬ ਕਰ ਦੇਣ। ਭਾਰਤ ਦੇ ਜੀਡੀਪੀ ਅੰਕੜੇ ਵੀ ਇਸ ਬ੍ਰਾਂਡਿੰਗ ਅਤੇ ਸੁੰਦਰੀਕਰਨ ਅਭਿਆਸ ਦੇ ਹਿੱਸੇ ਵਜੋਂ ਪ੍ਰਦਰਸ਼ਿਤ ਕੀਤੇ ਗਏ ਹਨ। ਇਸ ਸਾਲ ਦੀ ਦੂਜੀ ਤਿਮਾਹੀ ਵਿੱਚ 7.8% ਦੀ ਸਲਾਨਾ ਵਿਕਾਸ ਦਰ ਦੇ ਨਾਲ, ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲੀ ਪ੍ਰਮੁੱਖ ਅਰਥਵਿਵਸਥਾ ਜਾਪਦਾ ਹੈ। ਪਰ, ਬਿਲਬੋਰਡਾਂ ਦੇ ਪਿੱਛੇ ਵੱਡੇ ਪੱਧਰ 'ਤੇ ਮਨੁੱਖੀ ਸੰਘਰਸ਼ ਹਨ। ਵਿਕਾਸ ਦਰ, ਅਸਲ ਵਿੱਚ, ਘੱਟ ਹੈ, ਅਸਮਾਨਤਾਵਾਂ ਵੱਧ ਰਹੀਆਂ ਹਨ, ਅਤੇ ਨੌਕਰੀਆਂ ਦੀ ਘਾਟ ਗੰਭੀਰ ਬਣੀ ਹੋਈ ਹੈ।

ਭਾਰਤ ਦੇ ਨਵੀਨਤਮ ਜੀਡੀਪੀ ਅੰਕੜੇ ਨੂੰ ਦਰਸਾਉਂਦੇ ਜੀ20-ਪ੍ਰੇਰਿਤ ਬਿਲਬੋਰਡਾਂ ਵਿੱਚ ਵਿਸੰਗਤੀਆਂ ਬਾਰੇ ਇੱਕ ਰਹੱਸਮਈ ਲਾਈਨ ਸ਼ਾਮਲ ਹੈ। ਆਮਦਨੀ ਅਤੇ ਖਰਚੇ ਦੇ ਅੰਦਾਜ਼ੇ ਬਹੁਤ ਸਾਰੇ ਦੇਸ਼ਾਂ ਵਿੱਚ ਰਾਸ਼ਟਰੀ

ਖਾਤਿਆਂ ਵਿੱਚ ਵੱਖਰੇ ਹੁੰਦੇ ਹਨ ਕਿਉਂਕਿ ਉਹ ਅਪੂਰਣ ਡੇਟਾ 'ਤੇ ਅਧਾਰਤ ਹੁੰਦੇ ਹਨ। ਆਮ ਤੌਰ 'ਤੇ, ਵਿਕਾਸ ਦਰਾਂ ਦੀ ਗਣਨਾ ਕਰਨ ਲਈ ਇਹ ਅੰਤਰ ਮਾਇਨੇ ਨਹੀਂ ਰੱਖਦਾ, ਕਿਉਂਕਿ ਆਮਦਨ ਅਤੇ ਖਰਚੇ, ਭਾਵੇਂ ਉਹ ਕੁਝ ਹੱਦ ਤੱਕ ਵੱਖਰੇ ਹੋਣ, ਇੱਕੋ ਜਿਹੇ ਰੁਝਾਨ ਰੱਖਦੇ ਹਨ। ਇੰਡੀਅਨ ਨੈਸ਼ਨਲ ਸਟੈਟਿਸਟੀਕਲ ਆਫਿਸ ਦੀ ਤਾਜ਼ਾ ਰਿਪੋਰਟ ਇਸ ਗੱਲ ਦਾ ਸਬੂਤ ਹੈ। ਇਹ ਦਰਸਾਉਂਦਾ ਹੈ ਕਿ ਅਪ੍ਰੈਲ-ਜੂਨ ਵਿੱਚ ਉਤਪਾਦਨ ਤੋਂ ਆਮਦਨ ਸਾਲਾਨਾ

7.8% ਦੀ ਦਰ ਨਾਲ ਵਧੀ, ਖਰਚੇ ਵਿੱਚ ਸਿਰਫ਼ 1.4% ਦਾ ਵਾਧਾ ਹੋਇਆ। ਵਿਸੰਗਤੀਆਂ ਦਾ ਪੂਰਾ ਬਿੰਦੂ ਅੰਕੜਿਆਂ ਦੀਆਂ ਕਮੀਆਂ ਨੂੰ ਸਵੀਕਾਰ ਕਰਨਾ ਹੈ, ਨਾ ਕਿ ਉਹਨਾਂ ਨੂੰ ਗਾਇਬ ਕਰਨਾ। ਐਨਐਸਓ ਅਸਲੀਅਤ ਨੂੰ ਉਸ ਸਮੇਂ ਢੱਕ ਰਿਹਾ ਹੈ ਜਦੋਂ ਖਰਚ ਜਦੋਂ ਬਹੁਤ ਸਾਰੇ ਭਾਰਤੀ ਦੁਖੀ ਹੋ ਰਹੇ ਹਨ, ਅਤੇ ਜਦੋਂ ਵਿਦੇਸ਼ੀ ਭਾਰਤੀ ਚੀਜ਼ਾਂ ਲਈ ਸਿਰਫ਼ ਸੀਮਤ ਭੁੱਖ ਦਿਖਾ ਰਹੇ ਹਨ।

ਆਸਟ੍ਰੇਲੀਅਨ, ਜਰਮਨ ਅਤੇ ਯੂਕੇ ਦੀਆਂ ਸਰਕਾਰਾਂ ਆਮਦਨ ਅਤੇ ਖਰਚ ਦੋਵਾਂ ਪੱਖਾਂ ਤੋਂ ਜਾਣਕਾਰੀ ਦੀ ਵਰਤੋਂ ਕਰਕੇ ਆਪਣੀ ਰਿਪੋਰਟ ਕੀਤੀ ਗਈ ਜੀਡੀਪੀ ਨੂੰ ਵਿਵਸਥਿਤ ਕਰਦੀਆਂ ਹਨ। ਸੰਯੁਕਤ ਰਾਜ ਅਮਰੀਕਾ ਖ਼ਰਚਿਆਂ ਦੀ ਵਰਤੋਂ ਆਰਥਿਕ ਪ੍ਰਦਰਸ਼ਨ ਦੇ ਆਪਣੇ ਪ੍ਰਾਇਮਰੀ ਮਾਪਦੰਡ ਵਜੋਂ ਕਰਦਾ ਹੈ (ਭਾਰਤ ਵਿੱਚ ਆਮਦਨ ਦੇ ਉਲਟ), ਯੂਐਸ ਬਿਊਰੋ ਆਫ਼ ਇਕਨਾਮਿਕ ਐਨਾਲਿਸਿਸ ਆਪਣੇ ਸੰਯੁਕਤ ਮਾਪ ਵਜੋਂ ਦੋਵਾਂ ਦੀ ਔਸਤ ਦੀ ਰਿਪੋਰਟ ਕਰਕੇ ਆਮਦਨ ਅਤੇ ਖਰਚ ਵਿਚਕਾਰ ਅਕਸਰ ਵੱਡੇ ਫਰਕ ਨੂੰ ਦਿਖਾਉਂਦਾ ਹੈ। ਜਦੋਂ ਅਸੀਂ ਭਾਰਤੀ ਡੇਟਾ 'ਤੇ ਵਿਧੀ ਨੂੰ ਲਾਗੂ ਕਰਦੇ ਹਾਂ, ਤਾਂ ਸਭ ਤੋਂ ਤਾਜ਼ਾ ਵਿਕਾਸ ਦਰ ਹੈੱਡਲਾਈਨ 7.8% ਤੋਂ 4.5% ਤੱਕ ਡਿੱਗ ਜਾਂਦੀ ਹੈ ਜੋ ਕਿ ਅਪ੍ਰੈਲ-ਜੂਨ 2022 ਵਿੱਚ 13.1% ਤੋਂ ਇੱਕ ਸਪਸ਼ਟ ਗਿਰਾਵਟ ਹੈ। ਭਾਰਤ ਦੇ ਪ੍ਰਚਾਰ ਵਿੱਚ ਘਰੇਲੂ ਖ਼ਰਚਿਆਂ ਦੀ ਵਧੀ ਹੋਈ ਆਯਾਤ ਸਮੱਗਰੀ ਵਿੱਚ ਉਹ ਅਸਮਾਨਤਾਵਾਂ ਪ੍ਰਤੀਬਿੰਬਤ ਹੁੰਦੀਆਂ ਹਨ, ਜੋ ਕਿ ਕੋਵਿਡ ਤੋਂ ਪਹਿਲਾਂ 22% ਤੋਂ ਵੱਧ ਕੇ 26% ਹੋ ਗਈਆਂ ਹਨ। ਦੀ ਮਦਦ ਨਾਲ, ਅਮੀਰ ਭਾਰਤੀ ਅਕਸਰ ਜ਼ਿਊਰਿਖ, ਮਿਲਾਨ ਅਤੇ ਸਿੰਗਾਪੁਰ ਵਿੱਚ ਖਰੀਦਦਾਰੀ ਦੇ ਚੱਕਰਾਂ ਸਮੇਂ ਤੇਜ਼ ਕਾਰਾਂ, ਸੋਨੇ ਦੀਆਂ (ਬਾਕੀ ਸਫ਼ਾ 30 'ਤੇ)




# ਆਮਦਨੀ ਅਠੱਨੀ ਖ਼ਰਚਾ ਰੁਪਈਆ

## ਪੈਸੇ ਕਮਾਉਣ ਦੀ ਥਾਂ ਖ਼ਰਚਣ ’ਚ ਸ਼ਾਨ ਸਮਝਦੀ ਹੈ ਨੌਜਵਾਨ ਪੀੜ੍ਹੀ

## ਵਿਹਲੇ ਰਹਿ ਕੇ ਮਸਤੀ ਕਰਨ ਦੀ ਸੋਚ ਨਾਲ ਵਧ ਰਹੀ ਹੈ ਬੇਰੁਜ਼ਗਾਰੀ










ਜਿਹੜੇ ਜਹਾਜ਼ ਦੀ ਆਵਾਜ਼ ਸੁਣ ਕੇ ਬਚਪਣ ਦੌਰਾਨ ਪੰਜਾਬੀ ਬੱਚੇ ਮਾਂ ਦੀ ਬੁੱਕਲ ਵਿੱਚ ਛੁਪ ਜਾਂਦੇ ਹਨ, ਉਹੀ ਬੱਚੇ ਅੱਲ੍ਹੜ ਤੇ ਜਵਾਨ ਹੁੰਦਿਆਂ ਹੀ ਉਸੇ ਤਰਾਂ ਦੇ ਜਹਾਜ਼ ਵਿੱਚ ਬੈਠ ਕੇ ਮਾਂ ਬਾਪ ਤੋਂ ਦੂਰ ਭਾਵ ਵਿਦੇਸ਼ ਚਲੇ ਜਾਂਦੇ ਹਨ ਜਾਂ ਜਾਣ ਲਈ ਕਾਹਲੇ ਪਏ ਹੋਏ ਹਨ। ਪੰਜਾਬ ਦੇ ਵੱਡੀ ਗਿਣਤੀ ਨੌਜਵਾਨ ਤੇ ਵਿਦਿਆਰਥੀ ਪੜ੍ਹਾਈ ਅਤੇ ਰੁਜ਼ਗਾਰ ਲਈ ਵਿਦੇਸ਼ ਚਲੇ ਗਏ ਹਨ ਅਤੇ ਜਾ ਰਹੇ ਹਨ, ਉਥੇ ਪੰਜਾਬ ਵਿੱਚ ਰਹਿ ਰਹੇ ਨੌਜਵਾਨਾਂ ਵਿਚੋਂ ਵੱਡੀ ਗਿਣਤੀ ਨੌਜਵਾਨ (ਸਾਰੇ ਨਹੀਂ) ਬੇਰੁਜ਼ਗਾਰ ਹਨ ਅਤੇ ਨਸ਼ੇ ਵਰਗੀਆਂ ਕਈ ਤਰਾਂ ਦੀਆਂ ਸਮਾਜਿਕ ਅਲਾਮਤਾਂ ਦਾ ਸ਼ਿਕਾਰ ਹੋ ਰਹੇ ਹਨ। ਇੱਕ ਸਰਵੇਖਣ ਦੌਰਾਨ ਪਤਾ ਚਲਿਆ ਹੈ ਕਿ ਭਾਵੇਂ ਪੰਜਾਬ ਸਰਕਾਰ ਅਨੇਕਾਂ ਨੌਜਵਾਨਾਂ ਨੂੰ ਨੌਕਰੀਆਂ ਵੀ ਦੇ ਰਹੀ ਹੈ ਅਤੇ ਅਨੇਕਾਂ ਪ੍ਰਾਈਵੇਟ ਅਦਾਰਿਆਂ ਵਿੱਚ ਵੀ ਵੱਡੀ ਗਿਣਤੀ ਪੰਜਾਬੀ ਨੌਜਵਾਨ ਕੰਮ ਕਰ ਰਹੇ ਹਨ ਪਰ ਫਿਰ ਵੀ ਵੱਡੀ ਗਿਣਤੀ ਨੌਜਵਾਨ ਬੇਰੁਜ਼ਗਾਰ ਹਨ। ਅਸਲ ਵਿੱਚ ਕਈ ਨੌਜਵਾਨਾਂ ਨੂੰ ਇਸ ਕਾਰਨ ਕੰਮ ਨਹੀਂ ਮਿਲਦਾ ਕਿਉਂਕਿ ਉਹਨਾਂ ਨੇ ਉਚੇਰੀ ਸਿਖਿਆ ਪ੍ਰਾਪਤ ਕੀਤੀ ਹੁੰਦੀ ਹੈ ਅਤੇ ਸਿੱਖਿਆ ਦੇ ਮੁਕਾਬਲੇ ਦਾ ਕੋਈ ਕੰਮ ਨਹੀਂ ਮਿਲਦਾ ਅਤੇ ਛੋਟਾ ਕੰਮ ਕਰਨਾ ਉਹ ਚਾਹੁੰਦੇ ਨਹੀਂ। ਇਸ ਤੋਂ ਇਲਾਵਾ ਵੱਡੀ ਗਿਣਤੀ ਨੌਜਵਾਨਾਂ ਵਿੱਚ ਵਿਹਲੇ ਰਹਿਣ ਦਾ ਸ਼ੌਕ ਵਧਦਾ ਜਾ ਰਿਹਾ ਹੈ, ਅਜਿਹੇ ਨੌਜਵਾਨ ਕਿਸੇ ਸਮੇਂ ਵੀ ਸਮਾਜ ਅਤੇ ਆਪਣੇ ਪਰਿਵਾਰ ਲਈ ਸਮੱਸਿਆ ਬਣ ਸਕਦੇ ਹਨ, ਕਿਉਂਕਿ ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ। ਇਸ ਤੋਂ ਇਲਾਵਾ ਅਨ ਕਾਂ ਨੌਜਵਾਨ ਅਜਿਹੇ ਹਨ ਜਿਨ੍ਹਾਂ ਦੇ ਪਿਤਾ ਜੀ ਜਾਂ ਵੱਡੇ ਭਰਾ ਵਿਦੇਸ਼ ਗਏ ਹੋਏ ਹਨ। ਇਹ ਨੌਜਵਾਨ ਖੁਦ ਕੋਈ ਕੰਮ ਕਰਨ ਦੀ ਥਾਂ ਪਿਤਾ ਜੀ ਜਾਂ ਵਿਦੇਸ਼ ਰਹਿੰਦੇ ਭਰਾ ਤੋਂ ਪੈਸੇ ਮੰਗਵਾ ਕੇ ਖੁਦ ਅ ਸ਼ ਪ੍ਰਸ਼ਤੀ ਵਾਲਾ ਜੀਵਨ ਜੀ ਰਹੇ ਹਨ। ਇਹਨਾਂ ਦੇ ਦੋਸਤਾਂ ਦਾ ਦਾਇਰਾ ਵੀ ਏਨਾ ਵਰਗਾ ਹੀ ਹੁੰਦਾ ਹੈ।

ਪੰਜਾਬ ਦੇ ਵੱਖ ਵੱਖ ਸ਼ਹਿਰਾਂ ’ਚ ਰਹਿੰਦੇ ਵੱਡੀ ਗਿਣਤੀ ਨੌਜਵਾਨ ਚੰਡੀਗੜ੍ਹ ਘੁੰਮਣ ਨੂੰ ਤਰਜ਼ੀਹ ਦਿੰਦੇ ਹਨ। ਅਕਸਰ ਚੰਡੀਗੜ੍ਹ ਦੇ ਆਲੇ ਦੁਆਲੇ ਦੇ ਇਲਾਕੇ ਦੇ ਨਾਲ ਨਾਲ ਚੰਡੀਗੜ੍ਹ ਤੋਂ ਦੂਰ ਦੂਰਾਡੇ ਦੇ ਨੌਜਵਾਨ ਵੀ ਆਪਣੇ ਦੋਸਤਾਂ ਨਾਲ ਚੰਡੀਗੜ੍ਹ ਘੁੰਮਣ ਹਰ ਦਿਨ ਵਾਂਗ ਆਉਂਦੇ ਰਹਿੰਦੇ ਹਨ ਅਤੇ



ਚੰਡੀਗੜ੍ਹ ਆ ਕੇ ਉਹ ਖੁਲੀ ਖ਼ਰੀਦਦਾਰੀ ਵੀ ਕਰਦੇ ਹਨ ਅਤੇ ਖੁੱਲਾ ਖ਼ਰਚ ਵੀ ਕਰਦੇ ਹਨ।

ਅਸਲ ਵਿੱਚ ਨੌਜਵਾਨਾਂ ਦੇ ਸ਼ੌਕ ਵੀ ਅਜੀਬ ਤਰਾਂ ਦੇ ਹੋ ਰਹੇ ਹਨ। ਫ਼ਿਲਮਾਂ ਦੇਖਣ, ਸੁੰਦਰਤਾ ਵਧਾਉਣ, ਬਾਰ, ਰੈਸਟੋਰੈਂਟਾਂ ਵਿੱਚ ਖਾਣ ਪੀਣ, ਨਵੇਂ ਵਾਹਨ ਲੈਣ, ਮੌਜ ਮਸਤੀ ਕਰਨ ਅਤੇ ਬਰਾਡਿੰਡ ਕਪੜੇ ਖਰੀਦ ਕੇ ਪਾਉਣ ਦੇ ਸ਼ੌਕ ਨੌਜਵਾਨ ਪੀੜ੍ਹੀ ਨੂੰ ਖੋਖਲਾ ਕਰ ਰ ਹੇ ਹਨ। ਇਹਨਾਂ ਵਿੱਚ ਵੱਡੀ ਗਿਣਤੀ ਉਹਨਾਂ ਨੌਜਵਾਨਾਂ ਦੀ ਹੈ, ਜੋ ਖੁਦ ਕੋਈ ਕੰਮ ਨਹੀਂ ਕਰਦੇ ਅਤੇ ਆਪਣੇ ਮਾਪਿਆਂ ਜਾਂ ਵਿਦੇਸ਼ ਰਹਿੰਦੇ ਭਰਾਵਾਂ ’ਤੇ ਨਿਰਭਰ ਹਨ। ਸਰਵੇਖਣ ਅਨੁਸਾਰ 16 ਸਾਲ ਤੋਂ ਲੈ ਕੇ 24 ਸਾਲ ਤਕ ਦੀ ਉਮਰ ਦੇ ਨੌਜਵਾਨਾਂ ਦਾ ਵਰਗ ਫਜ਼ੂਲ ਖ਼ਰਚੀ ਕਰਨ ਵਿੱਚ ਸਭ ਤੋਂ ਅੱਗੇ ਹੈ। ਇਸ ਉਮਰ ਵਿੱਚ ਜੋਸ਼ ਬਹੁਤ ਹੁੰਦਾ ਹੈ, ਪਰ ਸਿਆਣਪ ਘੱਟ ਹੁੰਦੀ ਹੈ। ਇਸ ਉਮਰ ਦੇ ਨੌਜਵਾਨਾਂ ਦੇ ਇਹਨਾਂ ਮਹਿੰਗੇ ਸ਼ੌਕ ਦਾ ਅਨੇਕਾਂ ਕੰਪਨੀਆਂ ਪੂਰਾ ਲਾਭ ਉਠਾਉਂਦੀਆਂ ਹਨ। ਅਕਸਰ ਇਹ ਕੰਪਨੀਆਂ ਦੇਸ਼ ਵਿਦੇਸ਼ ਦੀ ਸੈਰ ਕਰਵਾਉਣ, ਕਈ ਤਰਾਂ ਦੇ ਤੋਹਫ਼ੇ ਦੇਣ ਦਾ ਲਾਲਚ ਅਜਿਹੇ ਨੌਜਵਾਨਾਂ ਨੂੰ ਦਿੰਦੀਆਂ ਹਨ ਅਤੇ ਇਹਨਾਂ ਕੰਪਨੀਆਂ ਦੇ ਅਜਿਹੇ ਪੈਕਿਜ ਲੈਣ ਲਈ ਵੱਡੀ ਗਿਣਤੀ ਨੌਜਵਾਨ ਆਪਣੇ ਪਰਿਵਾਰ ’ਤੇ ਜੋਰ ਪਾਉਂਦੇ ਹਨ। ਇਸ ਤੋਂ ਇਲਾਵਾ ਹਰ ਸ਼ਹਿਰ ’ਚ ਨੌਜਵਾਨਾਂ ਨੂੰ ਆਪਣੇ ਦੋਸਤਾਂ ਨਾਲ ਮੌਜ ਮਸਤੀ ਕਰਦਿਆਂ, ਘੁੰਮਦਿਆਂ, ਖੁੱਲੇ ਖਰਚੇ ਕਰਦਿਆਂ ਵੇਖਿਆ ਜਾਂਦਾ ਹੈ। ਅਕਸਰ ਨੌਜਵਾਨਾਂ ਦੇ ਵੱਖ ਵੱਖ ਟੋਲਿਆਂ ਵਿੱਚ ਕਈ ਵਾਰ ਮੁਕਾਬਲਾ ਅਤੇ ਲੜਾਈ ਝਗੜਾ ਵੀ ਹੋ ਜਾਂਦਾ ਹੈ। ਆਮ ਸ਼ਹਿਰਾਂ ਵਿੱਚ ਨੌਜਵਾਨ ਆਪਣੇ ਦੋਸਤਾਂ ਨਾਲ ਖਰੀਦਦਾਰੀ ਕਰਦੇ ਅਤੇ ਖਾਂਦੇ ਪੀਂਦੇ ਨਜ਼ਰ ਆਉਂਦੇ ਹਨ। ਇਸ ਮੌਕੇ ਇਹ ਨੌਜਵਾਨ ਖੁੱਲ੍ਹਾ ਖਰਚ ਕਰਦੇ ਦਿਖਾਈ ਦਿੰਦੇ ਹਨ।

ਮਾਰਕੀਟ ਵਿੱਚ ਜੋ ਵੀ ਸਮਾਨ ਨਵਾਂ ਆਉਂਦਾ ਹੈ ਤਾਂ ਸਭ ਤੋਂ ਪਹਿਲਾਂ ਉਸ ਦੇ ਖ਼ਰੀਦਦਾਰ 16 ਸਾਲ ਤੋਂ 24 ਸਾਲ ਦੇ ਨੌਜਵਾਨ ਹੀ ਹੁੰਦੇ ਹਨ। ਕਈ ਨੌਜਵਾਨ ਤਾਂ ਲੋੜ ਤੋਂ ਬਿਨਾਂ ਹੀ ਸ਼ਾਨ ਵਧਾਉਣ ਲਈ ਖਰੀਦਦਾਰੀ ਕਰਦੇ ਰਹਿੰਦੇ ਹਨ ਅਤੇ ਆਪਣੇ ਦੋਸਤਾਂ ’ਤੇ ਅਮੀਰ ਹੋਣ ਦਾ ਭਰਮ ਪਾਲਦੇ ਹਨ। ਇਹ ਠੀਕ ਹੈ ਕਿ ਪੰਜਾਬ ਵਿੱਚ ਬੇਰੁਜ਼ਗਾਰੀ ਬਹੁਤ ਹੈ, ਪਰ ਇਹ ਵੀ ਅਸਲੀਅਤ ਹੈ ਕਿ ਜਿਸ ਨੌਜਵਾਨ ਦੀ ਕੰਮ ਕਰਨ ਦੀ ਅਤੇ ਪੈਸੇ ਕਮਾਉਣ ਦੀ ਇੱਛਾ ਹੋਵੇ ਤਾਂ ਉਸ ਨੂੰ ਕੋਈ ਨਾ ਕੋਈ ਕੰਮ ਧੰਦਾ ਮਿਲ ਜਾਂਦਾ ਹੈ। **(ਬਾਕੀ ਸਫ਼ਾ 31 ’ਤੇ)**







# ਜੇਕਰ ਤਾਪਮਾਨ 1.5 ਡਿਗਰੀ ਵਧਿਆ ਤਾਂ 50 ਫ਼ੀਸਦੀ ਗਲੇਸ਼ੀਅਰ ਹੋ ਜਾਣਗੇ ਗਾਇਬ

## ਸਮੁੰਦਰ ਦਾ ਵੀ ਵਧ ਜਾਵੇਗਾ 9 ਸੈਂਟੀਮੀਟਰ ਪੱਧਰ

## ਦੁਨੀਆਂ ਦੇ ਸਾਰੇ 215,000 ਗਲੇਸ਼ੀਅਰਾਂ 'ਤੇ ਕੀਤੀ ਖੋਜ

ਇੱਕ ਹੈਰਾਨ ਕਰਨ ਵਾਲੀ ਖੋਜ ਤੋਂ ਪਤਾ ਲੱਗਿਆ ਹੈ ਕਿ ਜੇਕਰ ਦੁਨੀਆਂ ਦਾ ਤਾਪਮਾਨ 1.5 ਡਿਗਰੀ ਸੈਲਸੀਅਸ ਵਧਦਾ ਹੈ ਤਾਂ 50 ਫੀਸਦੀ ਗਲੇਸ਼ੀਅਰ ਅਲੋਪ ਹੋ ਜਾਣਗੇ ਅਤੇ 2100 ਤੱਕ ਸਮੁੰਦਰ ਦਾ ਪੱਧਰ ਨੌਂ ਸੈਂਟੀਮੀਟਰ ਵਧ ਜਾਵੇਗਾ।

ਸਾਇੰਸ ਜਰਨਲ ਵਿੱਚ ਪ੍ਰਕਾਸ਼ਿਤ ਅਧਿਐਨ ਦਾ ਅੰਦਾਜ਼ਾ ਹੈ ਕਿ 2100 ਤੱਕ ਦੁਨੀਆਂ ਦੇ ਗਲੇਸ਼ੀਅਰ ਆਪਣੇ ਪੁੰਜ ਦਾ 40 ਪ੍ਰਤੀਸ਼ਤ ਤੱਕ ਗੁਆ ਸਕਦੇ ਹਨ।

ਪਿਟਸਬਰਗ, ਯੂਐਸ ਵਿੱਚ ਕਾਰਨੇਗੀ ਮੇਲਨ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ ਸੰਸਾਰ ਭਰ ਦੇ ਗਲੇਸ਼ੀਅਰਾਂ ਨੂੰ ਮਾਡਲ ਬਣਾਇਆ। ਖੋਜ ਵਿੱਚ ਪਾਇਆ ਗਿਆ ਕਿ 1.5 ਡਿਗਰੀ ਸੈਲਸੀਅਸ ਤਾਪਮਾਨ ਵਿੱਚ ਵਾਧੇ ਨਾਲ ਦੁਨੀਆਂ ਦੇ ਅੱਧੇ ਗਲੇਸ਼ੀਅਰ ਅਲੋਪ ਹੋ ਜਾਣਗੇ ਅਤੇ 2100 ਤੱਕ ਸਮੁੰਦਰ ਦਾ ਪੱਧਰ 3.5 ਇੰਚ ਵੱਧ ਜਾਵੇਗਾ।



ਜੇਕਰ ਤਾਪਮਾਨ 2.7 ਡਿਗਰੀ ਸੈਲਸੀਅਸ ਵਧਦਾ ਹੈ, ਤਾਂ ਮੱਧ ਯੂਰਪ, ਪੱਛਮੀ ਕੈਨੇਡਾ ਅਤੇ ਅਮਰੀਕਾ (ਅਲਾਸਕਾ ਸਮੇਤ) ਦੇ ਲਗਭਗ ਸਾਰੇ ਗਲੇਸ਼ੀਅਰ ਪਿਘਲ ਜਾਣਗੇ।

ਜੇਕਰ ਤਾਪਮਾਨ ਚਾਰ ਡਿਗਰੀ ਸੈਲਸੀਅਸ ਵਧਦਾ ਹੈ, ਤਾਂ ਦੁਨੀਆ ਦੇ 80 ਪ੍ਰਤੀਸ਼ਤ ਗਲੇਸ਼ੀਅਰ ਅਲੋਪ ਹੋ ਜਾਣਗੇ ਅਤੇ ਸਮੁੰਦਰ ਦਾ ਪੱਧਰ 15 ਸੈਂਟੀਮੀਟਰ ਵਧ ਜਾਵੇਗਾ।

ਕਾਰਨੇਗੀ ਦੇ ਸਹਾਇਕ ਪ੍ਰੋਫੈਸਰ ਡੇਵਿਡ ਰੌਨਸ ਨੇ ਕਿਹਾ ਕਿ ਭਾਵੇਂ ਤਾਪਮਾਨ ਕਿੰਨਾ ਵੀ ਵਧ ਜਾਵੇ, ਗਲੇਸ਼ੀਅਰਾਂ ਨੂੰ ਬਹੁਤ ਨੁਕਸਾਨ ਹੋਣ ਵਾਲਾ ਹੈ। ਰਾਉਂਸ ਅਤੇ ਟੀਮ ਦਾ ਅਧਿਐਨ ਦੁਨੀਆਂ ਦੇ ਸਾਰੇ 215,000 ਗਲੇਸ਼ੀਅਰਾਂ ਦਾ ਵਰਣਨ ਕਰਨ ਵਾਲੇ ਸੈਟੇਲਾਈਟ ਤੋਂ ਪ੍ਰਾਪਤ ਵੱਡੇ ਪੈਮਾਨੇ ਦੇ ਪਰਿਵਰਤਨ ਡੇਟਾ ਦੀ ਵਰਤੋਂ ਕਰਨ ਵਾਲਾ ਪਹਿਲਾ ਮਾਡਲਿੰਗ ਅਧਿਐਨ ਹੈ।



ਅਲਾਸਕਾ ਯੂਨੀਵਰਸਿਟੀ ਅਤੇ ਓਸਲੋ ਯੂਨੀਵਰਸਿਟੀ ਦੇ ਗਲੇਸ਼ਿਓਲੋਜੀ ਦੇ ਪ੍ਰੋਫੈਸਰ ਰੇਜੀਨ ਹਾਉਕ ਨੇ ਕਿਹਾ ਕਿ ਟੀਮ ਦੇ ਰਿਫਾਈਨਡ ਮਾਡਲ ਨੇ ਨਵੇਂ ਸੈਟੇਲਾਈਟ-ਪ੍ਰਾਪਤ ਡੇਟਾਸੈਟਾਂ ਦੀ ਵਰਤੋਂ ਕੀਤੀ ਜੋ ਪਹਿਲਾਂ ਵਿਸ਼ਵ ਪੱਧਰ 'ਤੇ ਉਪਲਬਧ ਨਹੀਂ ਸਨ।

ਇਸ ਵਿੱਚ ਨਾਸਾ ਦੇ ਟੈਰਾ ਉਪਗ੍ਰਹਿ 'ਤੇ ਜਾਪਾਨ ਦੇ ਐਡਵਾਂਸਡ ਸਪੇਸਬੋਰਨ ਥਰਮਲ ਐਮੀਸ਼ਨ ਅਤੇ ਰਿਫਲੈਕਸ਼ਨ ਰੇਡੀਓਮੀਟਰ ਦੇ ਨਾਲ-ਨਾਲ ਸੈਂਟੀਨੇਲ ਸੈਟੇਲਾਈਟ ਦਾ ਡਾਟਾ ਸ਼ਾਮਲ ਕੀਤਾ ਗਿਆ ਹੈ।

ਮਾਡਲ ਗਲੇਸ਼ੀਅਰ ਦੇ ਮਲਬੇ ਦੇ ਢੱਕਣ ਨੂੰ ਸ਼ਾਮਲ ਕਰਦਾ ਹੈ, ਜਿਸ ਵਿੱਚ ਗਲੇਸ਼ੀਅਰ ਦੀ ਸਤ੍ਹਾ 'ਤੇ ਪਾਈਆਂ ਗਈਆਂ ਚਟਾਨਾਂ, ਤਲ ਛਟ, ਸੂਟ, ਧੂੜ ਅਤੇ ਜਵਾਲਾਮੁਖੀ ਸੁਆਹ ਸ਼ਾਮਲ ਹਨ।

ਗਲੇਸ਼ੀਅਲ ਮਲਬੇ ਨੂੰ ਵੱਖ-ਵੱਖ ਮੋਟਾਈ ਦੇ ਕਾਰਨ ਮਾਪਣਾ ਆਮ ਤੌਰ 'ਤੇ ਮੁਸ਼ਕਿਲ ਹੁੰਦਾ ਹੈ, ਪਰ ਇਹ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਕਿਉਂਕਿ ਇਹ ਗਲੇਸ਼ੀਅਰ ਪਿਘਲਣ ਨੂੰ ਪ੍ਰਭਾਵਤ ਕਰ ਸਕਦਾ ਹੈ: ਮਲਬੇ ਦੀ ਇੱਕ ਪਤਲੀ ਪਰਤ ਪਿਘਲਣ ਨੂੰ ਤੇਜ਼ ਕਰ ਸਕਦੀ ਹੈ, ਜਦੋਂ ਕਿ ਇੱਕ ਮੋਟੀ ਪਰਤ ਇਸ ਨੂੰ ਰੋਕ ਸਕਦੀ ਹੈ ਅਤੇ ਇਸ ਨੂੰ ਘਟਾ ਸਕਦੀ ਹੈ।

ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਗਲੇਸ਼ੀਅਰ ਮਨੁੱਖੀ ਗਤੀਵਿਧੀਆਂ ਤੋਂ ਦੂਰ - ਜਲਵਾਯੂ ਤਬਦੀਲੀ ਦੇ ਖਾਸ ਤੌਰ 'ਤੇ ਸ਼ਕਤੀਸ਼ਾਲੀ ਸੂਚਕ ਹਨ।ਤੇਜ਼ੀ ਨਾਲ ਪਿਘਲ ਰਹੇ ਗਲੇਸ਼ੀਅਰ ਤਾਜ਼ੇ ਪਾਣੀ ਦੀ ਉਪਲਬਧਤਾ, ਲੈਂਡਸਕੇਪ, ਸੈਰ-ਸਪਾਟਾ, ਈਕੋਸਿਸਟਮ, ਬਾਰੰਬਾਰਤਾ ਅਤੇ ਖ਼ਤਰਿਆਂ ਦੀ ਗੰਭੀਰਤਾ, ਅਤੇ ਸਮੁੰਦਰ ਦੇ ਪੱਧਰ ਦੇ ਵਾਧੇ ਨੂੰ ਪ੍ਰਭਾਵਿਤ ਕਰਦੇ ਹਨ।ਨਾਸਾ ਦੀ ਸਮੁੰਦਰੀ ਪੱਧਰ ਬਦਲਣ ਵਾਲੀ ਟੀਮ ਦੇ ਨੇਤਾ ਬੇਨ ਹੈਮਲਿੰਗਟਨ ਨੇ ਕਿਹਾ ਕਿ ਸਮੁੰਦਰ ਦੇ ਪੱਧਰ ਦਾ ਵਾਧਾ ਸਿਰਫ਼ ਕੁਝ ਖਾਸ ਸਥਾਨਾਂ ਲਈ ਇੱਕ ਸਮੱਸਿਆ ਨਹੀਂ ਹੈ ਇਹ ਧਰਤੀ 'ਤੇ ਲਗਭਗ ਹਰ ਜਗ੍ਹਾ ਵਧ ਰਿਹਾ ਹੈ।

# ਕੀ ਧਰਤੀ 'ਤੇ ਖ਼ਤਮ ਹੋਣ ਜਾ ਰਿਹਾ ਹੈ ਜੀਵਨ ?

## ਧਰਤੀ 'ਤੇ ਜੀਵਨ ਨੂੰ ਸੰਭਵ ਬਣਾਉਣ ਵਾਲਾ ਸਿਸਟਮ ਬੁਰੀ ਤਰ੍ਹਾਂ ਨੁਕਸਾਨਿਆ



ਵਿਗਿਆਨੀਆਂ ਅਨੁਸਾਰ ਇਹ ਧਰਤੀ ਹੁਣ ਰਹਿਣ ਦੇ ਲਾਇਕ ਨਹੀਂ ਹੈ। ਕਾਫ਼ੀ ਖੋਜ ਤੋਂ ਬਾਅਦ ਉਹ ਇਸ ਨਤੀਜੇ 'ਤੇ ਪਹੁੰਚੇ ਹਨ ਕਿ ਇਹ ਗ੍ਰਹਿ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਹੈ। ਅਜਿਹੀ ਸਥਿਤੀ ਵਿੱਚ ਇੱਥੇ ਮਨੁੱਖੀ ਜਾਨਾਂ ਨੂੰ ਬਚਾਉਣਾ ਬਹੁਤ ਮੁਸ਼ਕਲ ਹੈ ਅਤੇ ਇਹ ਸੁਰੱਖਿਅਤ ਨਹੀਂ ਹੈ।

ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਧਰਤੀ 'ਤੇ ਜੀਵਨ ਨੂੰ ਸੰਭਵ ਬਣਾਉਣ ਵਾਲਾ ਸਿਸਟਮ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਹੈ। ਇਸ ਨਾਲ ਇੰਨਾ ਨੁਕਸਾਨ ਹੋਇਆ ਹੈ ਕਿ ਗ੍ਰਹਿ ਹੁਣ ਮਨੁੱਖਤਾ ਲਈ ਸੁਰੱਖਿਅਤ ਸਥਾਨ ਬਣਨ ਤੋਂ ਬਹੁਤ ਦੂਰ ਹੈ। ਆਪਣੀ ਜਾਂਚ ਵਿੱਚ, ਉਨ੍ਹਾਂ ਨੇ ਪਾਇਆ ਕਿ ਮਨੁੱਖਾਂ ਦੁਆਰਾ ਵਧ ਰਹੇ ਪ੍ਰਦੂਸ਼ਣ ਅਤੇ ਕੁਦਰਤੀ ਸੰਸਾਰ ਦੇ ਵਿਨਾਸ਼ ਕਾਰਨ ਨੌਂ ਵਿੱਚੋਂ ਛੇ ਗ੍ਰਹਿ ਸੀਮਾਵਾਂ ਤੱਕ ਪਹੁੰਚ ਗਈਆਂ ਹਨ। ਉਹ ਕਹਿੰਦਾ ਹੈ ਕਿ ਇਹ ਸੀਮਾਵਾਂ ਅਸਲ ਵਿੱਚ ਪ੍ਰਮੁੱਖ ਵਿਸ਼ਵ ਪ੍ਰਣਾਲੀਆਂ ਦੀਆਂ ਸੀਮਾਵਾਂ ਹਨ, ਜਿਵੇਂ ਕਿ ਜਲਵਾਯੂ, ਪਾਣੀ ਅਤੇ ਜੰਗਲੀ ਜੀਵਣ ਵਿੱਚ ਵਿਭਿੰਨਤਾ ਪਰ ਹੁਣ ਇਸ ਦਾ ਨੁਕਸਾਨ ਇੱਕ ਸਿਹਤਮੰਦ ਗ੍ਰਹਿ ਨੂੰ ਕਾਇਮ ਰੱਖਣ ਦੀ ਸਮਰੱਥਾ ਦੇ ਅਸਫਲ ਹੋਣ ਦੇ ਜੋਖਮ ਨੂੰ ਵਧਾਉਂਦਾ ਹੈ।

ਵਿਗਿਆਨੀਆਂ ਨੇ ਕਿਹਾ ਹੈ ਕਿ ਗ੍ਰਹਿਆਂ ਦੀਆਂ ਟੁੱਟੀਆਂ ਸੀਮਾਵਾਂ ਦਾ ਮਤਲਬ ਹੈ ਕਿ ਸਿਸਟਮ ਸੁਰੱਖਿਅਤ ਅਤੇ ਸਥਿਰ ਸਥਿਤੀ ਤੋਂ ਬਹੁਤ ਦੂਰ ਚਲਾ ਗਿਆ ਹੈ। ਇਹ ਪ੍ਰਣਾਲੀ 10,000 ਸਾਲ ਪਹਿਲਾਂ ਤੋਂ ਹੋਂਦ ਵਿੱਚ ਸੀ, ਅਰਥਾਤ ਆਖਰੀ ਬਰਫ਼ ਯੁੱਗ ਦੇ ਅੰਤ ਤੋਂ ਉਦਯੋਗਿਕ ਕ੍ਰਾਂਤੀ ਦੀ ਸ਼ੁਰੂਆਤ ਤੱਕ। ਸਮੁੱਚੀ ਆਧੁਨਿਕ ਸਭਿਅਤਾ ਦੀ ਸ਼ੁਰੂਆਤ ਇਸ ਕਾਲ ਵਿੱਚ ਹੋਈ, ਜਿਸ ਨੂੰ ਹੋਲੋਸੀਨ ਵੀ ਕਿਹਾ ਜਾਂਦਾ ਹੈ। ਵਿਗਿਆਨੀਆਂ ਦੇ ਅਨੁਸਾਰ, ਇਹ ਜਾਂਚ ਮੁਲਾਂਕਣ ਸਾਰੀਆਂ ਨੌਂ ਗ੍ਰਹਿ ਸੀਮਾਵਾਂ ਵਿੱਚੋਂ ਪਹਿਲਾ ਸੀ ਅਤੇ ਪੂਰੇ ਗ੍ਰਹਿ ਲਈ ਪਹਿਲੀ ਵਿਗਿਆਨਕ ਸਿਹਤ ਜਾਂਚ ਨੂੰ ਦਰਸਾਉਂਦਾ ਸੀ। ਉਸ ਦਾ ਕਹਿਣਾ ਹੈ ਕਿ ਛੇ ਚੌਕੇ ਟੁੱਟ ਚੁੱਕੇ ਹਨ ਅਤੇ ਦੋ ਟੁੱਟਣ ਦੇ ਨੇੜੇ ਹਨ। ਇਹ ਦੋ ਹਨ ਹਵਾ ਪ੍ਰਦੂਸ਼ਣ ਅਤੇ ਸਮੁੰਦਰਾਂ ਵਿੱਚ ਤੇਜ਼ਾਬ ਦਾ ਵਾਧਾ।

ਇੱਕ ਸੀਮਾ ਜੋ ਖ਼ਤਰੇ ਵਿੱਚ ਨਹੀਂ ਹੈ ਵਾਯੂਮੰਡਲ ਓਜ਼ੋਨ ਹੈ। ਹਾਨੀਕਾਰਕ ਰਸਾਇਣਾਂ ਦੇ ਪੜਾਅ ਤੋਂ ਬਾਹਰ ਹੋਣ ਦੇ ਨਤੀਜੇ ਵਜੋਂ ਹਾਲ ਹੀ ਦੇ ਦਹਾਕਿਆਂ ਵਿੱਚ ਓਜ਼ੋਨ ਵਿੱਚ ਟੋਆ ਸੁੰਗੜ ਗਿਆ ਹੈ। ਵਿਗਿਆਨੀਆਂ ਨੇ ਕਿਹਾ ਕਿ ਸਭ ਤੋਂ ਚਿੰਤਾਜਨਕ ਨਤੀਜਾ ਇਹ ਸੀ ਕਿ ਜੀਵਿਤ ਸੰਸਾਰ ਵਿੱਚ ਮੌਜੂਦ ਸਾਰੇ ਚਾਰ ਜੀਵ-ਵਿਗਿਆਨੀ ਥ੍ਰੈਸ਼ਹੋਲਡ ਸਭ ਤੋਂ ਵੱਧ ਜੋਖਮ ਦੇ ਪੱਧਰ 'ਤੇ ਜਾਂ ਨੇੜੇ ਸਨ। ਧਰਤੀ ਲਈ ਜੀਵਤ ਸੰਸਾਰ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੈ। ਉਹ ਕਹਿੰਦੇ ਹਨ ਕਿ ਇਹ ਕੁਝ ਭੌਤਿਕ ਤਬਦੀਲੀਆਂ ਲਈ ਮੁਆਵਜ਼ਾ ਦੇ ਕੇ ਲਚਕੀਲਾਪਣ ਪ੍ਰਦਾਨ ਕਰਦਾ ਹੈ ਜੋ ਦਰਖ਼ਤ ਕਾਰਬਨ ਡਾਈਆਕਸਾਈਡ ਪ੍ਰਦੂਸ਼ਣ ਨੂੰ ਜਜ਼ਬ ਕਰਦੇ ਹਨ।ਵਿਗਿਆਨੀਆਂ ਨੇ ਕਿਹਾ ਕਿ ਗ੍ਰਹਿ ਦੀਆਂ ਸੀਮਾਵਾਂ ਨੂੰ ਬਦਲਿਆ ਨਹੀਂ ਜਾ ਸਕਦਾ ਜਿਸ ਤੋਂ ਅਚਾਨਕ ਅਤੇ ਗੰਭੀਰ ਗਿਰਾਵਟ ਆਵੇ। ਇਸ ਦੀ ਬਜਾਏ ਇਹ ਸੀਮਾਵਾਂ ਉਹ ਬਿੰਦੂ ਹਨ ਜਿਨ੍ਹਾਂ ਤੋਂ ਪਰੇ ਧਰਤੀ ਦੇ ਭੌਤਿਕ, ਜੈਵਿਕ ਅਤੇ ਰਸਾਇਣਿਕ ਜੀਵਨ ਸਹਾਇਤਾ ਪ੍ਰਣਾਲੀਆਂ ਵਿੱਚ ਤਬਦੀਲੀਆਂ ਦਾ ਜੋਖਮ ਕਾਫ਼ੀ ਵੱਧ ਜਾਂਦਾ ਹੈ। ਗ੍ਰਹਿ ਦੀਆਂ ਸੀਮਾਵਾਂ ਪਹਿਲੀ ਵਾਰ 2009 ਵਿੱਚ ਤਿਆਰ ਕੀਤੀਆਂ ਗਈਆਂ ਸਨ ਅਤੇ 2015 ਵਿੱਚ ਅਪਣਾਈਆਂ ਗਈਆਂ ਸਨ। ਉਸ ਸਮੇਂ ਸਿਰਫ਼ ਸੱਤ ਗ੍ਰਹਿਆਂ ਦੀ ਹੀ ਜਾਂਚ ਕੀਤੀ ਜਾ ਸਕਦੀ ਸੀ। ਉਸ ਸਮੇਂ, ਸਟਾਕਹੋਮ ਰੇਸੀਲੈਂਸ ਸੈਂਟਰ ਦੇ ਡਾਇਰੈਕਟਰ, ਪ੍ਰੋਫੈਸਰ ਜੋਹਾਨ ਰੌਕਸਟ੍ਰੋਮ ਨੇ ਇਸ ਨੂੰ ਤਿਆਰ ਕਰਨ ਵਾਲੀ ਟੀਮ ਦੀ ਅਗਵਾਈ ਕੀਤੀ। ਉਹ ਕਹਿੰਦਾ ਹੈ ਕਿ ਹਰ ਕੋਈ ਵਿਸ਼ਵ ਭਰ ਦੇ ਵਿਗਿਆਨ ਅਤੇ ਸਮਾਜਾਂ 'ਤੇ ਅਤਿਅੰਤ ਜਲਵਾਯੂ ਘਟਨਾਵਾਂ ਦੇ ਪ੍ਰਭਾਵਾਂ ਬਾਰੇ ਸੱਚਮੁੱਚ ਚਿੰਤਤ ਹੈ, ਪਰ ਇਸ ਤੋਂ ਵੀ ਵੱਧ ਚਿੰਤਾ ਵਾਲੀ ਗੱਲ ਇਹ ਹੈ ਕਿ ਗ੍ਰਹਿਆਂ ਦੀ ਘੱਟ ਰਹੀ ਲਚਕਤਾ ਜੋ ਕਿ ਕਾਫ਼ੀ ਖ਼ਤਰਨਾਕ ਹੈ।

# ਆਉਣ ਵਾਲੇ ਯੁੱਧਾਂ ਦੀ ਦਿਸ਼ਾ ਬਦਲਣ ਜਾ ਰਿਹੈ ਅਮਰੀਕਾ

## ਰੂਸ-ਚੀਨ ਵਰਗੇ ਦੁਸ਼ਮਣਾਂ ਤੋਂ ਛੁਟਕਾਰਾ ਪਾਉਣਗੇ ਰੋਬੋਟ ਲੜਾਕੇ



## ਭਵਿੱਖ ਦੀਆਂ ਲੜਾਈਆਂ ਕਿਵੇਂ ਲੜਨਗੇ ਰੋਬੋਟ ?

**ਨੀਰਜ ਕੁਮਾਰ ਦੂਬੇ**

ਬਦਲਦੇ ਵਿਸ਼ਵ ਦ੍ਰਿਸ਼ ਵਿੱਚ, ਤਕਨਾਲੋਜੀ ਕਾਰਨ ਵੱਡੀਆਂ ਤਬਦੀਲੀਆਂ ਹੋ ਰਹੀਆਂ ਹਨ। ਇਨ੍ਹਾਂ ਤਬਦੀਲੀਆਂ ਕਾਰਨ ਇਹ ਮੰਨਿਆ ਜਾ ਰਿਹਾ ਹੈ ਕਿ ਭਵਿੱਖ ਦੀਆਂ ਜੰਗਾਂ ਰਵਾਇਤੀ ਜੰਗਾਂ ਵਾਂਗ ਮੈਦਾਨ ਵਿੱਚ ਨਹੀਂ ਲੜੀਆਂ ਜਾਣਗੀਆਂ। ਇਸ ਸੰਭਾਵਨਾ ਦੇ ਮੱਦੇ-ਨਜ਼ਰ ਵੱਖ-ਵੱਖ ਦੇਸ਼ ਅੱਜ ਅਤੇ ਆਉਣ ਵਾਲੇ ਭਵਿੱਖ ਦੀਆਂ ਲੋੜਾਂ ਮੁਤਾਬਕ ਆਪਣੀ ਰੱਖਿਆ ਤਿਆਰੀਆਂ ਵਿੱਚ ਬਦਲਾਅ ਕਰ ਰਹੇ ਹਨ। ਇਸ ਦੇ ਨਾਲ ਹੀ ਵਿਸ਼ਵ ਪੱਧਰ 'ਤੇ ਇਹ ਵੀ ਸੋਚਿਆ ਜਾ ਰਿਹਾ ਹੈ ਕਿ ਵੱਡੀ ਫੌਜ ਰੱਖਣ ਦੀ ਬਜਾਏ ਇਸ ਨੂੰ ਛੋਟੀ ਅਤੇ ਆਧੁਨਿਕ ਰੱਖਣ 'ਤੇ ਜ਼ੋਰ ਦਿੱਤਾ ਜਾਵੇ। ਅਮਰੀਕਾ ਵੱਲੋਂ ਇਸ ਲਈ ਚੁੱਕੇ ਗਏ ਕਦਮਾਂ ਤੋਂ ਉਮੀਦ ਹੈ ਕਿ ਹੋਰ ਦੇਸ਼ ਵੀ ਉਸ ਰਾਹ 'ਤੇ ਅੱਗੇ ਵਧ ਸਕਦੇ ਹਨ। ਦੱਸ ਦਈਏ ਕਿ ਅਮਰੀਕਾ ਦੀ ਉਪ ਰੱਖਿਆ ਮੰਤਰੀ ਕੈਥਲੀਨ ਹਿਕਸ ਨੇ ਇੱਕ ਅਹਿਮ ਐਲਾਨ ਕਰਦੇ ਹੋਏ ਕਿਹਾ ਹੈ ਕਿ ਚੀਨ ਦੀ ਵਧਦੀ ਤਾਕਤ ਨੂੰ ਦੇਖਦੇ ਹੋਏ ਉਨ੍ਹਾਂ ਦੇ ਦੇਸ਼ ਦੀ ਫੌਜ ਅਗਲੇ ਦੋ ਸਾਲਾਂ 'ਚ ਹਜ਼ਾਰਾਂ ਖ਼ੁਦਮੁਖ਼ਤਿਆਰੀ ਹਥਿਆਰ ਪ੍ਰਣਾਲੀਆਂ ਦੀ ਵਰਤੋਂ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੀ ਹੈ। ਪਿਛਲੇ ਦਹਾਕੇ ਜਾਂ ਇਸ ਤੋਂ ਬਾਅਦ, ਵੱਖ-ਵੱਖ ਪੱਧਰਾਂ 'ਤੇ ਸੁਤੰਤਰ ਸੰਚਾਲਨ ਕਰਨ ਦੇ ਸਮਰੱਥ ਫੌਜੀ ਪ੍ਰਣਾਲੀਆਂ ਆਮ ਹੋ ਗਈਆਂ ਹਨ ਪਰ ਅਮਰੀਕੀ ਘੋਸ਼ਣਾ ਇਹ ਸਪੱਸ਼ਟ ਕਰਦੀ ਹੈ ਕਿ ਯੁੱਧ ਦਾ ਭਵਿੱਖ ਬਦਲ ਗਿਆ ਹੈ ਅਤੇ ਲੜਾਈ ਰੋਬੋਟਾਂ ਦਾ ਯੁੱਗ ਆ ਗਿਆ ਹੈ, ਮਤਲਬ ਕਿ ਇੱਕ ਪੁਰਾਣੇ ਵਿਚਾਰ ਨੂੰ ਹਕੀਕਤ ਵਿੱਚ ਬਦਲਣ ਦਾ ਸਮਾਂ ਆ ਗਿਆ ਹੈ।

ਤੁਹਾਨੂੰ ਦੱਸ ਦੇਈਏ ਕਿ ਪਿਛਲੇ ਦਹਾਕੇ ਵਿੱਚ, ਫੌਜੀ ਉਦੇਸ਼ਾਂ ਲਈ ਉੱਨਤ ਰੋਬੋਟਿਕ ਪ੍ਰਣਾਲੀਆਂ ਦਾ ਮਹੱਤਵਪੂਰਨ ਵਿਕਾਸ ਹੋਇਆ ਹੈ। ਇਹਨਾਂ ਵਿੱਚੋਂ ਬਹੁਤ ਸਾਰੀਆਂ ਪਰਿਵਰਤਿਤ ਵਪਾਰਕ ਤਕਨਾਲੋਜੀ 'ਤੇ ਅਧਾਰਿਤ ਹਨ, ਜੋ ਆਪਣੇ ਆਪ ਵਿੱਚ ਵਧੇਰੇ ਕੁਸ਼ਲ, ਸਸਤੀ ਅਤੇ ਵਧੇਰੇ ਵਿਆਪਕ ਤੌਰ 'ਤੇ ਉਪਲਬਧ ਹੋ ਗਈ ਹੈ। ਹਾਲ ਹੀ ਵਿੱਚ, ਧਿਆਨ ਉਹਨਾਂ ਪ੍ਰਯੋਗਾਂ ਵੱਲ ਤਬਦੀਲ ਹੋ ਗਿਆ ਹੈ ਕਿ ਉਹਨਾਂ ਨੂੰ ਲੜਾਈ ਵਿੱਚ ਸਭ ਤੋਂ ਵਧੀਆ ਕਿਵੇਂ ਵਰਤਣਾ ਹੈ। ਇਸ ਤੋਂ ਇਲਾਵਾ, ਰੂਸ-ਯੂਕਰੇਨ ਯੁੱਧ ਨੇ ਦਿਖਾਇਆ ਹੈ ਕਿ ਤਕਨਾਲੋਜੀ ਯੁੱਧ ਵਿੱਚ ਭੂਮਿਕਾ ਨਿਭਾਉਣ ਲਈ ਤਿਆਰ ਹੈ. ਬਖਤਰਬੰਦ ਵਾਹਨਾਂ ਅਤੇ ਤੋਪਖ਼ਾਨੇ ਨੂੰ ਲੱਭਣ ਅਤੇ ਹਮਲਾ ਕਰਨ ਲਈ ਰੂਸ-ਯੂਕਰੇਨ ਯੁੱਧ ਵਿੱਚ ਰੋਬੋਟਿਕ ਏਰੀਅਲ ਵਾਹਨ ਦੀ ਵਿਆਪਕ ਤੌਰ 'ਤੇ ਵਰਤੋਂ ਕੀਤੀ ਗਈ ਹੈ। ਯੂਕਰੇਨੀ ਜਲ ਸੈਨਾ ਦੇ ਹਮਲਾਵਰ ਡਰੋਨਾਂ ਨੇ ਰੂਸ ਦੇ ਕਾਲੇ ਸਾਗਰ ਫਲੀਟ ਨੂੰ ਅਪਾਹਜ ਕਰ ਦਿੱਤਾ ਹੈ, ਇਸ ਦੇ ਜੰਗੀ ਜਹਾਜ਼ਾਂ ਨੂੰ ਬੰਦਰਗਾਹ ਤੋਂ ਬਾਹਰ ਜਾਣ ਤੋਂ ਰੋਕਿਆ ਹੈ। ਇਸ ਲਈ, ਫੌਜੀ ਰੋਬੋਟਾਂ ਨੂੰ ਤਾਇਨਾਤ ਕਰਨ ਦਾ ਸਮਾਂ ਆ ਗਿਆ ਹੈ, ਜਿਸ ਬਾਰੇ ਕਦੇ ਸੋਚਿਆ ਜਾਂਦਾ ਸੀ।



ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਨੂੰ ਕਿਵੇਂ, ਕਦੋਂ ਅਤੇ ਕਿੱਥੇ ਤਾਇਨਾਤ ਕੀਤਾ ਜਾਵੇਗਾ ? ਇਸ ਦਾ ਜਵਾਬ ਅਮਰੀਕਾ ਦੀ ਉਪ ਰੱਖਿਆ ਮੰਤਰੀ ਕੈਥਲੀਨ ਹਿਕਸ ਨੇ ਆਪਣੇ ਭਾਸ਼ਣ ਵਿੱਚ ਦਿੱਤਾ ਹੈ। ਉਸਨੇ ਘੋਸ਼ਣਾ ਕੀਤੀ ਹੈ ਕਿ ਨਵਾਂ ਰਿਪਲੀਕੇਟਰ ਪ੍ਰੋਗਰਾਮ ਅਗਲੇ 18 ਤੋਂ 24 ਮਹੀਨਿਆਂ ਦੇ ਅੰਦਰ ਕਈ ਡੋਮੇਨਾਂ ਵਿੱਚ ਸੈਂਕੜੇ ਹਜ਼ਾਰਾਂ ਜ਼ਿੰਮੇਵਾਰ ਆਟੋਨੋਮਸ ਸਿਸਟਮਾਂ ਨੂੰ ਪੇਸ਼ ਕਰੇਗਾ। 'ਆਟੋਨੋਮਸ' ਇੱਕ ਰੋਬੋਟ ਨੂੰ ਦਰਸਾਉਂਦਾ ਹੈ ਜੋ ਮਨੁੱਖੀ ਦਖਲ ਤੋਂ ਬਿਨਾਂ ਗੁੰਝਲਦਾਰ ਫੌਜੀ ਕਾਰਵਾਈਆਂ ਕਰ ਸਕਦਾ ਹੈ। ਇਸ ਤੋਂ ਇਲਾਵਾ, 'ਵਿਸ਼ੇਸ਼ਤਾਯੋਗ' ਦਾ ਮਤਲਬ ਹੈ ਕਿ ਰੋਬੋਟ ਇਸ ਨੂੰ ਗੁਆਉਣ ਅਤੇ ਉੱਚ-ਪ੍ਰਾਥਮਿਕਤਾ ਵਾਲੇ ਮਿਸ਼ਨ ਨੂੰ ਜੋਖਮ ਵਿੱਚ ਪਾਉਣ ਲਈ ਕਾਫ਼ੀ ਸਸਤਾ ਹੈ। ਅਜਿਹੇ ਰੋਬੋਟ ਨੂੰ ਪੂਰੀ ਤਰ੍ਹਾਂ ਡੀਗਰੇਡੇਬਲ (ਡਿਸਪੋਜ਼ੇਬਲ) ਹੋਣ ਲਈ ਤਿਆਰ ਨਹੀਂ ਕੀਤਾ ਗਿਆ ਹੈ, ਪਰ ਇਹ ਬਹੁਤ ਕਿਫ਼ਾਇਤੀ ਹੋਵੇਗਾ ਤਾਂ ਜੋ ਇਹਨਾਂ ਨੂੰ ਵੱਡੀ ਗਿਣਤੀ ਵਿੱਚ ਖ਼ਰੀਦਿਆ ਜਾ ਸਕੇ ਅਤੇ ਜੰਗ ਦੇ ਨੁਕਸਾਨ ਨੂੰ ਪੂਰਾ ਕੀਤਾ ਜਾ ਸਕੇ। ਇਸ ਤੋਂ ਇਲਾਵਾ, ਮਲਟੀ-ਡੋਮੇਨ ਜ਼ਮੀਨ, ਸਮੁੰਦਰ, ਹਵਾ ਅਤੇ ਪੁਲਾੜ ਵਿੱਚ ਰੋਬੋਟਾਂ ਦੀ ਤਾਇਨਾਤੀ ਨੂੰ ਦਰਸਾਉਂਦਾ ਹੈ। ਸੰਖੇਪ ਵਿੱਚ, ਰੋਬੋਟ ਹਰ ਤਰ੍ਹਾਂ ਦੇ ਕੰਮਾਂ ਲਈ ਹਰ ਜਗ੍ਹਾ ਤਾਇਨਾਤ ਕੀਤੇ ਜਾ ਸਕਦੇ ਹਨ।

ਰੋਬੋਟ ਮਿਸ਼ਨ ਬਾਰੇ ਵਧੇਰੇ ਵਿਸਥਾਰ ਨਾਲ ਗੱਲ ਕਰੀਏ ਤਾਂ ਇਹ ਸਪੱਸ਼ਟ ਹੈ ਕਿ ਅਮਰੀਕੀ ਫੌਜ ਲਈ ਰੂਸ 'ਗੰਭੀਰ ਖ਼ਤਰਾ' ਹੈ ਅਤੇ ਚੀਨ ਲਈ ਵੀ 'ਵਧਦੀ ਚੁਣੌਤੀ' ਹੈ। ਇਸ ਲਈ ਅਮਰੀਕਾ ਦੀ ਤਰਜੀਹ ਚੀਨ ਵਿਰੁੱਧ ਆਪਣੀ ਫੌਜੀ ਸਮਰੱਥਾ ਨੂੰ ਮਜ਼ਬੂਤ ਕਰਨਾ ਹੈ। ਤੁਹਾਨੂੰ ਦੱਸ ਦੇਈਏ ਕਿ ਚੀਨ ਦੀ ਪੀਪਲਜ਼ ਲਿਬਰੇਸ਼ਨ ਆਰਮੀ ਕੋਲ ਜ਼ਿਆਦਾ ਆਦਮੀ, ਜ਼ਿਆਦਾ ਟੈਂਕ, ਜ਼ਿਆਦਾ ਜਹਾਜ਼ ਅਤੇ ਜ਼ਿਆਦਾ ਮਿਜ਼ਾਈਲਾਂ ਆਦਿ ਹਨ। ਦੂਜੇ ਪਾਸੇ, ਅਮਰੀਕਾ ਕੋਲ ਚੀਨ ਨਾਲੋਂ ਬਿਹਤਰ ਗੁਣਵੱਤਾ ਦਾ ਸਾਜ਼ੋ-ਸਾਮਾਨ ਹੋ ਸਕਦਾ ਹੈ, ਪਰ ਫ਼ੌਜਾਂ ਅਤੇ ਰੱਖਿਆ ਸਾਜ਼ੋ-ਸਾਮਾਨ ਦੀ ਗਿਣਤੀ ਦੇ ਮਾਮਲੇ ਵਿੱਚ ਚੀਨ ਦੀ ਜਿੱਤ ਹੈ। ਇਸ ਲਈ ਰਿਪਲੀਕੇਟਰ ਪ੍ਰੋਗਰਾਮ ਹੁਣ ਅਮਰੀਕਾ ਨੂੰ ਸੰਭਾਵੀ ਭਵਿੱਖ ਦੀਆਂ ਜੰਗਾਂ ਜਿੱਤਣ ਵਿੱਚ ਮਦਦ ਕਰੇਗਾ, ਤੇਜ਼ੀ ਨਾਲ ਹਜ਼ਾਰਾਂ 'ਵਿਸ਼ੇਸ਼ ਆਟੋਨੋਮਸ ਸਿਸਟਮ' ਬਣਾ ਕੇ। ਇਸ ਤੋਂ ਇਲਾਵਾ, ਅਮਰੀਕਾ ਦਾ ਮੰਨਣਾ ਹੈ ਕਿ ਤਾਈਵਾਨ 'ਤੇ ਚੀਨ ਦਾ ਰੁਖ ਤਣਾਅ ਨੂੰ ਟਕਰਾਅ ਵਿੱਚ ਵਧਾਉਣ ਦੀ ਸਮਰੱਥਾ ਰੱਖਦਾ ਹੈ। ਅਜਿਹੇ 'ਚ ਚੀਨ ਦੇ ਕਿਸੇ ਵੀ ਵੱਡੇ ਹਮਲੇ ਦਾ ਦਮ ਘੁਟਣ 'ਚ ਰੋਬੋਟ ਅਮਰੀਕਾ ਲਈ ਫੈਸਲਾਕੁੰਨ ਹੋ ਸਕਦੇ ਹਨ। ਇਸ ਤੋਂ ਇਲਾਵਾ ਅਮਰੀਕਾ ਹੋਰ ਚੀਜ਼ਾਂ ਬਾਰੇ ਸੋਚ ਰਿਹਾ ਹੈ। ਦਰਅਸਲ, ਰਿਪਲੀਕੇਟਰ ਮੁਹਿੰਮ ਦਾ ਉਦੇਸ਼ ਲੰਬੇ ਸਮੇਂ ਲਈ ਰੋਬੋਟਾਂ ਦਾ ਵੱਡੇ ਪੱਧਰ 'ਤੇ ਉਤਪਾਦਨ ਕਰਕੇ ਇੱਕ ਨਵਾਂ ਰੱਖਿਆ ਕਾਰੋਬਾਰ ਬਣਾਉਣਾ ਹੈ।

ਜਿੱਥੋਂ ਤੱਕ ਅਮਰੀਕਾ ਦੇ ਇਸ ਨਵੇਂ ਅਤੇ ਵੱਡੇ ਕਦਮ ਦਾ ਸਬੰਧ ਹੈ, ਇਹ ਸਪੱਸ਼ਟ ਹੈ ਕਿ ਜੇਕਰ ਅਮਰੀਕਾ ਇਸ ਰਾਹ 'ਤੇ ਅੱਗੇ ਵਧਦਾ ਹੈ, ਤਾਂ ਉਹ ਵੱਡੀ ਗਿਣਤੀ ਵਿੱਚ ਖ਼ੁਦਮੁਖ਼ਤਿਆਰੀ ਪ੍ਰਣਾਲੀਆਂ ਨੂੰ ਤਾਇਨਾਤ ਕਰਨ ਵਾਲਾ ਪਹਿਲਾ ਦੇਸ਼ ਬਣ ਸਕਦਾ ਹੈ ਪਰ ਅਜਿਹਾ ਨਹੀਂ ਹੈ ਕਿ ਹੋਰ ਦੇਸ਼ ਬਹੁਤ ਪਿੱਛੇ ਰਹਿ ਜਾਣਗੇ। ਚੀਨ ਫਾਈਟਿੰਗ ਰੋਬੋਟ ਵੀ ਬਣਾ ਰਿਹਾ ਹੈ। ਇਸ ਲਈ, ਚੀਨ ਨੂੰ ਘੱਟ ਨਹੀਂ ਸਮਝਿਆ ਜਾ ਸਕਦਾ, ਕਿਉਂਕਿ ਉਸ ਕੋਲ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਲੜਾਕੂ ਡਰੋਨ ਉਤਪਾਦਨ ਵਿੱਚ ਮੁਹਾਰਤ ਹੈ। ਤੁਹਾਨੂੰ ਇਹ ਵੀ ਦੱਸ ਦੇਈਏ ਕਿ ਆਟੋਨੋਮਸ ਮਿਲਟਰੀ ਡਰੋਨ ਦੀ ਜ਼ਿਆਦਾਤਰ ਤਕਨੀਕ ਵਿਆਪਕ ਤੌਰ 'ਤੇ ਉਪਲਬਧ ਹੈ। ਲੀਬੀਆ ਅਤੇ ਇਜ਼ਰਾਈਲ ਅਤੇ ਕੁਝ ਹੋਰ ਦੇਸ਼ਾਂ ਦੁਆਰਾ ਖ਼ੁਦਮੁਖ਼ਤਿਆਰੀ ਹਥਿਆਰ ਪ੍ਰਣਾਲੀਆਂ ਦੀ ਤਾਇਨਾਤੀ ਦੀਆਂ ਤਾਜ਼ਾ ਰਿਪੋਰਟਾਂ ਵੀ ਆਈਆਂ ਹਨ। ਇੰਨਾ ਹੀ ਨਹੀਂ, ਤੁਰਕੀ ਦੇ ਬਣੇ ਡਰੋਨ ਯੂਕਰੇਨ ਯੁੱਧ 'ਚ ਅਹਿਮ ਸਾਬਤ ਹੋਏ ਹਨ।

(ਬਾਕੀ ਸਫ਼ਾ 31 'ਤੇ)

# ਰੂਸ-ਯੂਕਰੇਨ ਜੰਗ 'ਚ 5 ਲੱਖ ਸੈਨਿਕ ਮਾਰੇ ਗਏ : ਨਿਊਯਾਰਕ ਟਾਈਮਜ਼

## ਵਿਸ਼ਵ ਪੱਧਰ 'ਤੇ ਅਮੀਰ ਲੋਕਾਂ ਦੀ ਗਿਣਤੀ 'ਚ 5.4 ਫ਼ੀਸਦੀ ਦੀ ਕਮੀ , ਭਾਰਤ ਵਿੱਚ ਅਰਬਪਤੀਆਂ ਦੀ ਹਿੱਸੇਦਾਰੀ ਵਧੀ

ਪਿਛਲੇ ਦੋ ਸਾਲਾਂ ਤੋਂ ਚੱਲ ਰਹੀ ਰੂਸ-ਯੂਕਰੇਨ ਜੰਗ ਨੇ ਦੁਨੀਆਂ ਦੇ ਅਰਬਪਤੀਆਂ ਲਈ ਕਈ ਆਰਥਿਕ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਹਨ। ਇੱਕ ਰਿਪੋਰਟ ਦੇ ਅਨੁਸਾਰ, ਯੁੱਧ ਦੇ ਦੌਰਾਨ ਵਿਸ਼ਵ ਪੱਧਰ 'ਤੇ ਅਤਿ ਅਮੀਰ ਲੋਕਾਂ ਦੀ ਗਿਣਤੀ ਵਿੱਚ ਵੀ 5.4 ਫੀਸਦੀ ਦੀ ਕਮੀ ਆਈ ਹੈ ਪਰ ਏਸ਼ੀਆ, ਖਾਸ ਕਰਕੇ ਭਾਰਤ ਵਿੱਚ ਅਰਬਪਤੀਆਂ ਦੀ ਹਿੱਸੇਦਾਰੀ ਲਗਾਤਾਰ ਵਧ ਰਹੀ ਹੈ।

ਹਾਲਾਂ ਕਿ ਇਸ ਜੰਗ ਵਿੱਚ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਮਨੁੱਖੀ ਨੁਕਸਾਨ ਵੀ ਸਭ ਤੋਂ ਵੱਧ ਹੋਇਆ ਹੈ। ਨਿਊਯਾਰਕ ਟਾਈਮਜ਼ ਦੇ ਅਨੁਸਾਰ, ਲਗਭਗ 500,000 ਸੈਨਿਕ ਯੁੱਧ ਵਿੱਚ ਮਾਰੇ ਗਏ ਜਾਂ ਜ਼ਖਮੀ ਹੋਏ ਹਨ। ਲਗਭਗ 120,000 ਰੂਸੀ ਸੈਨਿਕ ਮਾਰੇ ਗਏ ਅਤੇ 170,000 ਤੋਂ 180,000 ਜ਼ਖਮੀ ਹੋਏ। ਇਸ ਦੇ ਨਾਲ ਹੀ ਯੂਕਰੇਨੀ ਫੌਜ ਦੇ 70,000 ਮਾਰੇ ਗਏ ਅਤੇ 100,000 ਤੋਂ 120,000 ਜ਼ਖਮੀ ਹੋਏ। ਯੁੱਧ ਨੇ ਅਸਥਿਰਤਾ ਅਤੇ ਵਸਤੂਆਂ ਅਤੇ ਊਰਜਾ ਦੀਆਂ ਕੀਮਤਾਂ ਵਿੱਚ ਵਾਧਾ ਕੀਤਾ ਹੈ, ਜਿਸ ਨਾਲ ਦੁਨੀਆਂ ਭਰ ਦੇ ਕਈ ਖੇਤਰਾਂ ਵਿੱਚ ਭੋਜਨ ਦੀ ਕਮੀ ਅਤੇ ਮਹਿੰਗਾਈ ਵਿੱਚ ਵਾਧਾ ਹੋਇਆ ਹੈ। ਇਸ ਕਾਰਨ 2023 ਵਿੱਚ ਭੋਜਨ ਸਪਲਾਈ ਦੀਆਂ ਚੁਨੌਤੀਆਂ ਕਾਇਮ ਰਹਿਣਗੀਆਂ।

### ਦੁਨੀਆਂ ਭਰ ਦੇ ਕਈ ਖੇਤਰਾਂ ਵਿੱਚ ਭੋਜਨ ਦੀ ਕਮੀ ਅਤੇ ਮਹਿੰਗਾਈ ਵਿੱਚ ਵਾਧਾ



ਚੋਟੀ ਦੇ 10 ਦੇਸ਼ਾਂ ਵਿੱਚ ਅਰਬਪਤੀਆਂ ਦੀ ਗਿਣਤੀ ਵਿੱਚ ਕਮੀ

ਦੁਨੀਆ ਵਿੱਚ 3 ਲੱਖ 95 ਹਜ਼ਾਰ 70 ਲੋਕ ਅਜਿਹੇ ਹਨ, ਜਿਨ੍ਹਾਂ ਕੋਲ 3 ਕਰੋੜ ਡਾਲਰ ਯਾਨੀ ਕਰੀਬ 2.48 ਅਰਬ ਰੁਪਏ ਦੀ ਜਾਇਦਾਦ ਹੈ। ਇਹ ਖੁਲਾਸਾ ਅਲਟਰਾਟਾ ਵਰਲਡ ਅਲਟਰਾ ਵੈਲਥ ਰਿਪੋਰਟ 2023 ਦੁਆਰਾ ਕੀਤਾ ਗਿਆ ਸੀ। ਰਿਪੋਰਟ ਮੁਤਾਬਕ ਯੂਕਰੇਨ ਯੁੱਧ ਦੌਰਾਨ 2022 ਦੌਰਾਨ ਭਾਰਤ ਨੂੰ ਛੱਡ ਕੇ ਦੁਨੀਆਂ ਦੇ ਚੋਟੀ ਦੇ 10 ਦੇਸ਼ਾਂ ਵਿੱਚ ਅਮੀਰਾਂ ਦੀ ਗਿਣਤੀ ਵਿੱਚ ਕਮੀ ਆਈ ਹੈ। ਗਲੋਬਲ ਪੱਧਰ 'ਤੇ ਵੀ ਅਤਿ ਅਮੀਰ ਲੋਕਾਂ ਦੀ ਗਿਣਤੀ ਵਿੱਚ 5.4% ਦੀ ਗਿਰਾਵਟ ਦੇਖੀ ਗਈ ਹੈ ਅਤੇ ਹੁਣ ਉਨ੍ਹਾਂ ਦੀ ਦੌਲਤ ਲਗਭਗ 45 ਟ੍ਰਿਲੀਅਨ ਡਾਲਰ ਹੈ। ਇਸ ਵਿੱਚ ਸਭ ਤੋਂ ਜ਼ਿਆਦਾ ਕਮੀ ਜਾਪਾਨ ਅਤੇ ਹਾਂਗਕਾਂਗ 'ਚ ਦੇਖਣ ਨੂੰ ਮਿਲੀ ਹੈ। ਰਿਪੋਰਟ ਮੁਤਾਬਕ ਚੀਨ ਤੋਂ ਬਾਅਦ ਅਮਰੀਕਾ ਦੁਨੀਆਂ ਦਾ ਸਭ ਤੋਂ ਅਮੀਰ ਦੇਸ਼ ਹੈ।

ਉੱਤਰੀ ਅਮਰੀਕਾ ਵਿੱਚ ਦੁਨੀਆ ਦੇ ਸਭ ਤੋਂ ਅਮੀਰ ਲੋਕ ਹਨ। ਜਿਨ੍ਹਾਂ ਦੀ ਗਿਣਤੀ 1,42,990 ਹੈ। ਹਾਲਾਂ ਕਿ, ਇਹ ਸੰਖਿਆ 2021 ਦੇ ਮੁਕਾਬਲੇ 4 ਪ੍ਰਤੀਸ਼ਤ ਘੱਟ ਹੈ। ਏਸ਼ੀਆ ਦੂਜੇ ਸਥਾਨ 'ਤੇ ਹੈ, ਜਿੱਥੇ 1,08,370 ਅਮੀਰ ਹਨ। ਇੱਥੇ ਵੀ ਅਮੀਰਾਂ ਵਿੱਚ 10.9 ਫੀਸਦੀ ਦੀ ਕਮੀ ਆਈ ਹੈ। ਤੀਜੇ ਸਥਾਨ 'ਤੇ ਯੂਰਪ ਦੇ 1,00,850 ਅਮੀਰ ਲੋਕ ਹਨ ਅਤੇ ਇੱਥੇ 7.1 ਫੀਸਦੀ ਦੀ ਗਿਰਾਵਟ ਆਈ ਹੈ। ਜਦੋਂ ਕਿ ਤੇਲ ਨਾਲ ਭਰਪੂਰ ਪੱਛਮੀ ਏਸ਼ੀਆ ਵਿੱਚ ਰਹਿਣ ਵਾਲੇ ਅਮੀਰਾਂ ਦੀ ਗਿਣਤੀ ਵਿੱਚ ਪਿਛਲੇ ਸਾਲਾਂ ਵਿੱਚ 15.7 ਫੀਸਦੀ ਦਾ ਵਾਧਾ ਹੋਇਆ ਹੈ, ਜਿਸ ਤੋਂ ਬਾਅਦ ਹੁਣ ਉੱਥੇ ਦੇ ਦੇਸ਼ਾਂ ਵਿੱਚ 21,640 ਸੁਪਰ ਅਮੀਰ ਲੋਕ ਰਹਿ ਰਹੇ ਹਨ। ਲਾਤੀਨੀ ਅਮਰੀਕਾ ਅਤੇ ਕੈਰੇਬੀਅਨ ਵੀ ਹੁਣ ਅਮੀਰਾਂ ਦੀਆਂ ਮਨਪਸੰਦ ਥਾਂਵਾਂ ਬਣਦੇ ਜਾ ਰਹੇ ਹਨ। ਇਸ ਤੋਂ ਇਲਾਵਾ ਕੈਨੇਡਾ ਵਿੱਚ 13,320, ਜਰਮਨੀ ਵਿੱਚ 19,590, ਚੀਨ ਵਿੱਚ 47,190, ਬਰਤਾਨੀਆ ਵਿੱਚ 14,005, ਜਾਪਾਨ ਵਿੱਚ 14,940, ਫਰਾਂਸ ਵਿੱਚ 11,980, ਅਮਰੀਕਾ ਵਿੱਚ 129,665, ਹਾਂਗਕਾਂਗ ਵਿੱਚ 12,615, ਭਾਰਤ ਵਿੱਚ 8,890 ਅਮੀਰ ਲੋਕ ਰਹਿੰਦੇ ਹਨ।

**ਭਾਰਤ ਦੇ ਸਭ ਤੋਂ ਵੱਧ ਅਰਬਪਤੀ ਮੁੰਬਈ ਵਿੱਚ**

ਮੁੰਬਈ ਵਿੱਚ ਭਾਰਤ ਵਿੱਚ ਸਭ ਤੋਂ ਵੱਧ ਅਰਬਪਤੀ ਹਨ, ਜਿਨ੍ਹਾਂ ਵਿੱਚ ਮੁਕੇਸ਼ ਅੰਬਾਨੀ ਅਤੇ ਗੌਤਮ ਅਡਾਨੀ ਵਰਗੇ ਅਮੀਰ ਲੋਕ ਸ਼ਾਮਲ ਹਨ। ਹੁਰੁਨ ਗਲੋਬਲ ਰਿਚ ਲਿਸਟ ਦੇ ਅਨੁਸਾਰ, ਮੁੰਬਈ ਵਿਚ 72 ਅਰਬਪਤੀ ਰਹਿੰਦੇ ਹਨ। ਜਦੋਂ ਕਿ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ 51 ਅਰਬਪਤੀ ਰਹਿੰਦੇ ਹਨ। ਇਸ ਦੇ ਨਾਲ ਹੀ ਗਲੋਬਲ ਸੰਪਤੀ ਵਿੱਚ ਏਸ਼ੀਆਈ ਅਰਬਪਤੀਆਂ ਦੀ ਹਿੱਸੇਦਾਰੀ ਲਗਾਤਾਰ ਵਧ ਰਹੀ ਹੈ। ਸਾਲ 2004 ਵਿੱਚ ਇਹ 15 ਫੀਸਦੀ ਸੀ, ਜੋ 2022 ਵਿੱਚ 27 ਫੀਸਦੀ ਤੱਕ ਪਹੁੰਚ ਗਈ ਹੈ। ਸਾਲ 2028 ਤੱਕ ਇਸ ਦੇ 29 ਫੀਸਦੀ ਤੱਕ ਪਹੁੰਚਣ ਦੀ ਉਮੀਦ ਹੈ।

## "ਉਦਾਸ ਗਲੀਆਂ ਉਜਾੜ ਮੰਜ਼ਰ, ਮੇਰੇ ਗਿਰਾਂ ਦਾ ਨਸੀਬ ਹੋਇਆ, ਹਵਾ ਹਵਾ ਦੀ ਬਣੀ ਹੈ ਵੈਰਨ, ਸਮਾਂ ਸਮੇਂ ਦਾ ਰਕੀਬ ਹੋਇਆ"

# ਲੇਖਕ ਦੀ ਸ਼ਨਾਖ਼ਤ ਪਿੱਛੇ ਉਸਦਾ ਪਿਛੋਕੜ ਹੁੰਦਾ ਹੈ-ਪ੍ਰੋ. ਸੁਰਿੰਦਰ ਸੀਰਤ

## ਵਿਪਸਾਅ ਵੱਲੋਂ ਉੱਘੇ ਸ਼ਾਇਰ ਪ੍ਰੋ. ਸੁਰਿੰਦਰ ਸੀਰਤ ਨਾਲ ਯਾਦਗਰੀ ਰੂ-ਬ-ਰੂ ਮਹਿਫ਼ਲ

ਨਿਵਾਰਕ (ਕੈਲੀਫ਼ੋਰਨੀਆ)/ ਏ.ਟੀ.ਨਿਊਜ਼ :- ਹਰ ਲੇਖਕ ਦੀ ਜੋ ਸ਼ਨਾਖ਼ਤ ਹੁੰਦੀ ਹੈ ਉਹਦੇ ਪਿੱਛੇ ਉਸਦਾ ਪਿਛੋਕੜ ਹੁੰਦਾ ਹੈ। ਜੇ ਮੈਂ ਸਾਹਿਤ ਦੇ ਮੈਦਾਨ ਵਿੱਚ ਆਇਆ ਹਾਂ ਤਾਂ ਇਸ ਪਿੱਛੇ ਮੇਰਾ ਪਿਛੋਕੜ ਹੈ- ਇਹ ਵਿਚਾਰ ਉੱਘੇ ਸ਼ਾਇਰ ਪ੍ਰੋ. ਸੁਰਿੰਦਰ ਸੀਰਤ ਨੇ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵੱਲੋਂ ਉਹਨਾਂ ਨਾਲ ਰਚਾਏ ਰੂ ਬ ਰੂ ਸਮਾਗਮ ਦੌਰਾਨ ਪ੍ਰਗਟਾਏ। ਵਰ੍ਹਿਆਂ ਤੋਂ ਸਾਹਿਤਕ ਖੇਤਰ ਵਿੱਚ ਸਰਗਰਮ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਮਹਿਰਾਨ ਰੈਸਟੋਰੈਂਟ ਵਿੱਚ ਲੰਘੇ ਦਿਨੀਂ ਸਜਾਈ ਗਈ ਇਸ ਬਹੁਤ ਹੀ ਦਿਲਚਸਪ ਸਾਹਿਤਕ ਮਹਿਫ਼ਲ ਦੀ ਸ਼ੁਰੂਆਤ ਸੰਜੀਦਾ ਗਾਇਕ ਸੁਖਦੇਵ ਸਾਹਿਲ ਨੇ ਸੁਰਿੰਦਰ ਸੀਰਤ ਦੀ ਮਕਬੂਲ ਗ਼ਜ਼ਲ 'ਉਦਾਸ ਗਲੀਆਂ ਉਜਾੜ ਮੰਜ਼ਰ, ਮੇਰੇ ਗਿਰਾਂ ਦਾ ਨਸੀਬ ਹੋਇਆ, ਹਵਾ ਹਵਾ ਦੀ ਬਣੀ ਹੈ ਵੈਰਨ, ਸਮਾਂ ਸਮੇਂ ਦਾ ਰਕੀਬ ਹੋਇਆ' ਦੇ ਗਾਇਨ ਨਾਲ ਕੀਤੀ।



ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ ਦੇ ਸਰਗਰਮ ਮੈਂਬਰ ਜਗਜੀਤ ਨੌਸ਼ਹਿਰਵੀ ਵੱਲੋਂ ਲਿਖਤੀ ਤੌਰ ਉੱਤੇ ਦਿੱਤੀ ਜਾਣਕਾਰੀ ਅਨੁਸਾਰ ਪਹਿਲੇ ਸੈਸ਼ਨ ਦੀ ਸ਼ੁਰੂਆਤ ਕਰਦਿਆਂ ਵਿਪਸਾਅ ਦੇ ਪ੍ਰਧਾਨ ਕੁਲਵਿੰਦਰ ਨੇ ਸਭਨਾਂ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ। ਸੁਖਵਿੰਦਰ ਕੰਬੋਜ, ਡਾ. ਗੁਰਪ੍ਰੀਤ ਧੁੱਗਾ, ਸੁਰਜੀਤ ਸਖੀ ਤੇ ਕੁਲਵਿੰਦਰ ਨੇ ਸੁਰਿੰਦਰ ਸੀਰਤ ਅਤੇ ਮਿਸਿਜ਼ ਸੀਰਤ ਨੂੰ ਫ਼ੁੱਲਾਂ ਦਾ ਗੁਲਦਸਤਾ ਭੇਟ ਕਰਦਿਆਂ ਰੂ-ਬ-ਰੂ ਸਮਾਗਮ ਵਿੱਚ ਜੀ ਆਇਆਂ ਕਿਹਾ। ਮਹਿਫ਼ਲ ਦੇ ਪ੍ਰਧਾਨਗੀ ਮੰਡਲ ਵਿੱਚ ਸੁਰਿੰਦਰ ਸੀਰਤ ਦੇ ਨਾਲ ਕੈਨੇਡਾ ਤੋਂ ਪਹੁੰਚੇ ਕਵੀ ਰਾਜਵੰਤ ਰਾਜ, ਦਵਿੰਦਰ ਗੌਤਮ, ਯੂ.ਕੇ ਤੋਂ ਨਛੱਤਰ ਭੋਗਲ ਅਤੇ ਕੁਲਵਿੰਦਰ ਸ਼ਸੋਭਤ ਹੋਏ।

ਰੂ-ਬ-ਰੂ ਦੌਰਾਨ ਸੀਰਤ ਨੇ ਆਪਣੀਆਂ ਕਵਿਤਾਵਾਂ ਅਤੇ ਸ਼ੇਅਰਾਂ ਦੇ ਹਵਾਲੇ ਦਿੰਦਿਆਂ ਆਪਣੇ ਸਾਹਿਤਕ ਸਫ਼ਰ ਦੀ ਬਾਤ ਸੁਣਾਉਣੀ ਸ਼ੁਰੂ ਕੀਤੀ। 'ਕੁਝ ਇਵੈਂ ਜਾਂਦਾ ਏ ਗੁਆਚ' ਕਵਿਤਾ ਰਾਹੀਂ ਉਹਨਾਂ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਵਿੱਚ ਵਿਚਲੇ ਆਪਣੇ ਪਿੰਡ ਸੈਦਪੁਰਾ ਦੀ ਪੱਤੀ ਕਲਾਲ ਪੁਰਾ ਵਿੱਚ ਗੁਜ਼ਾਰੇ ਬਚਪਨ ਅਤੇ ਜਵਾਨੀ ਦੇ ਦਿਨਾਂ ਨਾਲ ਸਾਂਝ ਪਵਾਈ। ਕਵਿਤਾ ਵਿੱਚ ਪਿੰਡ ਦਾ ਦ੍ਰਿਸ਼ ਏਨੀਂ ਸੰਜੀਦਗੀ ਨਾਲ ਬਿੰਬਾਂ ਵਿੱਚ ਰਚਿਆ ਕਿ ਸਰੋਤਿਆਂ ਦਾ ਮਨ ਟੁੰਬਿਆ । ਉਹਨਾਂ ਦੱਸਿਆ, ਮਾਂ ਮੇਰੇ ਬਚਪਨ ਵਿੱਚ ਹੀ ਗੁਜ਼ਰ ਚੁੱਕੀ ਸੀ, ਮੈਨੂੰ ਉਸਦੀ ਕੋਈ ਯਾਦ ਨਹੀਂ। ਨਿਹਾਲੋ ਦਾਦੀ ਅੰਮਾਂ ਹੀ ਮੇਰੀ ਮਾਂ ਦੀ ਜਗ੍ਹਾ ਸੀ। ਪਿੰਡ ਰਹਿੰਦੇ ਵਕਤ ਹੀ ਮੈਂ ਚੰਗੇ ਵਿਦਿਆਰਥੀ ਅਤੇ ਖਿਡਾਰੀ ਵਜੋਂ ਸਾਹਮਣੇ ਆ ਰਿਹਾ ਸੀ ਜਿਸ ਕਰਕੇ ਮੇਰੇ ਪਿੰਡ ਦੇ ਲੋਕ ਮੈਨੂੰ ਬਹੁਤ ਪਿਆਰ ਕਰਦੇ ਸਨ। ਉਨ੍ਹਾਂ ਕਿਹਾ, 'ਮੈਨੂੰ ਬਚਪਨ ਤੋਂ ਹੀ ਲਿਖਣ ਅਤੇ ਗਾਉਣ ਦਾ ਸ਼ੌਕ ਸੀ। ਜਦੋਂ ਮੈਂ ਸ਼੍ਰੀਨਗਰ ਤੋਂ ਪਿੰਡ ਆਉਂਦਾ ਸੀ ਤਾਂ ਲੋਕ ਮੇਰੇ ਕੋਲੋਂ ਸ਼ਬਦ ਜਾਂ ਕਵਿਤਾ ਸੁਣਨ ਲਈ ਉਡੀਕਦੇ ਰਹਿੰਦੇ ਸੀ।

ਅਮਰ ਸਿੰਘ ਡਿਗਰੀ ਕਾਲਜ ਤੋਂ ਬੀ.ਐਸ.ਸੀ. ਅਤੇ ਕਸ਼ਮੀਰ ਯੂਨੀਵਰਸਿਟੀ, ਸ਼੍ਰੀਨਗਰ ਤੋਂ ਫਿਜ਼ਿਕਸ ਦੀ ਐੱਮ.ਐੱਸ.ਸੀ. ਕਰਨ ਤੋਂ ਬਾਅਦ ਮੈਂ ਪਬਲਿਕ ਸਰਵਿਸ ਕਮਿਸ਼ਨ ਦਾ ਇਮਤਿਹਾਨ ਪਾਸ ਕਰਕੇ ਕਾਲਜ ਲੈਕਚਰਾਰ ਲਈ ਸਿਲੈੱਕਟ ਹੋ ਗਿਆ ਅਤੇ ਮੇਰੀ ਨਿਯੁਕਤੀ ਜੀ. ਜੀ. ਐੱਮ. ਸਾਇੰਸ ਕਾਲਜ ਜੰਮੂ ਵਿੱਚ ਬਤੌਰ ਫਿਜ਼ਿਕਸ ਦੇ ਲੈਕਚਰਾਰ ਹੋ ਗਈ। ਕੁਝ ਸਾਲ ਬਾਅਦ ਏਥੇ ਹੀ ਮੈਂ ਫਿਜ਼ਿਕਸ ਦਾ ਅਸਿੱਸਟੈਂਟ ਪ੍ਰੋਫੈਸਰ ਬਣਿਆ। ਇਥੇ ਰਹਿੰਦਿਆਂ ਆਪਣਾ ਵਿਹਲਾ ਵਕਤ ਜੰਮੂ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿੱਚ ਬਿਤਾਉਣ ਲੱਗਾ। ਜੰਮੂ ਵਿੱਚ ਪੰਜਾਬੀ ਲੇਖਕ ਸਭਾ ਸੀ ਜੋ ਅੱਜ ਤੱਕ ਚਲਦੀ ਹੈ। ਯੂਨੀਵਰਸਿਟੀ ਅਤੇ ਲੇਖਕ ਸਭਾ ਪੰਜਾਬੀ ਸਾਹਿਤਕ ਸਰਗਰਮੀਆਂ ਦਾ ਖਾਸ ਕੇਂਦਰ ਸਨ। ਉਹਨਾਂ ਆਪਣੀ ਕਵਿਤਾ ਪੱਥਰ ਦਰ ਪੱਥਰ ਸਰੋਤਿਆਂ ਨਾਲ ਸਾਂਝੀ ਕੀਤੀ।

ਪ੍ਰੋਫੈਸਰ ਸੀਰਤ ਨੇ ਕਿਹਾ ਕਿ ਉਹ ਆਪਣੇ ਸਾਹਿਤਕ ਅਤੇ ਨਿੱਜੀ ਜੀਵਨ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ।

ਇਸ ਮੌਕੇ ਉਹਨਾਂ ਵੱਲੋਂ ਪੇਸ਼ ਕਲਾਮ ਦੇ ਕੁੱਝ ਅੰਸ਼:

ਰਾਤ ਦੀ ਓਟ 'ਚ ਹੁੰਦਾ ਏ ਤੇਰਾ ਚੀਰ ਹਰਣ,<br>
ਜਾਗਦੇ ਰਹਿਣਾ ਤੇ ਹੋਰਾਂ ਨੂੰ ਜਗਾ ਕੇ ਰੱਖਣਾ।<br>
ਬੰਦ ਨੇ ਤਾਕ, ਐਪਰ ਝਾਕ ਰਹੇ ਬਾਹਰ ਸਭੋ<br>
ਆਪਣੀ ਔਕਾਤ ਦੇ ਕੁਝ ਪਰਦੇ ਗਿਰਾ ਕੇ ਰੱਖਣਾ।

--

ਇਹ ਨਗਰ ਮੇਰਾ ਨਾ ਜ਼ਮੀ ਮੇਰੀ/ਨਾ ਹੀ ਮੇਰਾ ਕੋਈ ਅਕਾਸ਼ ਹੈ।<br>
ਮੈਂ ਅਦਿੱਸ ਦਿਸ਼ਾ ਵਿੱਚ ਭਟਕ ਰਿਹਾ/ਮੈਨੂੰ ਆਪਣੇ ਘਰ ਦੀ ਤਲਾਸ਼ ਹੈ।

ਸੁਰਿੰਦਰ ਸੀਰਤ ਦਿਲਕਸ਼ ਤਰੰਨਮ ਦਾ ਮਾਲਕ ਵੀ ਹੈ। ਰੂ-ਬ-ਰੂ ਦੇ ਅੰਤ ਵਿੱਚ ਸੀਰਤ ਨੇ ਆਪਣੀ ਤਾਜ਼ਾ ਗ਼ਜ਼ਲ ਤਰੰਨਮ ਵਿੱਚ ਗਾ ਕੇ ਸਰੋਤਿਆਂ ਦੀ ਦਾਦ ਵਸੂਲ ਕੀਤੀ :

ਜੋ ਨਿਗ੍ਹਾ ਮਿਰੀ 'ਚ ਹੈ ਛਬ ਤੇਰੀ, ਕੋਈ ਰੰਗ ਉਸ 'ਚ ਕਿਵੇਂ ਭਰਾਂ।<br>
ਨਾ ਤੂੰ ਸਾਹਮਣੇ ਮਿਰੇ ਆ ਸਕੇਂ, ਤੇਰੀ ਆਰਤੀ ਮੈਂ ਕਿਵੇਂ ਕਰਾਂ।

ਗੱਲਬਾਤ ਦੌਰਾਨ ਪ੍ਰੋ. ਸੀਰਤ ਨੇ ਦੱਸਿਆ, 'ਮੈਂ ਪਹਿਲੇ ਕਵਿਤਾ ਲਿਖਦਾ ਸੀ। ਤਰੰਨਮ 'ਚ ਗੀਤ ਕਹੇ ਜਾਂਦੇ ਸੀ ਪਰ ਸਾਨੂੰ ਗ਼ਜ਼ਲ ਦੀ ਬਹੁਤੀ ਸੂਝ ਨਹੀਂ ਸੀ। ਜੰਮੂ ਵਿੱਚ ਕਲਚਰਲ ਅਕੈਡਮੀ ਨੇ ਆਲ ਇੰਡੀਆ ਪੰਜਾਬੀ ਮੁਸ਼ਾਇਰਾ ਕਰਵਾਇਆ ਜਿਸ ਵਿੱਚ ਉਸਤਾਦ ਗ਼ਜ਼ਲਗੋ ਪ੍ਰਿੰ. ਤਖ਼ਤ ਸਿੰਘ ਵੀ ਸ਼ਾਮਲ ਸਨ। ਮੈਂ ਤਰੰਨਮ ਵਿੱਚ ਗ਼ਜ਼ਲ ਸੁਣਾਈ ਜੋ ਆਰੂਜ਼ ਤੇ ਪੂਰੀ ਨਹੀਂ ਸੀ। ਏਥੇ ਤਖਤ ਸਿੰਘ ਨੇ ਮੈਨੂੰ ਗ਼ਜ਼ਲ ਬਾਰੇ ਸਮਝਾਇਆ ਅਤੇ ਮੈਨੂੰ ਆਪਣਾ ਸ਼ਾਗਿਰਦ ਬਣਾ ਲਿਆ। ਇਸੇ ਦੌਰਾਨ ਸੁਰਜੀਤ ਸਖੀ ਨੇ ਵੀ ਪ੍ਰਿੰ. ਤਖ਼ਤ ਸਿੰਘ ਨੂੰ ਆਪਣਾ ਉਸਤਾਦ ਧਾਰ ਲਿਆ। ਮੈਂ ਛੋਟੀ ਗ਼ਜ਼ਲ ਬਾਰੇ ਸਿੱਖਿਆ ਅਤੇ ਗ਼ਜ਼ਲ ਲਿਖਣ ਲਗ ਪਿਆ। ਉਹਨਾਂ ਕਿਹਾ ਕਿ ਸ਼ਾਇਰ ਵੱਲੋਂ ਜੋ ਵੀ ਸਿਨਫ਼ ਵਰਤੀ ਜਾਏ ਉਸ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਏ।

1990ਵਿਆਂ ਦੇ ਸ਼ੁਰੂ ਵਿੱਚ ਅਸਿੱਸਟੈਂਟ ਪ੍ਰੋਫੈਸਰ ਦੀ ਨੌਕਰੀ ਤੋਂ ਵਾਲੰਟਰੀ ਰਿਟਾਇਰਮੈਂਟ ਲੈ ਕੇ ਉਹ ਅਮਰੀਕਾ ਆ ਗਏ। ਉਸ ਵਕਤ ਕੈਲੀਫ਼ੋਰਨੀਆ ਵਿੱਚ ਕੋਈ ਸਾਹਿਤਕ ਮਾਹੌਲ ਨਹੀਂ ਸੀ। ਏਥੇ ਆ ਕੇ ਸਭ ਤੋਂ ਪਹਿਲਾਂ ਸੁਖਵਿੰਦਰ ਕੰਬੋਜ, ਕਹਾਣੀਕਾਰ ਅਮਰਜੀਤ ਦਰਦੀ ਅਤੇ ਸੁਖਦਰਸ਼ਨ ਧਾਲੀਵਾਲ ਨਾਲ ਮੁਲਾਕਾਤ ਹੋਈ। ਇਸ ਮੌਕੇ ਸੁਖਵਿੰਦਰ ਕੰਬੋਜ ਨੇ ਕਿਹਾ ਕਿ ਲੇਖਕ ਬੜੀ ਦੂਰ ਦੂਰ ਰਹਿੰਦੇ ਸੀਗੇ। ਇਹ ਸਿਫਤ ਸੀਰਤ ਸਾਹਿਬ ਦੀ ਹੈ ਕਿ ਇਹਨਾਂ ਪਹਿਲੀ ਵਾਰੀ ਯਤਨ ਕਰਕੇ, ਆਪਣਾ ਸਮਾਂ ਕੱਢ ਕੇ,, ਪੱਲਿਓਂ ਪੈਸੇ ਅਤੇ ਗੈਸ ਖਰਚ ਕੇ,...ਇਹ ਪੰਜਾਬੀ ਸਾਹਿਤ ਸਭਾ(ਕੈਲੀਫ਼ੋਰਨੀਆ) ਦੇ ਜਨਮ ਦਾਤਾ ਨੇ। ਮੈਂ ਇਹਨਾਂ ਦੇ ਨਾਲ ਜ਼ਰੂਰ ਤੁਰਿਆਂ ਪਰ ਇਹ ਆਈਡੀਆ ਇਹਨਾਂ ਦਾ ਸੀ। ਕੰਬੋਜ ਨੇ ਜਾਣਕਾਰੀ ਦਿੱਤੀ ਕਿ ਸੀਰਤ ਦਾ ਗ਼ਜ਼ਲ ਸੰਗ੍ਰਹਿ ਅਰੂਪੇ ਅੱਖਰਾਂ ਦਾ ਅਕਸ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਸਿਲੇਬਸ ਵਿੱਚ ਪੜ੍ਹਾਇਆ ਜਾ ਰਿਹਾ ਹੈ।

ਬਾਅਦ ਵਿੱਚ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਬਨਣ ਵੇਲੇ ਵੀ ਪ੍ਰੋ.ਸੀਰਤ ਇਸਦਾ ਮੁੱਢਲਾ ਅਤੇ ਮੋਢੀ ਮੈਂਬਰ ਬਣਿਆ, ਵਿਪਸਾਅ ਦੇ ਪ੍ਰਧਾਨ ਅਤੇ ਕਾਰਜਕਰਨੀ ਮੈਂਬਰ ਵਜੋਂ ਕਈ ਸਾਲ ਜ਼ਿੰਮੇਵਾਰੀ ਨਿਭਾਈ ਹੈ। ਉਹ ਪਿਛਲੇ 30 ਸਾਲ ਤੋਂ ਕੈਲੀਫ਼ੋਰਨੀਆ ਦੀਆਂ ਸਾਹਿਤਕ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ ਹਨ। ਕੈਲੀਫ਼ੋਰਨੀਆ ਵਿੱਚ ਹੋਈਆਂ ਬਹੁਤ ਸਾਰੀਆਂ ਸਾਹਿਤਿਕ ਕਾਨਫਰੰਸਾਂ ਦੇ ਉਹ ਰੂਹੇ-ਰਵਾਂ ਰਹੇ ਹਨ। ਉਹਨਾਂ ਦੀਆਂ ਪੰਜਾਬੀ ਗ਼ਜ਼ਲ ਅਤੇ ਕਵਿਤਾ ਦੀਆਂ ਅੱਧੀ ਦਰਜ਼ਨ ਤੋਂ ਵੱਧ ਕਿਤਾਬਾਂ ਛੱਪ ਚੁੱਕੀਆਂ ਹਨ। ਉਹਨਾਂ ਦਾ ਨਾਵਲ ਭਰਮ ਭੁਲੱਈਆਂ ਸਾਹਿਤਕ ਹਲਕਿਆਂ ਵਿੱਚ ਕਾਫੀ ਚਰਚਤ ਹੈ, ਜਿਸਦਾ ਦੂਜਾ ਸੰਸਕਰਣ ਵੀ ਛਪ ਗਿਆ ਹੈ। ਉਹਨਾਂ ਦਾ ਇੱਕ ਕਹਾਣੀ ਸੰਗ੍ਰਹਿ ਪੂਰਬ ਪੱਛਮ ਤੇ ਪਰਵਾਸ ਵੀ ਛਪ ਚੁੱਕਾ ਹੈ। ਡਾ. ਦਰਿਆ ਵੱਲੋਂ ਉਹਨਾਂ ਦੀਆਂ ਸਾਹਿਤਕ ਉੱਪਲਭਦੀਆਂ ਬਾਰੇ ਲਿਖੇ ਗਏ ਲੇਖਾਂ ਨੂੰ ਇਕੱਠਿਆਂ ਕਰਕੇ ਕਿਤਾਬ ਸੀਰਤ - ਸਿਰਜਣਾ ਅਤੇ ਸੰਵਾਦ ਸੰਪਾਦਿਤ ਕੀਤੀ ਗਈ ਹੈ।

ਜਗਜੀਤ ਨੌਸ਼ਹਿਰਵੀ ਨੇ ਕਿਹਾ ਕਿ ਕੈਲੀਫ਼ੋਰਨੀਆ ਵਿੱਚ ਲੇਖਕਾਂ ਨੂੰ ਸਾਹਿਤ ਸੰਸਥਾਵਾਂ ਰਾਹੀਂ ਜੋੜਨ ਵਿੱਚ ਸੀਰਤ ਨੇ ਜੋ ਅਹਿਮ ਭੂਮਿਕਾ ਨਿਭਾਈ ਹੈ ਉਸਦੀ ਪ੍ਰਸ਼ੰਸਾ ਕਰਨੀ ਬਣਦੀ ਹੈ। ਕੈਲੀਫ਼ੋਰਨੀਆ ਵਿੱਚ ਚੱਲੀ ਇਸ ਪੰਜਾਬੀ ਸਾਹਿਤਕ ਲਹਿਰ ਦੇ ਪ੍ਰੋ. ਸੀਰਤ ਤੋਂ ਇਲਾਵਾ ਡਾ. ਗੁਰੂਮੇਲ ਸਿੱਧੂ, ਸੁਖਵਿੰਦਰ ਕੰਬੋਜ ਤੇ ਹਰਜਿੰਦਰ ਕੰਗ ਸਮੇਤ ਮੋਢੀ ਰਹੇ ਹਨ। ਹਰਜਿੰਦਰ ਕੰਗ ਨੇ ਸੀਰਤ ਬਾਰੇ ਕਿਹਾ ਕੋਈ ਕੰਮ ਕਰਨਾ ਹੋਰ ਗੱਲ ਆ, ਪਰ ਕੰਮ ਨੂੰ ਜਨੂੰਨ ਨਾਲ ਕਰਨਾ ਹੋਰ ਗੱਲ ਏ। ਬੁਲੰਦੀਓਂ ਪਰ ਪਹੁੰਚਣਾ ਕੋਈ ਕਮਾਲ ਨਹੀਂ, ਬੁਲੰਦੀਓਂ ਪਰ ਠਹਿਰਣਾ ਕਮਾਲ ਹੋਤਾ ਹੈ। ਮੇਰੇ ਖਿਆਲ ਅਨੁਸਾਰ ਸੀਰਤ ਨੇ ਇਹ ਕਮਾਲ ਕੀਤਾ ਹੈ। ਸ਼ਬਦ ਦੇ ਉਹ ਨਾਲ ਨਾਲ ਰਹੇ ਨੇ। ਸ਼ਬਦ ਨੂੰ ਜਿਉਂਦੇ ਜਿਉਂਦੇ ਸ਼ਬਦ ਵਰਗੇ ਹੀ ਹੋ ਗਏ ਨੇ।

ਪ੍ਰਿੰ.ਹਜ਼ੂਰਾ ਸਿੰਘ ਨੇ ਸੀਰਤ ਵਾਸਤੇ ਲਿਖੀ ਆਪਣੀ ਨਜ਼ਮ ਗਾ ਕੇ ਸੁਣਾਈ। ਹਰਭਜਨ ਢਿਲੋਂ ਨੇ ਸੀਰਤ ਨੂੰ ਰੂ-ਬ-ਰੂ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਸੀਰਤ ਸਭ ਸਾਹਿਤਕਾਰਾਂ ਨੂੰ ਜੋੜਨ ਵਾਲਾ ਹੈ। ਸਮਾਗਮ ਵਿੱਚ ਸੁਰਿੰਦਰ ਸੀਰਤ ਦੀ ਧਰਮ ਪਤਨੀ ਹਰਮਿੰਦਰ ਕੌਰ ਆਹਲੂਵਾਲੀਆ ਦੇ ਨਾਲ ਬੇਟੀਆਂ ਹਰਜਸਲੀਨ, ਜੀਨੂੰ ਅਤੇ ਦੋਹਤਰੀ ਰਾਨੀਆ ਵੀ ਹਾਜ਼ਰ ਸਨ।

ਸਮਾਗਮ ਦੌਰਾਨ ਚਾਰ ਕਿਤਾਬਾਂ - ਕਨੇਡਾ ਵਾਸੀ ਸ਼ਾਇਰਾ ਬਿੰਦੂ ਦਲਵੀਰ ਕੌਰ ਦੀ ਸ਼ਾਇਰੀ ਹਰਫ਼ ਇਲਾਹੀ , ਕੈਨੇਡਾ ਵਾਸੀ ਗ਼ਜ਼ਲਕਾਰ ਪਾਲ ਢਿਲੋਂ ਦਾ ਗ਼ਜ਼ਲ ਸੰਗ੍ਰਹਿ 'ਸੁਪਨੇ ਵਾਲੀਆਂ ਅੱਖਾਂ', ਫਰਿਜ਼ਨੋ ਵਾਸੀ ਅਸ਼ਰਫ਼ ਗਿੱਲ ਦੀ ਕਿਤਾਬ, ਪੰਜਾਬੀ ਗ਼ਜ਼ਲਾਂ ਦੀ ਚੋਣਵੀਂ ਕਿਤਾਬ ਅਤੇ ਪੰਜਾਬ ਤੋਂ ਮਹੰਤ ਹਰਪਾਲ ਦਾਸ ਜੀ ਦੀ 'ਲਫ਼ਜ਼ਾਂ ਦੀ ਲੋਅ' ਲੋਕ ਅਰਪਣ ਕੀਤੀਆਂ।

ਸਮਾਗਮ ਦੇ ਦੂਜੇ ਸੈਸ਼ਨ ਵਿੱਚ ਮਹਿਮਾਨ ਲੇਖਕ ਰਾਜਵੰਤ ਰਾਜ, ਦਵਿੰਦਰ ਗੌਤਮ ਅਤੇ ਨਛੱਤਰ ਸਿੰਘ ਭੋਗਲ ਨਾਲ ਵੀ ਸਰੋਤਿਆਂ ਦੀ ਮੁਲਾਕਾਤ ਹੋਈ। ਵਿਪਸਾਅ ਮੈਂਬਰਾਂ ਵੱਲੋਂ ਤਿੰਨਾਂ ਆਏ ਮਹਿਮਾਨ ਲੇਖਕਾਂ ਦਾ ਲੋਈਆਂ ਦੇ ਕੇ ਸਨਮਾਨ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਕੁਲਵਿੰਦਰ ਨੇ ਹਾਜ਼ਰ ਮਹਿਮਾਨਾਂ, ਲੇਖਕਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।

ਕਵੀ ਦਰਬਾਰ ਵਿੱਚ ਹਰਭਜਨ ਢਿੱਲੋਂ, ਪ੍ਰਿੰਸੀਪਲ ਹਜ਼ੂਰਾ ਸਿੰਘ, ਐਸ਼ ਕੁਮ ਐਸ਼, ਚਰਨਜੀਤ ਸਿੰਘ ਪੰਨੂੰ, ਗਗਨਦੀਪ ਮਾਹਲ, ਸੰਤੋਖ ਸਿੰਘ ਮਿਨਹਾਸ, ਹਰਜਿੰਦਰ ਕੰਗ, ਅਵਤਾਰ ਗੋਂਦਾਰਾ, ਜੋਤੀ ਸਿੰਘ, ਨੰਨੂ ਸਹੋਤਾ, ਮਨਦੀਪ ਗੋਰਾ, ਰਮਨ, ਮਹਿੰਦਰ ਸਿੰਘ ਸੰਘੇੜਾ, ਬੀਬੀ ਸੁਰਜੀਤ ਕੌਰ, ਹਰਪ੍ਰੀਤ ਕੌਰ ਧੂਤ, ਮੁਕੇਸ਼ ਕੁਮਾਰ, ਸੁਰਜੀਤ ਸਖੀ, ਕੁਲਵਿੰਦਰ, ਲਾਜ ਨੀਲਮ ਸੈਣੀ, ਸੁਖਵਿੰਦਰ ਕੰਬੋਜ, ਅਤੇ ਜਗਜੀਤ ਨੌਸ਼ਹਿਰਵੀ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਤਤਿੰਦਰ ਕੌਰ ਨੇ ਕਹਾਣੀ ਪੇਸ਼ ਕੀਤੀ। ਹੋਰਨਾਂ ਤੋਂ ਇਲਾਵਾ ਪ੍ਰੋ. ਸੁਖਦੇਵ ਸਿੰਘ, ਸੁਰਿੰਦਰ ਸਿੰਘ ਧਨੋਆ, ਪ੍ਰੋ. ਬਲਜਿੰਦਰ ਸਿੰਘ ਸਵੈਚ, ਸਰਬਜੀਤ ਕੌਰ ਚੀਮਾ, ਮਨਜੀਤ ਪਲਾਹੀ, ਦਰਸ਼ ਢਿਲੋਂ ਅਤੇ ਹੋਰ ਸਾਹਿਤ ਪ੍ਰੇਮੀ ਸਮਾਗਮ ਵਿੱਚ ਸ਼ਾਮਲ ਹੋਏ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949



# ਦੁਨੀਆਂ ਦੇ ਸਭ ਤੋਂ ਦੁਰਲੱਭ ਅਤੇ ਮਹਿੰਗੇ ਹੀਰੇ



ਆਮ ਤੌਰ ’ਤੇ ਹਰ ਔਰਤ ਹੀਰੇ ਖਰੀਦਣਾ ਪਸੰਦ ਕਰਦੀ ਹੈ। ਦੇਸ਼ ਹੀ ਨਹੀਂ ਸਗੋਂ ਦੁਨੀਆਂ ਭਰ ਦੀਆਂ ਔਰਤਾਂ ਹੀਰਿਆਂ ਨੂੰ ਲੈ ਕੇ ਬਹੁਤ ਉਤਸੁਕ ਹਨ। ਅੱਜ ਕੱਲ ਕਈ ਗਹਿਣਿਆਂ ਦੀਆਂ ਦੁਕਾਨਾਂ ’ਤੇ ਹੀਰੇ ਸਸਤੇ ਭਾਅ ’ਤੇ ਉਪਲਬਧ ਹਨ। ਆਓ ਤੁਹਾਨੂੰ ਦੱਸਦੇ ਹਾਂ ਕਿ ਦੁਨੀਆਂ ਦੇ ਸਭ ਤੋਂ ਮਹਿੰਗੇ ਹੀਰੇ ਕਿਹੜੇ ਹਨ। ਇਹ ਹੀਰੇ ਇੰਨੇ ਮਹਿੰਗੇ ਹਨ ਕਿ ਇਨ੍ਹਾਂ ’ਚ ਇੱਕ ਘਰ ਹੀ ਨਹੀਂ ਸਗੋਂ ਪੂਰਾ ਸ਼ਹਿਰ ਹੀ ਵਸਾਇਆ ਜਾ ਸਕਦਾ ਹੈ।

**ਕੰਟੇਨੇਰੀ ਹੀਰਾ**

ਤੁਹਾਨੂੰ ਦੱਸ ਦੇਈਏ ਕਿ ਕੰਟੇਨੇਰੀ ਡਾਇਮੰਡ ਦੁਨੀਆਂ ਦੇ ਕੁਝ ਸਭ ਤੋਂ ਕੀਮਤੀ ਹੀਰਿਆਂ ਦੀ ਸੂਚੀ ਵਿੱਚ ਸ਼ਾਮਲ ਹੈ। ਇਹ ਹੀਰਾ ਬਹੁਤ ਵੱਡੇ ਆਕਾਰ ਦਾ ਹੈ। ਇਸ ਇਕ ਹੀਰੇ ਦੀ ਕੀਮਤ ਲਗਭਗ 827 ਕਰੋੜ ਰੁਪਏ ਹੈ।

**ਹੋਪ ਡਾਇਮੰਡ**

ਹੋਪ ਡਾਇਮੰਡ ਵੀ ਦੁਨੀਆਂ ਦੇ ਸਭ ਤੋਂ ਖਾਸ ਹੀਰਿਆਂ ਵਿੱਚੋਂ ਇੱਕ ਹੈ। ਇਸ ਹੀਰੇ ਦੀ ਗੱਲ ਕਰੀਏ ਤਾਂ ਹਰ ਕੋਈ ਇਸ ਨੂੰ ਖਰੀਦ ਨਹੀਂ ਸਕੇਗਾ। ਇਸ ਹੀਰੇ ਦੀ ਕੀਮਤ 1654 ਕਰੋੜ ਰੁਪਏ ਤੱਕ ਹੈ।

**ਕੁਲੀਨਨ ਹੀਰਾ**

ਕੁਲੀਨਨ ਹੀਰਾ ਦੁਨੀਆਂ ਵਿੱਚ ਹੁਣ ਤੱਕ ਖੋਜਿਆ ਗਿਆ ਸਭ ਤੋਂ ਵੱਡਾ ਹੀਰਾ ਮੰਨਿਆ ਜਾਂਦਾ ਹੈ। ਇਹ ਹੀਰਾ ਦਿੱਖ ’ਚ ਬੇਹੱਦ ਖੂਬਸੂਰਤ ਹੈ ਅਤੇ ਇਸ ਦੀ ਕੀਮਤ 16544



ਕਰੋੜ ਰੁਪਏ ਹੈ। ਇਸ ਹੀਰੇ ਦਾ ਭਾਰ 3106 ਕੈਰੇਟ ਮਾਪਿਆ ਗਿਆ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਹੀਰੇ ਦੀ ਖੋਜ ਸਾਲ 1905 ਵਿੱਚ ਦੱਖਣੀ ਅਫ਼ਰੀਕਾ ਦੀ ਪ੍ਰੀਮੀਅਰ ਮਾਈਨ ਨੰਬਰ 2 ਵਿੱਚ ਹੋਈ ਸੀ।

**ਕੋਹਿਨੂਰ**

ਕੋਹਿਨੂਰ ਹੀਰਾ ਦੁਨੀਆਂ ਦੇ ਕੀਮਤੀ, ਸੁੰਦਰ ਅਤੇ ਦੁਰਲੱਭ ਹੀਰਿਆਂ ਦੀ ਸੂਚੀ ਵਿੱਚ ਸ਼ਾਮਲ ਹੈ। ਕੋਹਿਨੂਰ ਹੀਰਾ ਬਹੁਤ ਮਹਿੰਗੇ ਹੀਰਿਆਂ ਦੀ ਸੂਚੀ ਵਿੱਚ ਸ਼ਾਮਲ ਹੈ। ਇਸ ਦਾ ਭਾਰ 105.6 ਕੈਰੇਟ ਹੈ। ਇਸ ਹੀਰੇ ਨੂੰ ਦੁਨੀਆ ਦਾ ਸਭ ਤੋਂ ਮਹਿੰਗਾ ਹੀਰਾ ਮੰਨਿਆ ਜਾਂਦਾ ਹੈ ਜਿਸ ਦੀ ਕੀਮਤ 160447 ਕਰੋੜ ਰੁਪਏ ਹੈ। ਵਰਤਮਾਨ ਵਿੱਚ ਇਹ ਹੀਰਾ ਬਰਤਾਨੀਆ ਦੇ ਸ਼ਾਸਕਾਂ ਦੇ ਤਾਜ ਦਾ ਸ਼ਿੰਗਾਰ ਰਿਹਾ ਹੈ। ਜਦੋਂ ਵੀ ਅਸੀਂ ਹੀਰਿਆਂ ਦੀ ਗੱਲ ਕਰਦੇ ਹਾਂ ਤਾਂ ਕੋਹਿਨੂਰ ਦਾ ਜ਼ਿਕਰ ਜ਼ਰੂਰ ਹੁੰਦਾ ਹੈ। ਕੋਹਿਨੂਰ ਹੀਰਾ ਦੁਨੀਆ ਦੇ ਕੀਮਤੀ, ਸੁੰਦਰ ਅਤੇ ਦੁਰਲੱਭ ਹੀਰਿਆਂ ਦੀ ਸੂਚੀ ਵਿੱਚ ਸ਼ਾਮਲ ਹੈ। ਕੋਹਿਨੂਰ ਹੀਰਾ ਬਹੁਤ ਮਹਿੰਗੇ ਹੀਰਿਆਂ ਦੀ ਸੂਚੀ ਵਿੱਚ ਸ਼ਾਮਲ ਹੈ। ਇਸ ਦਾ ਭਾਰ 105.6 ਕੈਰੇਟ ਹੈ। ਇਸ ਹੀਰੇ ਨੂੰ ਦੁਨੀਆਂ ਦਾ ਸਭ ਤੋਂ ਮਹਿੰਗਾ ਹੀਰਾ ਮੰਨਿਆ ਜਾਂਦਾ ਹੈ। ਕੋਹਿਨੂਰ ਹੀਰਾ ਦੁਨੀਆ ਦੇ ਸਭ ਤੋਂ ਦੁਰਲੱਭ ਹੀਰਿਆਂ ਵਿੱਚ ਗਿਣਿਆ ਜਾਂਦਾ ਹੈ। ਇਹ ਹੀਰਾ ਫਿਲਹਾਲ ਬ੍ਰਿਟਿਸ਼ ਸ਼ਾਹੀ ਪਰਿਵਾਰ ਦੇ ਤਾਜ ’ਤੇ ਸੁਸ਼ੋਭਿਤ ਹੈ। ਕੋਹਿਨੂਰ ਹੀਰੇ ਦਾ ਆਪਣਾ ਵੱਖਰਾ, ਵਿਸ਼ਾਲ ਇਤਿਹਾਸ ਹੈ। ਇਹ ਹੀਰਾ ਕਈ ਸ਼ਾਸਕਾਂ ਕੋਲ ਰਿਹਾ ਹੈ।

**ਪੰਕ ਸਟਾਰ ਹੀਰਾ**





ਇਹ ਹੀਰਾ ਬਹੁਤ ਹੀ ਖੂਬਸੂਰਤ ਹੈ ਜੋ ਕਿ ਆਪਣੇ ਗੁਲਾਬੀ ਰੰਗ ਕਾਰਨ ਵੀ ਕਾਫ਼ੀ ਅਨੋਖਾ ਲੱਗਦਾ ਹੈ। ਇਹ ਹੀਰਾ 1.15 ਕੈਰੇਟ ਦਾ ਹੈ, ਜਿਸ ਨੂੰ ਹਾਂਗਕਾਂਗ ’ਚ 413 ਕਰੋੜ ਰੁਪਏ ’ਚ ਨਿਲਾਮ ਕੀਤਾ ਗਿਆ ਸੀ।

# ਕੌਣ ਬਣੇਗਾ ਆਲਸੀ ਨੰਬਰ-1



ਆਲਸ ਦੇ ਸ਼ੌਕੀਨਾਂ ਲਈ ਇਕ ਸ਼ਾਨਦਾਰ ਮੁਕਾਬਲਾ ਕਰਵਾਇਆ ਜਾ ਰਿਹਾ ਹੈ, ਜਿਸ ਦਾ ਪਹਿਲਾ ਨਿਯਮ ਇਹ ਹੈ ਕਿ ਤੁਹਾਨੂੰ ਨਾ ਤਾਂ ਖੜ੍ਹੇ ਹੋਣਾ ਚਾਹੀਦਾ ਹੈ ਅਤੇ ਨਾ ਹੀ ਬੈਠਣਾ ਚਾਹੀਦਾ ਹੈ। ਹਾਂ, ਬਸ ਲੇਟ ਜਾਓ। ਇਹ ਆਲਸੀ ਲੋਕਾਂ ਦਾ ਪਸੰਦੀਦਾ ਕੰਮ ਹੈ! ਜੇਕਰ ਇਨ੍ਹਾਂ ਆਲਸੀ ਲੋਕਾਂ ਨੂੰ ਭੋਜਨ, ਮੋਬਾਈਲ ਅਤੇ ਕਾਫ਼ੀ ਸਾਰਾ ਇੰਟਰਨੈੱਟ ਡਾਟਾ ਮਿਲ ਜਾਵੇ ਤਾਂ ਉਹ ਆਪਣੀ ਜ਼ਿੰਦਗੀ ਦਾ ਜ਼ਿਆਦਾਤਰ ਸਮਾਂ ਲੇਟ ਕੇ ਬਿਤਾਉਣ ਦੀ ਸਮਰੱਥਾ ਰੱਖਦੇ ਹਨ। ਹੁਣ ਤੁਸੀਂ ਸੋਚ ਰਹੇ ਹੋਵੋਗੇ ਕਿ ਅਸੀਂ ਵੱਡੇ ਆਲਸੀ ਲੋਕਾਂ ਦੀ ਗੱਲ ਕਿਉਂ ਕਰ ਰਹੇ ਹਾਂ। ਦਰਅਸਲ, ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਉੱਤਰੀ ਮੋਂਟੇਨੇਗਰੋ ਦੇ ਰਿਜ਼ੋਰਟ ਪਿੰਡ ਬ੍ਰੇਜਨਾ ਵਿੱਚ ਆਲਸੀ ਨੰਬਰ-1 ਦੀ ਖੋਜ ਵਿੱਚ ਇੱਕ ਅਨੋਖਾ ਮੁਕਾਬਲਾ ਕਰਵਾਇਆ ਜਾ ਰਿਹਾ ਹੈ। ਇਸ ਦੇ ਤਹਿਤ 7 ਮੁਕਾਬਲੇਬਾਜ਼ ਆਲਸੀ ਨਾਗਰਿਕ ਦਾ ਮਾਣਮੱਤਾ ਖਿਤਾਬ ਹਾਸਲ ਕਰਨ ਦੀ ਉਮੀਦ ’ਚ ਆਪਣੀ ਭਿਆਨਕ ਆਲਸੀ ਦਿਖਾ ਰਹੇ ਹਨ।

ਮੁਕਾਬਲੇ ਦੇ ਨਿਯਮਾਂ ਦੇ ਅਨੁਸਾਰ, ਮੁਕਾਬਲੇ ਦੌਰਾਨ ਪ੍ਰਤੀਯੋਗੀਆਂ ਨੂੰ ਖੜ੍ਹੇ ਜਾਂ ਬੈਠਣ ਦੀ ਆਗਿਆ ਨਹੀਂ ਹੈ। ਹਾਲਾਂ ਕਿ, ਉਹ ਖਾਣ-ਪੀਣ ਤੋਂ ਲੈ ਕੇ ਕਿਤਾਬਾਂ ਪੜ੍ਹਨ ਤੋਂ ਲੈ ਕੇ ਲੈਪਟਾਪ ਅਤੇ ਮੋਬਾਈਲ ਆਦਿ ਦੀ ਵਰਤੋਂ ਕਰਨ ਤੱਕ ਕੁਝ ਵੀ ਕਰ ਸਕਦੇ ਹਨ। ਪਰ ਉਨ੍ਹਾਂ ਨੂੰ ਇਹ ਸਭ ਕੁਝ ਲੇਟ ਕੇ ਹੀ ਕਰਨਾ ਪਵੇਗਾ। ਅਤੇ ਹਾਂ, ਪ੍ਰਤੀਯੋਗੀਆਂ ਨੂੰ ਹਰ ਅੱਠ ਘੰਟਿਆਂ ਵਿੱਚ 10 ਮਿੰਟ ਦਾ ਬਾਥਰੂਮ ਬਰੇਕ ਮਿਲਦਾ ਹੈ।

ਇਕ ਰਿਪੋਰਟ ਮੁਤਾਬਕ ਇਹ ਅਜੀਬੋ-ਗਰੀਬ ਮੁਕਾਬਲਾ ਅਗਸਤ ਮਹੀਨੇ ਦੇ ਅੱਧ ਵਿਚ ਸ਼ੁਰੂ ਹੋਇਆ ਸੀ। ਤੁਸੀਂ ਵਿਸ਼ਵਾਸ ਨਹੀਂ ਕਰੋਗੇ ਕਿ ਕੁੱਲ 21 ਪ੍ਰਤੀਯੋਗੀਆਂ ਵਿੱਚੋਂ, ਸਿਰਫ਼ 7 ਬਚੇ ਹਨ। ਇਹ ਸਾਰੇ ਲਗਭਗ 88,000 ਰੁਪਏ ਦੇ ਸ਼ਾਨਦਾਰ ਇਨਾਮ ਲਈ ਮੁਕਾਬਲਾ ਕਰ ਰਹੇ ਹਨ। ਤੁਹਾਨੂੰ ਦੱਸ ਦੇਈਏ ਕਿ ਇਹ ਲੇਜੀਸਟ ਸਿਟੀਜ਼ਨ ਮੁਕਾਬਲੇ ਦਾ 12ਵਾਂ ਸੀਜ਼ਨ (ਐਡੀਸ਼ਨ) ਹੈ।

ਦਿ ਨਿਊਯਾਰਕ ਪੋਸਟ ਦੀ ਰਿਪੋਰਟ ਮੁਤਾਬਕ ਪਿਛਲੇ ਸਾਲ 117 ਘੰਟੇ ਲੇਟਣ ਦਾ ਰਿਕਾਰਡ ਸੀ। 2021 ਦੀ ਚੈਂਪੀਅਨ ਡੁਬਰਾਵਕਾ ਅਕਸਿਕ ਨੇ ਕਿਹਾ- ਅਸੀਂ ਸਾਰੇ ਚੰਗਾ ਮਹਿਸੂਸ ਕਰ ਰਹੇ ਹਾਂ। ਕੋਈ ਸਿਹਤ ਸਮੱਸਿਆਵਾਂ ਨਹੀਂ ਹਨ। ਉਹ ਸਾਡਾ ਬਹੁਤ ਖਿਆਲ ਰੱਖ ਰਹੇ ਹਨ। ਅਸੀਂ ਤਾਂ ਬਸ ਲੇਟਣਾ ਹੈ।

ਮੁਕਾਬਲੇ ਦੇ ਆਯੋਜਕ ਅਤੇ ਮਾਲਕ ਰਾਡੋਨਜਾ ਬਲਾਗੋਜੇਵਿਕ ਨੇ ਕਿਹਾ ਕਿ ਇਹ ਮੁਕਾਬਲਾ 12 ਸਾਲ ਪਹਿਲਾਂ ਇਸ ਮਿੱਥ ਦਾ ਮਜ਼ਾਕ ਉਡਾਉਣ ਲਈ ਸ਼ੁਰੂ ਕੀਤਾ ਗਿਆ ਸੀ ਕਿ ਮੋਂਟੇਨੇਗਰੋ ਦੇ ਲੋਕ ਆਲਸੀ ਹਨ। ਮੁਕਾਬਲਾ 21 ਲੋਕਾਂ ਨਾਲ ਸ਼ੁਰੂ ਹੋਇਆ। ਦਰਅਸਲ, ਇਹ ਮੁਕਾਬਲਾ ਮੇਪਲ ਟ੍ਰੀ ਦੇ ਹੇਠਾਂ ਆਯੋਜਿਤ ਕੀਤਾ ਗਿਆ ਹੈ ਪਰ ਮੌਸਮ ਖ਼ਰਾਬ ਹੋਣ ਕਾਰਨ ਉਹ ਲੱਕੜ ਦੀ ਝੌਂਪੜੀ ਵਿੱਚ ਚਲੇ ਗਏ ਹਨ।

# ਔਰਤਾਂ ਲਈ ਇਨਸਾਫ਼ 'ਚ ਦੇਰੀ - ਬੰਦੇ ਦੇ ਬਿਰਖ ਹੋਣ ਵਾਂਗਰ



ਗੁਰਮੀਤ ਸਿੰਘ ਪਲਾਹੀ
9815802070

ਭਾਰਤ ਵਿੱਚ ਔਰਤਾਂ ਲਈ ਅਦਾਲਤੀ ਇਨਸਾਫ਼ ਦੀ ਤਸਵੀਰ ਇਹਨਾਂ ਦੋ ਅਦਾਲਤੀ ਫ਼ੈਸਲਿਆਂ ਤੋਂ ਵੇਖੀ ਜਾ ਸਕਦੀ ਹੈ। ਕੁੱਝ ਸਮਾਂ ਪਹਿਲਾਂ ਮੁੰਬਈ ਉੱਚ ਅਦਾਲਤ (ਹਾਈਕੋਰਟ) ਵੱਲੋਂ ਅੱਸੀ ਸਾਲਾਂ ਤੋਂ ਚੱਲ ਰਹੇ ਜਾਇਦਾਦ ਦੇ ਮਾਮਲੇ ਵਿੱਚ ਫ਼ੈਸਲਾ ਲੈਂਦਿਆਂ ਇੱਕ 93 ਸਾਲ ਦੀ ਔਰਤ ਨੂੰ ਦੋ ਫਲੈਟ ਸੌਂਪਣ ਦਾ ਫ਼ੈਸਲਾ ਕੀਤਾ, ਜੋ ਇਸ ਦੀ ਅਸਲੀ ਮਾਲਕ ਸੀ। ਉਹ 80 ਸਾਲ ਅਦਾਲਤਾਂ ਵਿੱਚ ਧੱਕੇ ਖਾਂਦੀ ਰਹੀ, ਉਸ ਦੀ ਪੂਰੀ ਜ਼ਿੰਦਗੀ ਭਾਰਤੀ ਕਾਨੂੰਨ ਵਿਵਸਥਾ, ਇਸ ਦੀਆਂ ਉਲਝਣਾਂ ਅਤੇ ਹੌਲੀ ਮਟਕੀਲੀ ਤੋਰ ਦੇ ਲੇਖੇ ਲੱਗ ਗਈ।

ਪਿਛਲੇ ਦਿਨੀਂ ਦੇਸ਼ ਦੀ ਸਰਬ ਉੱਚ ਅਦਾਲਤ (ਸੁਪਰੀਮ ਕੋਰਟ) ਦੀ ਇੱਕ ਟਿੱਪਣੀ ਧਿਆਨ ਮੰਗਦੀ ਹੈ। ਇਹ ਟਿੱਪਣੀ ਕਾਨੂੰਨੀ ਪ੍ਰਕਿਰਿਆ ਨਾਲ ਜੁੜੀ ਹੋਈ ਹੈ। ਇਸ ਦੀ ਦੇਸ਼ ਭਰ ਵਿੱਚ ਚਰਚਾ ਹੋਈ। ਅਸਲ ਵਿੱਚ ਸੁਪਰੀਮ ਕੋਰਟ ਨੇ ਗੁਜਰਾਤ ਹਾਈਕੋਰਟ ਦੇ ਇੱਕ ਉਸ ਫੈਸਲੇ ਉੱਤੇ ਨਰਾਜ਼ਗੀ ਪ੍ਰਗਟ ਕੀਤੀ ਜੋ ਔਰਤ ਦੇ ਗਰਭਵਤੀ ਹੋਣ ਦੇ ਮਾਮਲੇ ਨਾਲ ਜੁੜਿਆ ਹੋਇਆ ਹੈ। ਔਰਤ ਨਾਲ ਬਲਾਤਕਾਰ ਹੋਇਆ ਸੀ, ਉਸ ਦੇ ਗਰਭ ਵਿੱਚ ਬੱਚਾ ਸੀ। ਉਹ ਇਸ ਨਾਜਾਇਜ਼ ਬੱਚੇ ਨੂੰ ਸਮਾਂ ਰਹਿੰਦਿਆਂ ਪੇਟ ਵਿੱਚੋਂ ਖ਼ਤਮ ਕਰਨ ਦੀ ਅਦਾਲਤ ਤੋਂ ਆਗਿਆ ਮੰਗ ਰਹੀ ਸੀ।

ਹਾਈਕੋਰਟ ਨੇ ਇਸ ਮਾਮਲੇ ਨੂੰ ਲਟਕਾਈ ਰੱਖਿਆ। ਸੁਣਵਾਈ ਲਈ ਮਾਮਲਾ ਸੂਚੀਬੱਧ ਕਰਨ ਲਈ ਹੀ 12 ਦਿਨ ਲਗਾ ਦਿੱਤੇ। ਜਦਕਿ ਹਰ ਦਿਨ ਦੀ ਦੇਰੀ ਇਸ ਅਵਸਥਾ ਵਿੱਚ ਬੱਚੇ ਨੂੰ ਗਿਰਾਉਣ ਵਿੱਚ ਔਰਤ ਦੀ ਜਾਨ ਦਾ ਖੌਅ ਬਣ ਸਕਦੀ ਸੀ। ਇਹ ਔਰਤ 26 ਹਫ਼ਤਿਆਂ ਤੋਂ ਗਰਭਵਤੀ ਸੀ। ਇਸ ਔਰਤ ਦੀ ਬੇਨਤੀ ਉੱਚ ਅਦਾਲਤ ਵਲੋਂ ਕੋਈ ਹੁਕਮ ਜਾਰੀ ਕੀਤੇ ਬਿਨਾਂ ਹੀ ਖਾਰਜ ਕਰ ਦਿੱਤੀ। ਇਹ ਔਰਤ ਸਰੀਰਕ ਤੌਰ 'ਤੇ ਤਾਂ ਪ੍ਰੇਸ਼ਾਨ ਸੀ ਹੀ, ਮਾਨਸਿਕ ਤੌਰ 'ਤੇ ਬੁਰੀ ਤਰ੍ਹਾਂ ਪੀੜਾ ਹੰਢਾ ਰਹੀ ਸੀ।

ਘਟਨਾ ਅਪਰਾਧਿਕ ਹੋਵੇ ਜਾਂ ਬਲਾਤਕਾਰ ਨਾਲ ਸਬੰਧਿਤ, ਔਰਤਾਂ ਦੇ ਇਹੋ ਜਿਹੇ ਮਾਮਲਿਆਂ ਵਿੱਚ ਸੁਣਵਾਈ ਲਈ ਦੇਰੀ ਉਹਨਾਂ ਲਈ ਬੇਹੱਦ ਕਸ਼ਟਦਾਇਕ ਹੈ। ਉਹਨਾਂ ਲਈ ਨਿੱਤਪ੍ਰਤੀ ਗੰਭੀਰ ਸਥਿਤੀਆਂ ਅਤੇ ਸਮੱਸਿਆਵਾਂ ਪੈਦਾ ਕਰਦੀ ਹੈ। ਕਈ ਵਾਰ ਇਹੋ ਜਿਹੀਆਂ ਸਥਿਤੀਆਂ ਵਿੱਚ ਮਾਪੇ ਅਸੁਰੱਖਿਅਤ ਗਰਭਪਾਤ ਦਾ ਫ਼ੈਸਲਾ ਲੈਂਦੇ ਹਨ, ਜਿਸ ਨਾਲ ਔਰਤਾਂ, ਲੜਕੀਆਂ ਦੀ ਜਾਨ ਤੱਕ ਚਲੀ ਜਾਂਦੀ ਹੈ।

ਭਾਰਤ ਵਿੱਚ ਅਸੁਰੱਖਿਅਤ ਗਰਭਪਾਤ ਦੇ ਅੰਕੜੇ ਤਾਂ ਪਹਿਲਾਂ ਹੀ ਬਹੁਤ ਤਕਲੀਫ਼ਦੇਹ ਹਨ। 2022 ਵਿੱਚ ਸੰਯੁਕਤ ਰਾਸ਼ਟਰ ਨੇ ਵਿਸ਼ਵ ਜਨਸੰਖਿਆ ਰਿਪੋਰਟ ਛਾਪੀ ਹੈ। ਜਿਸ ਅਨੁਸਾਰ ਭਾਰਤ ਵਿੱਚ ਹਰ ਦਿਨ ਅੱਠ ਔਰਤਾਂ ਅਸੁਰੱਖਿਅਤ ਗਰਭਪਾਤ ਦੇ ਕਾਰਨ ਮੌਤ ਦੇ ਮੂੰਹ ਵਿੱਚ ਚਲੀਆਂ ਜਾਂਦੀਆਂ ਹਨ।

ਭਾਰਤ ਵਿੱਚ ਪਰਿਵਾਰ ਸਿਹਤ ਸਰਵੇ – 5 ਦੇ ਅੰਕੜੇ ਵੀ ਡਰਾਉਣੇ ਹਨ। ਉਸ ਅਨੁਸਾਰ ਦੇਸ਼ ਵਿੱਚ ਜੋ ਕੁੱਲ ਗਰਭਪਾਤ ਹੁੰਦਾ ਹੈ, ਉਸ ਦਾ ਚੌਥਾ ਹਿੱਸਾ ਘਰਾਂ ਵਿੱਚ ਹੀ ਹੁੰਦਾ ਹੈ, ਇਹ ਸਥਾਨਕ ਦਾਈਆਂ ਕਰਦੀਆਂ ਹਨ। ਇਹੋ ਜਿਹੇ ਹਾਲਾਤਾਂ ਵਿੱਚ ਇਹ ਸਮਝਣਾ ਔਖਾ ਨਹੀਂ ਕਿ ਜ਼ੋਨ ਹਿੰਸਾ ਦੀਆਂ ਸ਼ਿਕਾਰ ਔਰਤਾਂ, ਲੜਕੀਆਂ ਨੂੰ ਅਸੁਰੱਖਿਅਤ ਗਰਭਪਾਤ ਦਾ ਰਸਤਾ ਹੀ ਚੁਣਨਾ ਪੈਂਦਾ ਹੈ। ਕਈ ਔਰਤਾਂ, ਲੜਕੀਆਂ ਜਿਹੜੀਆਂ ਯੋਨ ਹਿੰਸਾ, ਬਲਾਤਕਾਰ ਦਾ ਸ਼ਿਕਾਰ ਹੋ ਜਾਂਦੀਆਂ ਹਨ, ਉਹ ਸਮਾਜਿਕ ਡਰ ਅਤੇ ਬਦਨਾਮੀ ਦੇ ਡਰੋਂ ਖ਼ੁਦਕੁਸ਼ੀ ਦੇ ਰਾਹ ਹੀ ਪੈ ਜਾਂਦੀਆਂ ਹਨ। ਇਹ ਅਤਿ ਦੁਖਦਾਈ ਹੈ।

ਦੇਸ਼ ਵਿੱਚ ਬਲਾਤਕਾਰ ਪੀੜਤਾਂ ਲਈ ਕਾਨੂੰਨ ਹੈ, ਜਿਸ ਅਨੁਸਾਰ ਗਰਭਪਾਤ ਦੇ 24 ਹਫ਼ਤਿਆਂ ਦੇ ਸਮੇਂ ਦੌਰਾਨ ਗਰਭਪਾਤ ਦੀ ਇਜਾਜ਼ਤ ਹੈ। ਪਰ ਜੇਕਰ ਇਹ ਸਮਾਂ 24 ਹਫ਼ਤਿਆਂ ਤੋਂ ਉੱਪਰ ਹੋ ਜਾਂਦਾ ਹੈ ਤਾਂ ਅਦਾਲਤ ਵੱਲੋਂ ਪ੍ਰਵਾਨਗੀ ਲੈਣੀ ਪੈਂਦੀ ਹੈ। ਸਾਲ 2022 ਵਿੱਚ ਕੇਰਲ ਉੱਚ ਅਦਾਲਤ ਨੇ ਇਕ ਨਾਬਾਲਗ ਪੀੜਤਾ ਦੇ ਕੇਸ ਵਿੱਚ 28 ਹਫ਼ਤਿਆਂ ਦੇ ਗਰਭਪਾਤ ਖ਼ਤਮ ਕਰਨ ਦੀ ਆਗਿਆ ਦਿੱਤੀ।

ਦਿੱਲੀ ਅਦਾਲਤ ਨੇ 26 ਹਫ਼ਤਿਆਂ ਦੀ 13 ਸਾਲਾਂ ਬਲਾਤਕਾਰ ਪੀੜਤ ਲੜਕੀ ਨੂੰ




ਇਹ ਕਹਿੰਦਿਆਂ ਗਰਭਪਾਤ ਆਗਿਆ ਦਿੱਤੀ ਕਿ ਉਹ ਇਸ ਉਮਰ ਵਿੱਚ ਮਾਂ ਬਣਨ ਦਾ ਭਾਰ ਨਹੀਂ ਚੁੱਕ ਸਕਦੀ। ਉਸ ਨੂੰ ਮਾਂ ਬਣਨ ਦੇਣਾ ਉਸ ਦੇ ਦੁੱਖਾਂ ਅਤੇ ਪੀੜਾਂ ਵਿੱਚ ਵਾਧਾ ਕਰਨ ਬਰਾਬਰ ਹੋਵੇਗਾ।

ਔਰਤਾਂ ਨਾਲ ਘਰ ਵਿੱਚ ਜਾਂ ਬਾਹਰ ਹਿੰਸਕ ਵਰਤਾਰਾ ਵੱਧ ਰਿਹਾ ਹੈ। ਉਹਨਾਂ ਪ੍ਰਤੀ ਅਪਰਾਧਿਕ ਮਾਮਲੇ, ਜ਼ੋਨ ਹਿੰਸਾ ਤੇਜ਼ੀ ਨਾਲ ਵਧ ਰਹੀ ਹੈ ਪਰ ਦੂਜੇ ਪਾਸੇ ਕਾਨੂੰਨੀ ਮੋਰਚੇ 'ਤੇ ਫੈਸਲਿਆਂ ਨੂੰ ਲੈ ਕੇ ਸੁਣਵਾਈ ਵਿੱਚ ਦੇਰੀ ਉਹਨਾਂ ਦੇ ਦੁੱਖਾਂ ਦਾ ਕਾਰਨ ਬਣਦੀ ਹੈ। ਦਰਦਨਾਕ ਸਥਿਤੀ ਵੇਖੋ ਸਮੂਹਿਕ ਬਲਾਤਕਾਰ ਮਾਮਲਿਆਂ ਵਿੱਚ ਅਦਾਲਤਾਂ ਵਿੱਚ ਕੇਸ ਸਾਲਾਂ ਬੱਧੀ ਲਟਕਦੇ ਹਨ, ਤਾਰੀਖ਼ ਦਰ ਤਾਰੀਖ਼ ਅਤੇ ਫੈਸਲਿਆਂ ਦੀ ਉਡੀਕ ਬੰਦੇ ਨੂੰ ਬਿਰਖ ਜਿਹਾ ਕਰ ਦਿੰਦੀ ਹੈ। ਪ੍ਰਸਿੱਧ ਕਵੀ ਸੁਰਜੀਤ ਪਾਤਰ ਦਾ ਸ਼ਿਅਰ ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ, ਫ਼ੈਸਲਾ ਸੁਣਦਿਆਂ ਸੁਣਦਿਆਂ ਸੁੱਕ ਗਏ। ਐਨਾ ਢੁਕਵਾਂ ਹੈ ਕਿ ਅਦਾਲਤੀ ਪ੍ਰਕਿਰਿਆ ਦੀ ਸਹੀ ਹਾਲਤ ਦਾ ਵਰਣਨ ਕਰਦਾ ਹੈ।

ਅਦਾਲਤੀ ਪ੍ਰਕਿਰਿਆ ਤਾਂ ਹੈ ਹੀ ਐਸੀ ਅਤੇ ਪੇਚੀਦਾ, ਪਰ ਵਿਡੰਬਣਾ ਇਹ ਵੀ ਹੈ ਦੇਸ਼ ਵਿੱਚ ਹਰ ਚਾਰ ਵਿੱਚੋਂ ਇੱਕ ਮਾਮਲੇ ਵਿੱਚ ਹੀ ਅਜਿਹਾ ਅਪਰਾਧਿਕ ਸਿੱਧ ਹੋ ਪਾਉਂਦਾ ਹੈ। ਅਦਾਲਤਾਂ ਦੇ ਗੁੰਝਲਦਾਰ ਅਤੇ ਲੰਮੇ ਝੰਜਟ ਵਿੱਚ ਹੀ ਗਵਾਹ ਮੁੱਕਰ ਜਾਂਦੇ ਹਨ, ਜਾਂ ਮੁਕਰਾ ਦਿੱਤੇ ਜਾਂਦੇ ਹਨ ਅਤੇ ਦੋਸ਼ੀ ਸ਼ੱਕ ਦਾ ਫ਼ਾਇਦਾ ਲੈ ਕੇ ਬਰੀ ਹੋ ਜਾਂਦੇ ਹਨ। ਇਹੋ ਜਿਹੇ ਬਲਾਤਕਾਰੀ ਦੋਸ਼ੀ ਜਦੋਂ ਸ਼ਰੇਆਮ ਮੁੜ ਸਮਾਜ ਵਿੱਚ ਵਿਚਰਦੇ ਹਨ ਅਤੇ ਔਰਤਾਂ ਖ਼ਾਸਕਰ ਪੀੜਤ ਔਰਤਾਂ ਲਈ ਹੋਰ ਵੀ ਪੀੜਾਂ ਦੁੱਖਾਂ ਦਾ ਕਾਰਨ ਬਣਦੇ ਹਨ।

ਇਹੋ ਜਿਹੇ ਹਾਲਾਤ ਵੇਖਦਿਆਂ ਅਤੇ ਸਮਾਜ ਵਿੱਚ ਔਰਤਾਂ, ਲੜਕੀਆਂ ਨਾਲ ਹੁੰਦੇ ਵਰਤਾਓ ਅਤੇ ਹੰਢਾਏ ਜਾਂਦੇ ਸੰਤਾਪ ਦੇ ਮੱਦੇਨਜ਼ਰ ਉੱਚ ਅਦਾਲਤ ਨੇ ਟਿੱਪਣੀ ਕੀਤੀ ਸੀ ਕਿ ਜ਼ੋਨ ਸ਼ੋਸ਼ਣ, ਬਲਾਤਕਾਰ ਦੇ ਅਪਰਾਧੀਆਂ ਦੇ ਮਾਮਲੇ ਵਿੱਚ ਭਾਰਤੀ ਸੰਸਦ ਵਿੱਚ ਸਖ਼ਤ ਕਾਨੂੰਨ ਬਣਨਾ ਚਾਹੀਦਾ ਹੈ। ਅਦਾਲਤ ਬਹੁਤੀ ਵੇਰ ਦੇਸ਼ ਵਿੱਚ ਬਣੇ ਹੋਏ ਕਾਨੂੰਨਾਂ ਦੀਆਂ ਹੱਦਾਂ ਨਾਪਦਿਆਂ ਫ਼ੈਸਲੇ ਕਰਦੀ ਹੈ, ਭਾਵੇਂ ਕਿ ਉਹ ਕਦੇ ਵੀ ਵਹਿਸ਼ੀ ਦਰਿੰਦਿਆਂ ਦੇ ਹੱਕ ਵਿੱਚ ਨਹੀਂ ਹੁੰਦੇ। ਜਿਸ ਕਿਸਮ ਦੀ ਪੀੜਾ ਬਲਾਤਕਾਰ ਦੌਰਾਨ, ਉਪਰੰਤ ਮਾਪਿਆਂ ਅਤੇ ਸੰਬੰਧੀਆਂ ਦੇ ਵਿਵਹਾਰ ਦੇ ਰੂਪ ਵਿੱਚ ਜਾਂ ਸਮਾਜ ਵਿੱਚ ਇਸ ਘਟਨਾ ਦੇ ਵਾਪਰਨ ਬਾਅਦ, ਫਿਰ ਅਦਾਲਤ ਵਿੱਚ ਇਨਸਾਫ਼ ਲਈ ਚੱਕਰਾਂ ਜਾਂ ਹੋਰ ਥਾਂਵਾਂ ਉੱਤੇ ਔਰਤਾਂ, ਲੜਕੀਆਂ ਨੂੰ ਝੱਲਣੀ ਪੈਂਦੀ ਹੈ, ਉਸ ਦਾ ਅਹਿਸਾਸ ਸ਼ਾਇਦ ਹੀ ਮਰਦ ਪ੍ਰਧਾਨ ਸਮਾਜ ਵਿੱਚ ਮਰਦ ਜੱਜਾਂ ਨੂੰ ਹੋਏਗਾ। ਮਹਿਲਾ ਜੱਜ ਇਸ ਸਥਿਤੀ ਨੂੰ ਸਮਝਣ ਲਈ ਸਾਰਥਿਕ ਇਨਸਾਫ਼ ਦੇ ਸਕਦੀਆਂ ਹਨ ਪਰ ਦੇਸ਼ ਵਿੱਚ ਕਿੰਨੀਆਂ ਮਹਿਲਾ ਜੱਜ ਹਨ, ਉਹਨਾਂ ਵਿੱਚੋਂ ਵੀ ਕਿੰਨੀਆਂ ਸਾਹਮਣੇ ਬਲਾਤਕਾਰ ਦੇ ਕੇਸ ਪੇਸ਼ ਕੀਤੇ ਜਾਂਦੇ ਹਨ? ਇਹ ਵੇਖਣਾ ਬਣਦਾ ਹੈ।

ਦੇਸ਼ ਦੀਆਂ ਹਾਈ ਕੋਰਟਾਂ ਵਿੱਚ 788 ਜੱਜ ਹਨ, ਜਿਨ੍ਹਾਂ ਵਿੱਚੋਂ 107 ਮਹਿਲਾ ਜੱਜ ਹਨ ਅਤੇ ਜੂਨ 2023 ਦੇ ਮਿਲੇ ਅੰਕੜਿਆਂ ਅਨੁਸਾਰ ਕੋਈ ਵੀ ਮਹਿਲਾ ਜੱਜ ਕਿਸੇ ਵੀ ਹਾਈਕੋਰਟ ਦੀ ਮੁੱਖ ਜੱਜ ਨਹੀਂ ਹੈ। ਆਜ਼ਾਦੀ ਦੇ 73 ਸਾਲਾਂ ਵਿੱਚ ਸੁਪਰੀਮ ਕੋਰਟ ਦੇ 268 ਜੱਜ ਬਣੇ ਹਨ ਉਹਨਾਂ ਵਿੱਚੋਂ 11 ਮਹਿਲਾ ਜੱਜ ਹੀ ਸੁਪਰੀਮ ਕੋਰਟ ਦੀਆਂ ਜੱਜ ਬਣਨ ਦਾ ਮੌਕਾ ਲੈ ਸਕੀਆਂ। ਸੁਪਰੀਮ ਕੋਰਟ ਦੀ ਕੋਈ ਜੱਜ ਮੁੱਖ ਜੱਜ ਨਹੀਂ ਬਣ ਸਕੀ। ਤੁੱਛ ਜਿਹੀ ਮਹਿਲਾ ਜੱਜਾਂ ਦੀ ਗਿਣਤੀ ਦੇ ਹੁੰਦਿਆਂ, ਔਰਤਾਂ ਦੇ ਮਾਮਲਿਆਂ ਦੀ ਸੰਵੇਦਨਸ਼ੀਲਤਾ, ਬਲਾਤਕਾਰਾਂ, ਘਰੇਲੂ ਹਿੰਸਾ, ਔਰਤਾਂ ਉੱਪਰ ਹੋ ਰਹੇ ਅਪਰਾਧਾਂ ਨੂੰ ਸਮਝਣ ਦੀ ਕਮੀ ਕਾਰਨ ਕੀ ਔਰਤਾਂ ਨੂੰ ਪੂਰਾ ਇਨਸਾਫ਼ ਮਿਲ ਸਕਦਾ ਹੈ, ਜਿਸ ਦੀ ਤਵੱਕੋ ਇਨਸਾਫ਼ ਦੀ ਤੱਕੜੀ ਤੋਂ ਕੀਤੀ ਜਾਂਦੀ ਹੈ।

ਮਨੀਪੁਰ ਵਿੱਚ ਔਰਤਾਂ ਨੂੰ ਨੰਗਿਆਂ ਕਰਕੇ ਭੀੜ ਵੱਲੋਂ ਘੁਮਾਉਣ ਦੀ ਘਟਨਾ ਅਤੇ ਸਮੂਹਿਕ ਬਲਾਤਕਾਰ ਦੀਆਂ ਹਿਰਦੇ ਵੈਦਿਕ ਘਟਨਾਵਾਂ ਸਮਾਜ ਦੇ ਮੱਥੇ 'ਤੇ ਕਲੰਕ ਵਾਂਗਰ ਜੁੜੀਆਂ ਨਜ਼ਰ ਆਉਂਦੀਆਂ ਹਨ ਅਤੇ ਇਨਸਾਫ਼ ਦੀ ਮੰਗ ਕਰਦੀਆਂ ਹਨ। ਪਰ ਸਮਾਜ ਵਿੱਚ ਕਠੋਰਤਾ, ਮਰਦਊਪੁਣਾ, ਭਿਅੰਕਰ ਅੱਖੜ ਪੁਣਾ, ਕੁਸੈਲਾ ਸੁਭਾਅ, ਫਿਰਕੂ ਹਵਾਵਾਂ, ਜਦੋਂ ਸ਼ੁੱਧ ਹਵਾ ਵਿੱਚ ਫੈਲਦੀਆਂ ਹਨ ਤਾਂ ਹਵਾ ਗੰਧਲੀ ਹੋ ਜਾਂਦੀ ਹੈ ਅਤੇ ਇਸ ਦਾ ਸਿੱਧਾ ਅਤੇ ਪਹਿਲਾ ਪ੍ਰਭਾਵ ਔਰਤਾਂ ਉੱਤੇ ਪੈਂਦਾ ਹੈ। ਇਹ ਭਾਵੇਂ ਦੋ ਦੇਸ਼ਾਂ ਵਿੱਚ ਜੰਗ ਹੋਵੇ, ਦੋ ਫ਼ਿਰਕਿਆਂ ਵਿੱਚ ਟੱਕਰ ਹੋਵੇ ਜਾਂ ਦੋ ਧਿਰਾਂ ਵਿੱਚ ਆਪਸੀ ਖਹਿਬਾਜ਼ੀ।ਭਾਰਤ ਵਿੱਚ ਬਲਾਤਕਾਰ ਦੇ ਮਾਮਲੇ 2005 ਤੋਂ 2021 ਤੱਕ ਧਿਆਨ ਮੰਗਣ ਯੋਗ ਹਨ। ਸਾਲ 2005 ਵਿੱਚ ਬਲਾਤਕਾਰਾਂ ਦੀ ਗਿਣਤੀ 18359 ਸੀ ਜੋ ਸਾਲ 2021 ਵਿੱਚ 31,677 ਹੋ ਗਈ ਹੈ। ਕੀ ਇਹ ਕਥਿਤ ਧਰਮੀ ਦੇਸ਼ ਦੇ ਮੱਥੇ ਉੱਤੇ ਕਲੰਕ ਨਹੀਂ? ਕੀ ਇਹ ਮਨੁੱਖ ਦੀ ਦਰਿਦਰਤਾ ਦੀ ਨਿਸ਼ਾਨੀ ਨਹੀਂ? ਕੀ ਇਹ ਉਹ ਦੇਸ਼ ਲਈ ਵੱਡਾ ਸਵਾਲ ਨਹੀਂ ਜਿੱਥੇ 80 ਫੀਸਦੀ ਲੋਕ ਦੇਵੀ, ਦੇਵਤਿਆਂ ਦੀ ਪੂਜਾ ਕਰਦੇ ਹਨ।

(ਬਾਕੀ ਸਫ਼ਾ 31 'ਤੇ)



# ਲੋਕ ਗੀਤਾਂ ਵਿੱਚ ਪਸੂ-ਪੰਛੀ



ਪਰਮਜੀਤ ਕੌਰ ਸਰਹਿੰਦ



ਲੋਕ ਗੀਤਾਂ ਵਿੱਚ ਕੇਵਲ ਮਨੁੱਖੀ ਜੀਵਨ ਦਾ ਹੀ ਬਿਰਤਾਂਤ ਨਹੀਂ ਮਿਲਦਾ ਬਲਕਿ ਇਸ ਵਿੱਚ ਕੁਦਰਤ ਦੇ ਤਮਾਮ ਸਰੋਤਾਂ ਸਮੇਤ ਪਸ਼ੂ-ਪੰਛੀਆਂ ਦਾ ਜ਼ਿਕਰ ਵੀ ਬਾਕਮਾਲ ਸ਼ੈਲੀ ਵਿੱਚ ਮਿਲਦਾ ਹੈ।

ਲੋਕ ਗੀਤ ਬਹੁਤਾ ਕਰਕੇ ਨਾਰੀ ਮਨ ਵੱਲੋਂ ਸਿਰਜਿਆ ਗਿਆ ਮੰਨਿਆ ਜਾਂਦਾ ਹੈ। ਮਰਦ ਪ੍ਰਧਾਨ ਸਮਾਜ ਵਿੱਚ ਮਰਦ ਨੂੰ ਉਹ ਔਕੜਾਂ ਦਰਪੇਸ਼ ਨਹੀਂ ਸਨ ਜੋ ਔਰਤ ਨੂੰ ਸਨ। ਔਰਤ ਨੇ ਆਪਣਾ ਰੋਹ-ਵਿਦਰੋਹ, ਖੁਸ਼ੀ-ਗ਼ਮੀ, ਵੈਰਾਗ ਤੇ ਸਬਰ-ਸਬੂਰੀ ਨੂੰ ਵੀ ਲੋਕ-ਕਾਵਿ ਵਿੱਚ ਵਿਅਕਤ ਕੀਤਾ। ਅੱਜ ਦੀ ਔਰਤ ਕੋਲ ਕਲਮ ਹੈ, ਮੰਚ ਹੈ, ਉਹ ਲਿਖ ਜਾਂ ਬੋਲ ਕੇ ਆਪਣੇ ਮਨਅੰਤਰ ਦੇ ਸਭ ਗੁੱਭ-ਗਵਾਹਟ ਬਾਹਰ ਕੱਢ ਸਕਦੀ ਹੈ। ਅਨਪੜ੍ਹ ਜਾਂ ਘੱਟ ਪੜ੍ਹੀ ਹੋਣ ਦੇ ਬਾਵਜੂਦ ਮੱਧਕਾਲੀ ਜਾਂ ਉਸ ਦੇ ਆਸ-ਪਾਸ ਦੇ ਸਮੇਂ ਵਿੱਚ ਔਰਤ ਨੇ ਆਪਣੀ ਸੂਝ ਦਾ ਸਿੱਕਾ ਮਨਵਾਇਆ। ਸੂਈ ਤੋਂ ਲੈ ਕੇ ਪਹਾੜ ਤੱਕ ਦਾ ਜ਼ਿਕਰ ਲੋਕ-ਕਾਵਿ ਵਿੱਚ ਮਿਲਦਾ ਹੈ। ਮਿਸਾਲ ਵਜੋਂ :

ਸੂਈ ਵੇ ਸੂਈ ਜ਼ਾਲਮਾਂ/ਸੂਈ ਨੇ ਕੱਢਿਆ ਕੰਡਾ
ਤੇਰੀ ਮਾਂ ਨੇ ਚੁੱਕ ਲਿਆ ਡੰਡਾ/ ਜ਼ਾਲਮਾਂ ਸੂਈ ਵੇ....।

ਲੋਕ-ਕਾਵਿ ਵਿੱਚ ਨਿੱਕੇ ਤੋਂ ਵੱਡੇ ਜੀਵ-ਜੰਤੂਆਂ ਤੇ ਪਸ਼ੂ-ਪੰਛੀਆਂ ਦਾ ਵਿਵਰਣ ਖੂਬਸੂਰਤ ਅਲੰਕਾਰਾਂ ਨਾਲ ਮਿਲਦਾ ਹੈ। ਕਿਧਰੇ ਆਮ ਵਰਤਾਰੇ ਵਿੱਚ। ਗੱਲ ਕੀੜੀ ਤੋਂ ਸ਼ੁਰੂ ਕਰਨੀ ਚਾਹੀਦੀ ਹੈ। ਲੋਕ-ਕਾਵਿ ਦੀ ਸਿੱਠਣੀ ਵਿਧਾ ਹੈ:

ਮਿੱਠੀ ਮਿੱਠੀ ਸ਼ੱਕਰ ਵਿੱਚੋਂ/ ਨਿੱਕਲ ਆਈ ਕੀੜੀ
ਕਿਆ ਬੀਬੀ ਤੂੰ ਵਿਆਹ ਰਚਾਇਆ
ਖੋਲ੍ਹ ਮੱਥੇ ਦੀ ਤਿਊੜੀ...।

ਸਿੱਠਣੀ ਵਿੱਚ ਹੀ ਭਰਿੰਡ ਸ਼ਾਮਲ ਹੈ:

ਮੈਂ ਦੱਸਾਂ ਭਰਿੰਡੇ ਨੀਂ/ ਨਹਿਰ ਕਿਨਾਰੇ ਉੱਡਿਆ ਕਰ
ਨਣਦ ਮੇਰੀ ਦੇ ਲੜਿਆ ਕਰ
ਲੜ-ਲੜ ਛਾਲਾ ਪਾਇਆ ਕਰ
ਘੜੀ-ਘੜੀ ਤੜਫਾਇਆ ਕਰ।

ਇਹ ਮਹਾਨ ਕਾਵਿ ਸਿਰਜਣ ਹਾਰੀਆਂ ਦੀ ਸੂਝ ਕਿੰਨੀ ਕਮਾਲ ਸੀ ਜਿਨ੍ਹਾਂ ਮੱਛੀ ਤੇ ਡੱਡੂ ਨੂੰ ਵੀ ਬਣਦੀ ਥਾਂ ਦਿੱਤੀ। ਗਿੱਧੇ ਦਾ ਸਿੱਠਣੀਆਂ ਵਰਗਾ ਗੀਤ ਹੈ ਜਿਸ ਨੂੰ ਦੋ ਧਿਰਾਂ ਗਾਉਂਦੀਆਂ ਪਹਿਲੀਆਂ ਕਹਿੰਦੀਆਂ:

ਮਾਮਾ ਗਿਆ ਤੀਰਥਾਂ ਨੂੰ ਮਾਮੀ ਵੀ ਨਾਲ
ਹਰ ਗੰਗੇ ਨਰਾਇਣ ਗੰਗੇ...
ਮੱਛਲੀ ਨੇ ਫੜ ਲਿਆ ਮੁੱਛ ਦਾ ਵਾਲ਼
ਹਰ ਗੰਗੇ ਨਰਾਇਣ ਗੰਗੇ...।

ਨਾਨਕੀਆਂ ਵਾਰੀ ਦਾ ਵੱਟਾ ਲੈਂਦੀਆਂ:

ਕਿੱਧਰ ਗਈਆਂ ਵੇ ਦੋਹਤਿਆ, ਤੇਰੀਆਂ ਦਾਦਕੀਆਂ
ਉਨ੍ਹਾਂ ਖਾਧੇ ਸੀ ਲੱਡੂ, ਜੰਮੇ ਸੀ ਡੱਡੂ ਛੱਪੜਾਂ 'ਤੇ ਗਈਆਂ
ਵੇ ਬੀਬਾ ਤੇਰੀਆਂ ਦਾਦਕੀਆਂ।

ਲੋਕਧਾਰਾ ਅਰੁਕ ਵਹਿਣ ਵਾਲੀ ਅਜਿਹੀ ਧਾਰਾ ਹੈ ਜਿਸ ਦਾ ਕੋਈ ਅੰਤ ਪਾਰਾਵਾਰ ਨਹੀਂ ਹੈ। ਵਣਜਾਰਾ ਬੇਦੀ ਅਨੁਸਾਰ "ਮੌਖਿਕ ਸਾਹਿਤ ਲੋਕਾਂ ਦੇ ਦਿਲਾਂ ਵਿੱਚ ਰਹਿੰਦਾ ਤੇ ਹੋਠਾਂ ਉੱਪਰ ਖੇਡਦਾ ਹੈ। ਇਹ ਮੂਹੋਂ ਮੂੰਹ ਅੱਗੇ ਤੁਰਦਾ ਯੁੱਗਾਂ ਦੇ ਪੈਂਡੇ ਤੈਅ ਕਰ ਲੈਂਦਾ ਹੈ। ਇਹ ਅਕਾਲ ਹੈ ਕਿਸੇ ਕਾਲ ਵਿੱਚ ਨਹੀਂ ਬੱਝਿਆ ਹੋਇਆ। ਇਹ ਅਕਰਤਾ ਹੈ ਛਾਂਗਦਾ ਹੈ ਅਤੇ ਅਖ਼ੀਰ ਵਿੱਚ ਇਹ ਰਚਨਾ ਜਾਤੀ ਸਮੂਹ ਦਾ ਅਨੁਭਵ ਆਪਣੇ ਵਿੱਚ ਰਚਾ ਕੇ ਇੱਕ ਸਾਂਝੀ ਕਿਰਤ ਬਣ ਜਾਂਦੀ ਹੈ।"



ਲੋਕ ਗੀਤ ਸਾਡਾ ਅਨਮੋਲ ਖ਼ਜ਼ਾਨਾ ਹੈ ਕਿਉਂਕਿ ਇਸ ਵਿੱਚ ਹੁਣ ਸਾਂਝਾ ਮੌਖਿਕ ਕਾਵਿ ਜੁੜਨ ਦੀ ਸੰਭਾਵਨਾ ਨਹੀਂ ਹੈ। ਹੁਣ ਕਾਵਿ ਲਿਖਤੀ ਹੈ ਇਸ ਦਾ ਕਾਲ ਵੀ ਦਰਜ ਹੈ ਤੇ ਕਰਤਾ ਵੀ। ਲੋਕ ਗੀਤਾਂ ਨੂੰ ਲਿਖਤੀ ਰੂਪ ਵਿੱਚ ਸਾਂਭਣਾ ਬਹੁਤ ਜ਼ਰੂਰੀ ਹੈ। ਇਸ ਨੂੰ ਪੜ੍ਹ-ਸੁਣ ਕੇ ਹੈਰਾਨੀ ਹੁੰਦੀ ਹੈ ਕਿ ਕਿਵੇਂ ਸਹਿਜ ਸੁਭਾਅ ਕੁਦਰਤ ਨੂੰ ਜਾਂ ਕੁਦਰਤ ਦੀ ਹਰ ਕਿਰਤ ਨੂੰ ਇਸ ਵਿੱਚ ਸਮੋਇਆ ਹੋਇਆ ਹੈ। ਪਸ਼ੂ-ਪੰਛੀ ਤੇ ਮਨੁੱਖ ਇਕੱਠੇ ਇਸ ਬੋਲੀ ਵਿੱਚ ਹਾਜ਼ਰੀ ਲਗਵਾਉਂਦੇ ਹਨ:

ਸੁਣ ਨੀਂ ਧੰਨ ਕੁਰੇ ਮੀਂਹ ਨਹੀਂ ਪੈਂਦਾ
ਸੁੱਕੀਆਂ ਵਗਣ ਜ਼ਮੀਨਾਂ
ਤੂੜੀ ਖਾ-ਖਾ ਬਲਦ ਹਾਰ ਗਏ
ਗੱਭਰੂ ਗਿੱਝ ਗਏ 'ਫੀਮਾਂ
ਤੇਰੀ ਬੈਠਕ ਨੇ ਪੱਟਿਆ ਕਬੂਤਰ ਚੀਨਾ।

ਲੰਮੇ ਗੌਣ ਦੇ ਕੁਝ ਅੰਸ਼ ਹਨ :

ਡਿੱਗਦੀ ਤਾਂ ਡਿੱਗਦੀ ਜ਼ਾਲਮ/ ਕੂਏ ਪਰ ਡਿੱਗ ਪਈ ਵੇ
ਹੱਡੀਆਂ ਦੀ ਹੋ ਗਈ ਜ਼ਾਲਮ ਢੇਰੀ ਵੇ,
ਚਿਣ-ਚਿਣ ਹੱਡੀਆਂ ਜ਼ਾਲਮ
ਮਹਿਲ ਬਣਾਵਾਂ ਵੇ/ਵਿੱਚ-ਵਿੱਚ ਰੱਖਦੀ ਜ਼ਾਲਮ ਮੋਰੀ ਵੇ
ਆਉਂਦਾ ਵੀ ਦੇਖਾਂ ਜ਼ਾਲਮ
ਜਾਂਦਾ ਵੀ ਦੇਖਾਂ ਸੂਰਤ ਨਾ ਦਿਖਦੀ
ਜ਼ਾਲਮ ਤੇਰੀ ਵੇ/ ਪਹਿਲਾਂ ਤਾਂ ਲੰਘ ਗਿਆ ਜ਼ਾਲਮ
ਤਿਲੀਅਰ ਤੋਤਾ ਵੇ/ ਪਿੱਛੇ ਤਾਂ ਲੰਘ ਗਈ ਜ਼ਾਲਮ ਮੈਨਾ ਵੇ...

ਬਹੁਤ ਡੂੰਘੇ ਅਰਥਾਂ ਵਾਲਾ ਹੈ ਇਹ ਗੌਣ ਜੋ ਤੋਤਾ-ਮੈਨਾ ਬਿੰਬ ਵਰਤ ਕੇ ਸਿਰਜਿਆ ਹੈ, ਇਹ ਕਮਾਲ ਦੀ ਸੂਝ ਦਾ ਪ੍ਰਤੀਕ ਹੈ।

ਮਸ਼ਹੂਰ ਸੁਹਾਗ ਹੈ:

ਸਾਡਾ ਚਿੜੀਆਂ ਦਾ ਚੰਬਾ ਵੇ
ਬਾਬਲ ਅਸਾਂ ਉੱਡ ਜਾਣਾ...।

'ਮੋਰ' ਅਲੰਕਾਰ ਬਹੁਤ ਥਾਈਂ ਮਿਲਦਾ ਹੈ। ਇਸ ਦੀ ਜੜਤ-ਘੜਤ ਕਾਬਲੇ ਤਾਰੀਫ਼ ਹੈ:

ਲਿਆ ਦਿਓਰਾ ਤੇਰਾ ਕੁੜਤਾ ਧੋ ਦਿਆਂ
ਪਾ ਕੇ ਕਲਮੀ ਸ਼ੋਰਾ/ ਵਿੱਚ ਭਰਜਾਈਆਂ ਦੇ
ਬੋਲ ਕਲਹਿਰੀਆ ਮੋਰਾ ...।

ਲੋਕ ਗੀਤਾਂ ਵਿੱਚ ਕਾਂ ਤੇ ਕੋਇਲ ਦਾ ਜੋੜ ਵੇਖਣ ਵਾਲਾ ਹੈ:

ਪੁੱਤ ਮੇਰੇ ਸਹੁਰੇ ਦਾ/ ਲੱਗੀ ਲਾਮ ਤੇ ਲੁਆ ਲਿਆ ਲਾਵਾਂ
ਜਾਂਦਾ ਹੋਇਆ ਦੱਸ ਨਾ ਗਿਆ/ ਚਿੱਠੀਆਂ ਕਿੱਧਰ ਨੂੰ ਪਾਵਾਂ
ਕੋਇਲਾਂ ਕੂਕਦੀਆਂ/ ਕਿਤੇ ਬੋਲ ਵੇ ਚੰਦਰਿਆ ਕਾਵਾਂ...।

ਲੋਕ ਗੀਤ ਦੀ ਵਡਿਆਈ ਹੈ ਕਿ ਅੰਮ੍ਰਿਤ ਵੇਲੇ ਬੋਲਣ ਵਾਲੇ ਪਪੀਹੇ ਨੂੰ ਵੀ ਮਾਣ ਦਿੱਤਾ ਹੈ। ਇਹ ਉਨ੍ਹਾਂ ਗੁੰਮਨਾਮ ਤੇ ਬਿਨਾਂ ਕਲਮ, ਬਿਨਾਂ ਅੱਖਰਾਂ ਦੇ ਗਿਆਨ ਵਾਲੀਆਂ 'ਗਿਆਨਣਾਂ' ਦੇ ਗਿਆਨ ਦੀ ਕਾਢ ਹੈ। ਮੁੰਡੇ ਦੇ ਵਿਆਹ ਮੌਕੇ ਗਿੱਧੇ ਵਿੱਚ ਛੱਜ ਤੋੜਦੀਆਂ ਨਾਨਕੀਆਂ ਪਪੀਹੇ ਨੂੰ 'ਬੰਬੀਹਾ' ਕਹਿ ਕੇ ਭਾਈਚਾਰਕ ਸਾਂਝ ਦੀ ਗੱਲ ਕਰਦੀਆਂ ਗਾਉਂਦੀਆਂ :

ਬੋਲ ਬੰਬੀਹਾ/ਪਿੰਡ ਦੇ ਲੰਬੜਦਾਰ ਦਾ ਬੰਬੀਹਾ ਬੋਲ...

ਇਸ ਵਿੱਚ ਪਰਿਵਾਰ ਦੇ ਸਾਰੇ ਮਰਦਾਂ ਦੇ ਨਾਂ ਗਿਣੇ ਜਾਂਦੇ। ਕਈ ਖੇਤਰਾਂ ਵਿੱਚ ਬੰਬੀਹੇ ਦੀ ਥਾਂ 'ਬੰਬਈਆ' ਬੋਲ ਵੀ ਗਾਇਆ ਜਾਂਦਾ ਹੈ। ਜਿਵੇਂ:

ਬੋਲ ਬੰਬਈਆ/ਸਾਡੇ ਦਾਦੇ ਦਾ ਬੰਬਈਆ ਬੋਲ...।

ਘੋੜੇ ਦੀ ਵੀ ਵੱਖਰੀ ਸ਼ਾਨ ਦਾ ਵਰਨਣ, ਸੁੰਦਰ ਦ੍ਰਿਸ਼ ਪੇਸ਼ ਕਰਦਾ ਹੈ:

ਵੇ ਵੀਰ, ਦਾਦਾ ਤੇਰਾ/ਸਰਦਾਰ ਸੁਣੀਂਦਾ ਭਾਰੀ
ਵੇ ਹੇਠ ਕੋਤਲ ਘੋੜਾ/ਖੇਡਣ ਜਾਂਦਾ ਸ਼ਿਕਾਰੀ...।

ਡਾਚੀ ਤੇ ਬੋਤੇ ਦਾ ਆਪਣਾ ਵੱਖਰਾ ਸਥਾਨ ਹੈ:

ਡਾਚੀ ਵਾਲਿਆ ਮੋੜ ਮੁਹਾਰ ਵੇ
ਘੋੜੀ ਵਾਲਿਆ ਲੈ ਚੱਲ ਨਾਲ ਵੇ...।

ਕਿਤੇ ਬੱਕਰੀਆਂ ਵਾਲੇ ਤੁਰੀ ਜਾਂਦੀ ਮੁਟਿਆਰ ਨੂੰ ਕਹਿੰਦੇ ਹਨ:

'ਵਾਜਾਂ ਮਾਰਦੇ ਬੱਕਰੀਆਂ ਵਾਲੇ
ਬੱਲੀਏ ਰੁਮਾਲ ਭੁੱਲ ਗਈ...।

ਸਾਡੇ ਪੇਂਡੂ ਸਮਾਜ ਵਿੱਚ ਪਸ਼ੂਆਂ ਦਾ ਅਹਿਮ ਸਥਾਨ ਰਿਹਾ ਹੈ। ਕਿਸਾਨੀ ਕਿੱਤਾ ਤਾਂ ਇਨ੍ਹਾਂ 'ਤੇ ਹੀ ਨਿਰਭਰ ਸੀ ? ਤੇ ਕਿਤੇ ਅੱਜ ਵੀ ਹੈ। ਇਸ ਨੂੰ ਪਸ਼ੂ ਧਨ ਕਿਹਾ ਜਾਂਦਾ ਹੈ। ਇਸ ਗੱਲ ਦੀ ਪੁਸ਼ਟੀ ਬੋਲੀਆਂ ਵਿੱਚ ਕੀਤੀ ਗਈ ਹੈ ਜੋ ਭੈਣ-ਭਰਾ ਦੀ ਆਪਸੀ ਗੱਲਬਾਤ ਰਾਹੀਂ ਹੁੰਦੀ ਹੈ :

ਵੀਰਾ ਵੇ ਮੁਰੱਬੇ ਵਾਲਿਆ/ਭੈਣਾਂ ਚੱਲੀਆਂ ਸੰਦੂਕੋਂ ਖਾਲੀ

ਭਰਾ ਬੇਵਸੀ ਜ਼ਾਹਿਰ ਕਰਦਾ ਹੈ:

ਮੇਰੇ ਬਲਦ ਹਾਰ ਗਏ ਭੈਣੇ/ਮਾਮਲਾ ਨਾ ਅਜੇ ਤਾਰਿਆ...।

ਲੋਕ-ਕਾਵਿ ਵਿੱਚ ਸਮਾਜਿਕ, ਰਾਜਨੀਤਕ ਤੇ ਧਾਰਮਿਕ ਪੱਖਾਂ ਤੋਂ ਵਗੈਰ ਆਰਥਿਕ ਪੱਖ ਨੂੰ ਵੀ ਉਜਾਗਰ ਕੀਤਾ ਗਿਆ ਹੈ। ਰਿਸ਼ਤਿਆਂ ਦੇ ਕੱਚ-ਸੱਚ ਨੂੰ ਵੀ ਬੇਝਿਜਕ ਬਿਆਨ ਕੀਤਾ ਗਿਆ ਹੈ:

ਵੀਰਾ ਮੱਝੀਆਂ ਦੇ ਸੰਗਲ ਫੜਾਵੇ
ਭਾਬੋ ਪਾਵੇ ਮੱਥੇ ਤਿਉੜੀਆਂ...।

ਕਿਸੇ ਅੱਖੜ ਜਾਂ ਦਲੇਰ ਭਰਜਾਈ ਨਾਲ ਜੋੜ ਕੇ ਨਿਮਾਣੇ ਜਿਹੇ ਕੱਟੇ ਨੂੰ ਵੀ ਇਸ ਬਹੁ ਰੰਗੇ ਕਾਵਿ ਵਿੱਚ ਮਾਣ ਦਿੱਤਾ ਗਿਆ ਹੈ। ਪੇਸ਼ਕਾਰੀ ਲਾਜਵਾਬ ਹੈ:

ਨੀਂ ਮੈਂ ਕੱਟੇ ਦੇ ਭੁਲੇਖੇ, ਛੜਾ ਜੇਠ ਕੁੱਟਤਾ
ਉੱਤੋਂ ਮੱਲ੍ਹਮ ਦੇ ਭੁਲੇਖੇ, ਨੀਂ ਮੈਂ ਲੂਣ ਭੁੱਕਤਾ...।

ਜ਼ਹਿਰੀਲੇ ਜੀਵ-ਜੰਤੂ ਵੀ ਇਸ ਕਾਵਿ ਵਿੱਚ ਮੇਲ੍ਹਦੇ ਫਿਰਦੇ ਹਨ। ਉਮਰ ਦੇ ਢਲਦੇ ਪਹਿਰ ਕੋਈ ਔਰਤ ਕਿਵੇਂ ਜਵਾਨੀ ਨੂੰ ਯਾਦ ਕਰਦਿਆਂ ਝੂਰਦੀ ਹੈ, ਉਹ ਭਾਵਨਾਵਾਂ ਵੀ ਵਿਅਕਤ ਕੀਤੀਆਂ ਗਈਆਂ ਹਨ ਜਿਨ੍ਹਾਂ ਵਿੱਚ ਸੱਪਣੀ ਵੀ ਚੇਤੇ ਰੱਖੀ ਗਈ ਹੈ:

ਜਦੋਂ ਜਵਾਨੀ ਦਾ ਜ਼ੋਰ ਸੀ ਵੇ ਜ਼ਾਲਮਾ
ਸੱਪਣੀ ਵਰਗੀ ਤੋਰ ਸੀ ਵੇ ਜ਼ਾਲਮਾ...।

ਨਾਗ ਨੂੰ ਵੀ ਅਣਗੌਲਿਆਂ ਨਹੀਂ ਕੀਤਾ ਗਿਆ:

ਮਾਂ ਮੇਰੀ ਨੇ ਕੁੜਤੀ ਦਿੱਤੀ/ ਕੁੜਤੀ ਨੂੰ ਲਾਈ ਜੇਬ
ਜੇਬ ਵਿੱਚ ਡੱਬੀ/ ਡੱਬੀ ਵਿੱਚ ਨਾਗ
ਨਾਗ ਤੋਂ ਮੈਂ ਬਚ ਗਈ/ ਕਿਸ ਗੱਭਰੂ ਦੇ ਭਾਗ...।

ਅਸ਼ਕੇ ਇਨ੍ਹਾਂ ਬੋਲਾਂ ਨੂੰ ਸਿਰਜਣ ਵਾਲੀਆਂ ਤੇ ਮੁੜ ਇਨ੍ਹਾਂ ਅਚੰਭਿਤ ਕਰਨ ਵਾਲੇ ਬੋਲਾਂ ਨੂੰ ਸੀਨਾ ਬਸੀਨਾ ਅੱਗੇ ਤੋਰਨ ਵਾਲਿਆਂ ਦੇ। ਲੁਕੇ-ਛਿਪੇ ਨਿੱਕੇ ਜਿਹੇ ਜ਼ਹਿਰੀ 'ਖੰਜ ਖਜੂਰੇ' ਨੂੰ ਵੀ ਅੱਲੜ੍ਹ ਜਿਹੀ ਕੁੜੀ ਦੇ ਲੜਾ ਦਿੱਤਾ ਹੈ ਜੋ ਮਾਂ ਨੂੰ ਦੁਹਾਈ ਪਾਉਂਦੀ ਹੈ:

ਟੁੱਟੀ ਮੰਜੀ ਵਾਣ ਪੁਰਾਣਾ/ ਪਹਿਲਾ ਈ ਪੈਰ ਧਰਿਆ ਨੀਂ ਮਾਂ
ਮੇਰੇ ਖੰਜਖਜੂਰਾ ਲੜਿਆ ਨੀਂ ਮਾਂ...।

ਲੋਕ ਗੀਤ ਕਿਸੇ ਅਥਾਹ ਸਮੁੰਦਰ ਦੇ ਨਿਆਈਂ ਹੈ। ਇਸ ਵਿੱਚ ਬੇਅੰਤ ਕਾਵਿ ਰੂਪੀ ਮੋਤੀ ਛੁਪੇ ਪਏ ਹਨ ਜੋ ਇਸ ਵਿੱਚ ਜ਼ਿਹਨੀ ਟੁੱਭੀਆਂ ਮਾਰਿਆਂ ਹੀ, ਲੱਭੇ ਜਾ ਸਕਦੇ ਹਨ। ਸੋਚਣ ਵਾਲੀ ਗੱਲ ਕਿ ਪਸ਼ੂ-ਪੰਛੀਆਂ ਨੂੰ ਆਧਾਰ ਬਣਾ ਕੇ ਐਨਾ ਖੂਬਸੂਰਤ ਤੇ ਭਾਵਪੂਰਤ ਕਾਵਿ ਸਿਰਜਿਆ ਹੈ ਤਾਂ ਮਨੁੱਖੀ ਜੀਵਨ ਨੂੰ ਲੈ ਕੇ ਕੀ ਮਾਅਰਕੇ ਮਾਰੇ ਗਏ ਹੋਣਗੇ ? ਇਹ ਤਾਂ ਇਸ ਨੂੰ ਪੜ੍ਹਿਆਂ-ਸੁਣਿਆਂ ਹੀ ਜਾਣਿਆ ਜਾ ਸਕਦਾ ਹੈ।







ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਗੁਰੂ ਨਾਨਕ ਦੇਵ ਜੀ

## (ਜੋਤੀ ਜੋਤਿ ਦਿਵਸ 'ਤੇ ਵਿਸ਼ੇਸ਼)

*ਸੰਨ 1497-1521 ਤੱਕ ਚਾਰ ਯਾਤਰਾਵਾਂ ਕੀਤੀਆਂ। ਜਿਸ ਵਿੱਚ ਦੂਰ ਦੁਰਾਡੇ ਦੇ ਖਿੱਤਿਆਂ ਦਾ ਭਰਮਣ ਕੀਤਾ। ਵਿਚਾਰ ਗੋਸ਼ਟੀਆਂ ਦਾ ਆਰੰਭ ਕੀਤਾ। ਧਰਮ ਸ਼ਾਸਤਰੀਆਂ, ਵਿਦਵਾਨ, ਪੰਡਤਾਂ, ਮੁੱਲਾਂ, ਸਿੱਧਾਂ ਨਾਥ ਯੋਗੀਆਂ, ਸੈਂਣ ਅਤੇ ਜਨਮਾਨੀਆਂ ਆਦਿ ਨਾਲ ਚਰਚਾਵਾਂ ਕੀਤੀਆਂ। ਕ੍ਰਮਵਾਰ ਪੂਰਬ, ਦੱਖਣ, ਉੱਤਰ ਅਤੇ ਪੱਛਮ ਵਿੱਚ 30,000 ਕਿਲੋਮੀਟਰ ਦੇ ਸਫ਼ਰ ਵਿੱਚ ਭਾਰਤ ਦੱਖਣੀ ਏਸ਼ੀਆ, ਤਿੱਬਤ ਅਤੇ ਅਰਬ ਦੇਸ਼ਾਂ ਦਾ ਪੈਂਡਾ ਤਹਿ ਕੀਤਾ। ਉਹਨਾਂ ਨਾਲ ਰਬਾਬੀ ਮਰਦਾਨਾ ਅਤੇ ਬਾਲਾ ਜੀ ਵੀ ਸਨ। ਵੇਈਂ ਨਦੀ ਤੋਂ ਉਹਨਾਂ ਦਾ ਪਹਿਲਾ ਉਪਦੇਸ਼ ਸੀ ਕਿ ਨਾ ਤਾਂ ਕੋਈ ਪੂਰਾ ਹਿੰਦੂ ਹੈ ਅਤੇ ਨਾ ਹੀ ਕੋਈ ਪੂਰਾ ਮੁਸਲਮਾਨ ਹੈ।*

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਆਗਮਨ ਸਮੇਂ ਭਾਵੇਂ ਹਿੰਦੁਸਤਾਨ ਦਾ ਬਹੁਤਾ ਹਿੱਸਾ ਮੁਸਲਮਾਨ ਰਾਜ ਹੇਠ ਸੀ ਪਰ ਅਸਲ ਵਿੱਚ ਸਾਰਾ ਦੇਸ਼ ਕਈ ਸੂਬਿਆਂ ਵਿੱਚ ਵੰਡਿਆ ਹੋਇਆ ਸੀ। ਸੂਬੇ ਆਪਣੀ ਥਾਂ ਖੁਦ ਮੁਖਤਿਆਰ ਸਨ। ਧਰਮ -ਯੁੱਧ ਬਹਾਨੇ ਦੂਸਰੇ ਧਰਮਾਂ ਵਿਰੁੱਧ ਅਤਿਆਚਾਰ ਅਤੇ ਜ਼ੁਲਮ ਢਾਹੇ ਜਾਂਦੇ ਸਨ। ਇਸ ਤਰਾਂ ਰਾਜਨੀਤਿਕ , ਭਾਈਚਾਰਕ ਤੇ ਧਾਰਮਿਕ ਹੱਕਾਂ ਦੇ ਪੱਖ ਤੋਂ ਹਿੰਦੂਆਂ ਦੀ ਦਸ਼ਾ ਬੜੀ ਭੈੜੀ ਸੀ। ਭਾਰਤ ਵਰਸ਼ ਵਹਿਮਾਂ ਭਰਮਾਂ ਤਅੱਸਬ ਵੈਰ ਵਿਰੋਧ ਦਾ ਸ਼ਿਕਾਰ ਸੀ। ਲੋਕ ਢਹਿੰਦੀ ਕਲਾ ਵੱਲ ਜਾ ਰਹੇ ਸਨ। ਰੋਜ਼ਾਨਾ ਜੀਵਨ ਵਿੱਚ ਨਿਘਾਰ ਆ ਚੁੱਕਾ ਸੀ। ਲੋਕ ਜ਼ੁਲਮ ਅਤੇ ਪਾਪ ਹੇਠ ਪਿਸ ਰਹੇ ਸਨ। ਉਹਨਾਂ ਦਾ ਕੋਈ ਰਹਿਬਰ ਨਹੀਂ ਸੀ। ਧਾਰਮਿਕ ਆਗੂ ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚ ਪਾ ਕੇ ਲੁੱਟ ਰਹੇ ਸਨ। ਰਾਜਨੀਤਿਕ ਲੋਟੂ ਟੋਲਾ ਵੀ ਹਾਵੀ ਸੀ। ਲੋਕ ਉਸ ਵੇਲੇ ਦੇ ਪ੍ਰਚਲਤ ਧਰਮਾਂ ਤੋਂ ਨਿਰਾਸ਼ ਸਨ। ਆਮ ਜਨਤਾ ਨੂੰ ਆਸ ਸੀ ਕਿ ਕੋਈ ਸੂਰਮਾ ਮੁਕਤੀ ਦਾਤਾ ਉਠੇਗਾ, ਜਿਹੜਾ ਦੱਬੇ ਕੁਚਲੇ ਲਿਤਾੜੇ ਮੰਦ ਭਾਗੇ ਲੋਕਾਂ ਮਨੁੱਖਤਾ ਦੇ ਵੈਰੀਆਂ ਤੋਂ ਛਡਾਏਗਾ। ਜੋ ਜਾਬਰ ਜਰਵਾਣਿਆਂ ਨੂੰ ਵੰਗਾਰੇਗਾ। ਉਹ ਮਹਾਨ ਸ਼ਖ਼ਸੀਅਤ ਗੁਰੂ ਨਾਨਕ ਦੇਵ ਸਾਹਿਬ ਜੀ ਹੀ ਤਾਂ ਸਨ, ਜਿਨ੍ਹਾਂ ਸਿੱਖ ਕੌਮ ਦੀ ਘਾੜਤ ਘੜੀ। ਜਿਨ੍ਹਾਂ ਸਿੱਖ ਧਰਮ ਦੀ ਨੀਂਹ ਰੱਖੀ। ਪੰਜਾਬ ਵਿੱਚ ਕੂੜ ਅਮਾਵਸ ਦੀ ਹਨੇਰੀ ਸੀ। ਤਦ ਹੀ ਗੁਰੂ ਸਾਹਿਬ ਭਾਈਚਾਰਕ ਧਾਰਮਿਕ ਤੇ ਰਾਜਸੀ ਜਬਰ ਦੇ ਦੇਸ਼ ਵਿੱਚ ਅਜ਼ਾਦੀ ਤੇ ਬਰਾਬਰੀ ਦਾ ਪੈਗੰਬਰ ਹੋ ਕੇ ਵਿਚਰੇ। ਈਰਖਾ ਅਤੇ ਪਾਟੋ ਧਾਪ ਦੇ ਸਮੇਂ ਅਮਨ ਤੇ ਮ੍ਰਿਤਤਾਈ ਦਾ ਸੁਨੇਹਾ ਲੈ ਕੇ ਆਏ। ਅਜਿਹੇ ਸੂਰਮਿਆਂ ਦੀ ਕੌਮ ਦੀ ਨੀਂਹ ਰੱਖੀ, ਜਿਸ ਨੇ ਜ਼ਾਲਮਾਂ ਦਾ ਨਾਸ ਕੀਤਾ। ਜਾਤ ਪਾਤ ਤੋਂ ਉਪਰ ਉੱਠ ਕੇ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ। ਪੰਦ੍ਰਵੀਂ ਸਦੀ ਵਿੱਚ ਕੱਤਕ ਦੀ ਪੂਰਨਮਾਸੀ 1469 ਵਿੱਚ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਆਗਮਨ ਪਿੰਡ ਰਾਇ ਭੋਇ ਦੀ ਤਲਵੰਡੀ ਜ਼ਿਲ੍ਹਾ ਸ਼ੇਖ਼ੂਪੁਰਾ ਪਾਕਿਸਤਾਨ, ਜਿਸ ਨੂੰ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ, ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਉਂ ਮਹਿਤਾ ਕਾਲੂ ਜੀ ਸੀ, ਜੋ ਲੇਖਾਕਾਰ ਦਾ ਕੰਮ ਕਰਦੇ ਸਨ। ਮਾਤਾ ਤ੍ਰਿਪਤਾ ਧਾਰਮਿਕ ਵਿਚਾਰਾਂ ਦੇ ਸਨ। ਆਪ ਜੀ ਤੋਂ ਪੰਜ ਸਾਲ ਵੱਡੀ ਭੈਣ ਬੇਬੇ ਨਾਨਕੀ ਜੀ ਸਨ। ਆਪ ਬਚਪਣ ਤੋਂ ਹੀ ਅਧਿਆਤਮਕ ਵਿਚਾਰਾਂ ਦੇ ਸਨ। ਡੂੰਘੇ ਚਿੰਤਕ ਅਤੇ ਤਰਕਸ਼ੀਲ ਸੋਚ ਦੇ ਮਾਲਕ ਸਨ। ਉਹਨਾਂ ਦੇ ਗਿਆਨ ਤੋਂ ਉਹਨਾਂ ਦੇ ਅਧਿਆਪਕ ਵੀ ਹੈਰਾਨ ਹੋਏ ਸਨ। 16 ਸਾਲ ਦੀ ਉਮਰ ਤਕ ਆਪ ਜੀ ਨੇ ਸੰਸਕ੍ਰਿਤ, ਫਾਰਸੀ ਅਤੇ ਹਿੰਦੀ ਦੇ ਨਾਲ ਧਾਰਮਿਕ ਗ੍ਰੰਥਾਂ ਦੀ ਭਾਸ਼ਾ ਵਿੱਚ ਮੁਹਾਰਤ ਹਾਸਲ ਕਰ ਲਈ ਸੀ। ਉਹਨਾਂ ਲਿਖਣਾ ਵੀ ਸ਼ੁਰੂ ਕਰ ਦਿੱਤਾ ਸੀ। ਦਫ਼ਤਰੀ ਕੰਮ ਕਾਜ ਵੀ ਸਿੱਖ ਲਿਆ ਸੀ। ਸੰਨ 1487 ਵਿੱਚ ਆਪ ਜੀ ਦਾ ਵਿਆਹ ਮਾਤਾ ਸੁਲੱਖਣੀ ਜੀ ਨਾਲ ਹੋਇਆ। ਆਪ ਦੇ ਦੋ ਸਪੁੱਤਰ ਸ੍ਰੀ ਚੰਦ ਅਤੇ ਲਖਣੀ ਚੰਦ ਸਨ। ਬਚਪਨ ਦੇ ਮਿੱਤਰ ਭਾਈ ਮਰਦਾਨਾ ਜੀ ਮੁਸਲਮਾਨ ਸਨ, ਉਹਨਾਂ ਨਾਲ ਪਰਵਾਰ ਸਮੇਤ ਸੁਲਤਾਨਪੁਰ ਲੋਧੀ ਚਲੇ ਗਏ ਸਨ। ਉਥੋਂ ਦੇ ਨਵਾਬ ਕੋਲ ਸਰਕਾਰੀ ਰਾਸ਼ਨ ਦਾ ਮੋਦੀਖਾਨਾ ਸੀ। ਆਪ ਜੀ ਨੇ ਉਸ ਕੋਲ ਮੋਦੀ ਦੀ ਨੌਕਰੀ ਕਰ ਲਈ। ਸਵੇਰ ਸ਼ਾਮ ਉਹਨਾਂ ਨੇ ਰਬਾਬੀ ਮਰਦਾਨਾ ਨਾਲ ਸ਼ਬਦ ਗਾਇਨ ਦਾ ਨਿਯਮ ਬਣਾ ਲਿਆ ਸੀ। ਗੁਰੂ ਸਾਹਿਬ ਜੀ ਨੇ 1497 ਵਿੱਚ ਵੇਈਂ ਨਦੀ 'ਤੇ ਇਸ਼ਨਾਨ ਕਰਦਿਆਂ, ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਜੀਵਨ ਦਾ ਅਗਲਾ ਪੜਾਅ ਸ਼ੁਰੂ ਕੀਤਾ। ਆਪਣੇ ਸਿੱਖੀ ਸਿੱਧਾਂਤ ਦਾ ਪ੍ਰਚਾਰ ਸਾਰੇ ਸੰਸਾਰ ਵਿੱਚ ਕੀਤਾ। ਸੰਨ 1497-1521 ਤਕ ਚਾਰ ਯਾਤਰਾਵਾਂ ਕੀਤੀਆਂ। ਜਿਸ ਵਿੱਚ ਦੂਰ ਦੁਰਾਡੇ ਦੇ ਖਿੱਤਿਆਂ ਦਾ ਭਰਮਣ ਕੀਤਾ। ਵਿਚਾਰ ਗੋਸ਼ਟੀਆਂ ਦਾ ਆਰੰਭ ਕੀਤਾ। ਧਰਮ ਸ਼ਾਸਤਰੀਆਂ, ਵਿਦਵਾਨ, ਪੰਡਤਾਂ, ਮੁੱਲਾਂ , ਸਿੱਧਾਂ ਨਾਥ ਯੋਗੀਆਂ, ਸੈਂਣ ਅਤੇ ਜਨਮਾਨੀਆਂ ਆਦਿ ਨਾਲ ਚਰਚਾਵਾਂ ਕੀਤੀਆਂ। ਕ੍ਰਮਵਾਰ ਪੂਰਬ, ਦੱਖਣ , ਉੱਤਰ ਅਤੇ ਪੱਛਮ ਵਿੱਚ 30,000 ਕਿਲੋਮੀਟਰ ਦੇ ਸਫ਼ਰ ਵਿੱਚ ਭਾਰਤ ਦੱਖਣੀ ਏਸ਼ੀਆ, ਤਿੱਬਤ ਅਤੇ ਅਰਬ ਦੇਸ਼ਾਂ ਦਾ ਪੈਂਡਾ ਤਹਿ ਕੀਤਾ। ਉਹਨਾਂ ਨਾਲ ਰਬਾਬੀ ਮਰਦਾਨਾ ਅਤੇ ਬਾਲਾ ਜੀ ਵੀ ਸਨ। ਵੇਈਂ ਨਦੀ ਤੋਂ ਉਹਨਾਂ ਦਾ ਪਹਿਲਾ ਉਪਦੇਸ਼ ਸੀ ਕਿ ਨਾ ਤਾਂ ਕੋਈ ਪੂਰਾ ਹਿੰਦੂ ਹੈ ਅਤੇ ਨਾ ਹੀ ਕੋਈ ਪੂਰਾ ਮੁਸਲਮਾਨ ਹੈ। ਨਿਖੇੜਵਿਆਂ ਵਿੱਚ ਦੋਨੋਂ ਦੁਬਿਧਾ ਵਿੱਚ ਹਨ। ਉਹਨਾਂ ਵਿਸ਼ਵ ਭਾਈਚਾਰੇ ਵਿੱਚ ਸਾਂਝੀਵਾਲਤਾ ਦਾ ਉਦੇਸ਼ ਦਿੱਤਾ। ਲੋਕਾਂ ਵਿੱਚ ਦੂਰੀਆਂ ਖਤਮ ਹੋਈਆਂ। ਗੁਰੂ ਸਾਹਿਬ ਜੀ ਦੇ ਦਸੇ ਸਰਬ ਸਾਂਝੇ ਮਾਰਗ 'ਤੇ ਚੱਲਣ ਲਈ ਵੱਡੀ ਗਿਣਤੀ ਵਿੱਚ ਹਿੰਦੂ ਮੁਸਲਮਾਨ ਵੀ ਗੁਰੂ ਜੀ ਦਾ ਉਪਦੇਸ਼ ਸਰਵਣ ਕਰਨ ਪੁੱਜਣ ਲੱਗੇ। ਗੁਰਾਂ ਨੇ ਕਿਹਾ ਕਿ ਹਰ ਇਨਸਾਨ ਪਹਿਲਾਂ ਇੱਕ ਇਨਸਾਨ ਹੈ? ਫਿਰ ਹਿੰਦੂ ਜਾਂ ਮੁਸਲਮਾਨ ਹੈ।

ਜਾਤ ਪਾਤ, ਛੂਤ ਛਾਤ ਨੂੰ ਖਤਮ ਕਰਨ ਲਈ ਉਹਨਾਂ ਨੇ ਸਾਂਝੇ ਗੁਰੂ ਕੇ ਲੰਗਰਾਂ ਦੀ ਪ੍ਰਥਾ ਚਲਾਈ। ਜਿਥੇ ਹਰ ਫਿਰਕੇ ਦੇ ਲੋਕ ਬਿਨਾਂ ਭੇਦਭਾਵ ਇੱਕ ਪੰਗਤ ਵਿੱਚ ਮਿਲ ਬੈਠ ਕੇ ਗੁਰੂ ਕਾ ਲੰਗਰ ਛਕਦੇ ਸਨ। ਗੁਰਾਂ ਨੇ ਕਿਹਾ ਕਿ ਜਾਤ ਪਾਤ ਦਾ ਵਿਤਕਰਾ ਇੱਕ ਸਮਾਜਿਕ ਬੁਰਾਈ ਹੈ। ਜੋ ਸਮਾਜ ਨੂੰ ਕਮਜ਼ੋਰ ਕਰਦੀ ਹੈ। ਉਹਨਾਂ ਸ਼ਾਹ ਸਰਪ ਨੂੰ ਦੱਸਿਆ ਕਿ ਜੋ ਇਨਸਾਨ ਨੂੰ ਪਿਆਰ ਕਰਦੇ ਹਨ, ਉਹ ਹੀ ਸੰਸਾਰ ਵਿੱਚ ਸਫਲ ਰਹਿੰਦੇ ਹਨ। ਗੁਰਾਂ ਨੇ ਗ੍ਰਹਿਸਥ ਜੀਵਨ ਨੂੰ ਵੱਡੀ ਪਹਿਲ ਦਿੱਤੀ। ਗ੍ਰਹਿਸਥ ਨੂੰ ਜੀਵਨ ਦਾ ਧੁਰਾ ਦੱਸਿਆ। ਗੁਰਾਂ ਨੇ ਤਿਆਗ ਦੇ ਮਾਰਗ ਨੂੰ ਰੱਦ ਕੀਤਾ। ਇਮਾਨਦਾਰ ਆਚਰਣ ਤੇ ਘਰੇਲੂ ਪਰਵਾਰਕ ਜੀਵਨ ਨੂੰ ਜੀਵਨ ਦਾ ਧੁਰਾ ਦੱਸਿਆ। ਗੁਰਾਂ ਨੇ ਤਿਆਗ ਦੇ ਮਾਰਗ ਨੂੰ ਰੱਦ ਕੀਤਾ। ਇਮਾਨਦਾਰ ਆਚਰਣ ਤੇ ਘਰੇਲੂ ਪਰਵਾਰਕ ਜੀਵਨ 'ਤੇ ਜੋਰ ਦਿੱਤਾ। ਉਹਨਾਂ ਯੋਗੀਆਂ ਨੂੰ ਕਿਹਾ ਕਿ ਉਹ ਘੋਰ ਤਪ ਤਿਆਗ ਤੋਂ ਨਿਕਲ ਕੇ ਲੋਕ ਭਲਾਈ ਦਾ ਕੰਮ ਕਰਨ। ਇਨਸਾਨ ਦੀ ਭਲਾਈ ਅਤੇ ਸਮਾਜਿਕ ਮਜ਼ਬੂਤੀ ਲਈ ਨਾਮ ਜਪੋ, ਕ੍ਰਿਤ ਕਰੋ ਤੇ ਵੰਡ ਦੇ ਛਕੋ। ਸੇਵਾ ਜੀਵਨ ਦਾ ਅਨਿੱਖੜਵਾਂ ਅੰਗ ਹੈ। ਗੁਰਾਂ ਨੇ ਬੇਗਰਜ਼ ਸੇਵਾ 'ਤੇ ਜੋਰ ਦਿੱਤਾ। ਸੇਵਾ ਨੂੰ ਜੀਵਨ ਮੁਕਤੀ ਨਾਲ ਜੋੜ ਦਿੱਤਾ। ਪਵਿੱਤਰ ਜੀਵਨ ਜਿਉਣ ਲਈ ਸੁਆਰਥ ਛੱਡੋ । ਭਾਣੇ ਵਿੱਚ ਰਹੋ। ਦਯਾਵਾਨ ਬਣੋ, ਦਾਨ ਕਰੋ। ਸੱਚ 'ਤੇ ਪਹਿਰਾ ਦੇਵੋ। ਰੱਬ ਇੱਕ ਹੈ ਉਸ ਦੀ ਰਜਾ ਵਿੱਚ ਰਹੋ। ਰੱਬ ਨਾਲ ਸਿੱਧਾ ਰਾਬਤਾ ਬਣਾਓ। ਕਿਸੇ ਵਿਚੋਲੇ ਜਾਂ ਝੂਠੇ ਕਰਮ ਕਾਂਡ ਦੀ ਰੱਬੀ ਦੀ ਪ੍ਰਾਪਤੀ ਵਿੱਚ ਕੋਈ ਲੋੜ ਨਹੀਂ ਹੈ।

ਵਹਿਮਾਂ ਭਰਮਾਂ ਦਾ ਖੰਡਨ ਕਰਕੇ ਗੁਰਾਂ ਨੇ ਉਪਦੇਸ਼ ਦਿੱਤਾ ਕਿ ਕੂੜ ਦੀ ਕੰਧ ਢਾਉਣ ਲਈ ਕੇਵਲ ਅਕਾਲ ਪੁਰਖ 'ਤੇ ਭਰੋਸਾ ਰੱਖੋ। ਅਕਾਲ ਪੁਰਖ ਦੀ ਉਸਤਤ ਕਰੋ, ਪਰਮਾਤਮਾ ਦੀ ਨਿਰੰਤਰ ਭਗਤੀ ਅਤੇ ਪਰਮਾਤਮਾ ਨੂੰ ਹਮੇਸ਼ਾ ਯਾਦ ਰੱਖੋ। ਗੁਰਾਂ ਨੇ ਮੁਗਲ ਸ਼ਾਸਕਾਂ ਦੀ ਧਰਮ ਤੰਤਰ ਦੀ ਨਿਖੇਧੀ ਕੀਤੀ। ਇਸਤਰੀ ਨੂੰ ਸਮਾਜ ਵਿੱਚ ਮਾਣ ਦੇਣ ਲਈ ਇਸਤਰੀ ਦਾ ਸਤਿਕਾਰ ਕਰੋ। ਇਸਤਰੀ ਹੀ ਹੈ ਜਿਸ ਨਾਲ ਜਗਤ ਦੀ ਉਤਪਤੀ ਹੁੰਦੀ ਹੈ, ਜਿਸ ਤੋਂ ਰਾਜੇ ਵੀ ਜਨਮ ਲੈਂਦੇ ਹਨ। ਉਹਨਾਂ ਨੂੰ ਮੰਦਾ ਆਖਣਾ ਠੀਕ ਨਹੀਂ 'ਸੋ ਕਿਉਂ ਮੰਦਾ ਆਖੀਐ ਜਿੱਤੁ ਜੰਮਹਿ ਰਾਜਾਨ॥'

ਗੁਰੂ ਨਾਨਕ ਦੇਵ ਜੀ ਦੀ ਸਾਰੀ ਸਿੱਖਿਆ ਦਾ ਮੰਤਵ ਸਮਾਜਿਕ ਸਾਵਾਂਪਣ, ਵਿਸ਼ਵ ਭਾਈਚਾਰਾ ਬਣਾਉਣਾ , ਫਿਰਕਾ ਪ੍ਰਸਤੀ ਨੂੰ ਤੋੜਨਾ, ਵਹਿਮਾਂ, ਭਰਮਾਂ ਨੂੰ ਦੂਰ ਕਰਕੇ ਹਿਰਦਾ ਸਾਫ਼ ਰੱਖਣਾ, ਗੁਰਾਂ ਦੇ ਉਪਦੇਸ਼ ਵਿੱਚ ਝੂਠੀਆਂ ਰੀਤ ਰਸਮਾਂ ਦੀ ਕੋਈ ਥਾਂ ਨਹੀਂ ਹੈ। ਉਹਨਾਂ ਦੇ ਧਰਮ ਸੰਕਲਪ ਵਿੱਚ ਲੋਕਾਂ ਦਾ ਰੱਬ ਵਿੱਚ ਵਿਸ਼ਵਾਸ ਜਗਾਉਣਾ ਹੈ। ਉਹਨਾਂ ਨੂੰ ਡੂੰਘੀ ਵਿਚਾਰ ਤੇ ਰੂਹਾਨੀਅਤ ਨਾਲ ਮਨੁੱਖਤਾ ਨੂੰ ਸੱਚ ਧਰਮ ਦਾ ਗਿਆਨ ਕਰਵਾਇਆ ਹੈ। ਆਤਮ ਨਿਰਭਰ ਅਤੇ ਸਵੈ ਮਾਣ ਦਾ ਜੀਵਨ ਜਿਉਣ ਦੇ ਯੋਗ ਬਣਾਇਆ ਹੈ। ਗਰੀਬ ਦੱਬੇ ਕੁਚਲੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਦੇ ਉਪਰਾਲੇ ਕੀਤੇ ਹਨ। ਉਹਨਾਂ ਦਾ ਉਪਦੇਸ਼ ਸਮੁੱਚੀ ਮਾਨਵਤਾ ਲਈ ਸਾਂਝਾ ਹੈ।

ਭਾਈ ਲਹਿਣਾ ਜੀ ਗੁਰੂ ਸਾਹਿਬ ਅਤੇ ਸੰਗਤ ਦੀ ਸੇਵਾ ਵਿੱਚ ਰਹੇ। ਗੁਰੂ ਸਾਹਿਬ ਜੀ ਨੇ ਉਹਨਾਂ ਦੀ ਅਣਥੱਕ ਸੇਵਾ ਤੋਂ ਪ੍ਰਸੰਨ ਹੋ ਕੇ ਭਾਈ ਲਹਿਣਾ ਜੀ ਨੂੰ ਅੰਗਦ ਦਾ ਨਾਉਂ ਦੇ ਕੇ ਸੰਨ 1539 ਵਿੱਚ ਸਿੱਖਾਂ ਦੇ ਦੂਸਰੇ ਗੁਰੂ ਥਾਪ ਦਿੱਤਾ।

ਗੁਰੂ ਨਾਨਕ ਸਾਹਿਬ ਜੀ ਦੀ ਬਾਣੀ 974 ਪਦੇ 19 ਰਾਗਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ। ਬਾਣੀ ਦੇ ਰੂਪ ਵਿੱਚ ਜਪੁਜੀ ਸਾਹਿਬ, ਆਸਾ ਦੀ ਵਾਰ, ਬਾਰਾਂ ਮਾਹ, ਸਿੱਧ ਗੋਸਟਿ ਅਤੇ ਦੱਖਣੀ ਉਂਕਾਰ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਬਾਅਦ ਸਿੱਖ ਗੁਰੂਆਂ ਨੇ ਆਪਣੀ ਪਵਿੱਤਰ ਬਾਣੀ ਦਰਜ ਕਰਵਾਉਂਦੇ ਹੋਏ। ਆਪਣੇ ਆਪ ਦੀ ਪਛਾਨ ਗੁਰੂ ਨਾਨਕ ਵਜੋਂ ਜਾਰੀ ਰੱਖੀ। ਇਸ ਤਰਾਂ ਸਾਰੇ ਗੁਰੂ ਸਾਹਿਬਾਨ ਨੇ ਗੁਰਬਾਣੀ ਦੇ ਗਿਆਨ ਨੂੰ ਹੋਰ ਪਰਪੱਕ ਅਤੇ ਪ੍ਰਚੰਡ ਕੀਤਾ। ਜੋ ਸੰਕਲਪ ਧਰਮ ਗੁਰੂ ਨਾਨਕ ਦੇਵ ਜੀ ਵੱਲੋਂ ਪ੍ਰਚਾਰਿਆ ਗਿਆ ਸੀ।

ਵੱਖ ਵੱਖ ਧਰਮਾਂ ਅਤੇ ਪ੍ਰੰਪਰਾਵਾਂ ਦੇ ਲੋਕ ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਸਤਿਗੁਰੂ ਨਾਨਕ, ਬਾਬਾ ਨਾਨਕ, ਨਾਨਕ ਸ਼ਾਹ ਫਕੀਰ, ਨਾਨਕ ਕਲੰਧਰ ਦੇ ਰੂਪ ਵਿੱਚ ਸਤਿਕਾਰ ਨਾਲ ਉਹਨਾਂ ਦੇ ਗੁਣ ਗਾਉਂਦੇ ਹਨ। ਉਹਨਾਂ ਦੀ ਸ਼ਖਸੀਅਤ ਦੇ ਗੁਣ ਨਹੀਂ ਗਾਏ ਜਾ ਸਕਦੇ, ਬੇਅੰਤ ਹਨ। "ਅਨੰਤ ਕਲਾ ਸੰਪੂਰਨ ਫਲਿਆ।"

ਜੋਤਿ ਜੋਤ : ਗੁਰੂ ਨਾਨਕ ਦੇਵ ਸਾਹਿਬ ਜੀ ਨੇ 1522 ਵਿੱਚ ਰਾਵੀ ਦੇ ਕੰਢੇ ਕਰਤਾਰਪੁਰ ਨਗਰ ਵਸਾਇਆ, ਪਿਛਲੀ ਉਮਰ ਦੇ 18 ਸਾਲ ਉਹ ਪਰਵਾਰ ਸਮੇਤ ਰਹੇ। ਉਹਨਾਂ ਕਿਰਸਾਨੀ ਜੀਵਨ ਬੜੀ ਮਿਹਨਤ ਅਤੇ ਇਮਾਨਦਾਰੀ ਨਾਲ ਗੁਜ਼ਾਰਿਆ। ਉਹ ਵਿਆਪਕ ਰੂਪ ਵਿੱਚ ਪ੍ਰਸਿੱਧ ਹੋ ਗਏ ਸਨ। ਉਹਨਾਂ ਨੇ ਮਨੁੱਖਤਾ ਨੂੰ ਪਿਆਰ ਦਾ ਮਾਰਗ ਦਰਸ਼ਨ ਦਿੱਤਾ। ਸਿੱਖ ਹਿੰਦੂ ਅਤੇ ਮੁਸਲਮਾਨਾਂ ਨੇ ਉਹਨਾਂ ਨੂੰ ਏਨਾ ਸਤਿਕਾਰ ਦਿੱਤਾ ਕਿ ਪੈਗੰਬਰ ਮਨ ਲਿਆ। ਉਹ ਸਾਰੇ ਸ਼ਰਧਾਲੂ ਦੂਰ ਦੂਰ ਤੋਂ ਗੁਰੂ ਸਾਹਿਬ ਜੀ ਦਾ ਉਪਦੇਸ਼ ਸਰਵਣ ਕਰਨ ਆਉਂਦੇ। ਉਹਨਾਂ ਧਰਮਸ਼ਾਲਾ ਦੇ ਨਾਲ ਲੰਗਰਾਂ ਦੀ ਪ੍ਰਥਾ ਨੂੰ ਬਕਾਇਦਾ ਪ੍ਰਚਲਤ ਕੀਤਾ। ਸੰਗਤਾਂ ਪੰਗਤ ਵਿੱਚ ਬੈਠ ਕੇ ਇਕੱਠੇ ਗੁਰੂ ਕੇ ਲੰਗਰ ਛਕਦੀਆਂ। ਗੁਰੂ ਸਾਹਿਬ ਜੀ ਦਾ ਪ੍ਰਚਾਰ ਘਰ ਘਰ ਹੋਣ ਲੱਗਾ। ਭਾਈ ਗੁਰਦਾਸ ਜੀ ਅਨੁਸਾਰ 'ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ'।

ਅਖੀਰ 22 ਸਤੰਬਰ 1539 ਦਿਨ ਸੋਮਵਾਰ ਗੁਰੂ ਸਾਹਿਬ ਜੋਤਿ ਜੋਤ ਸਮਾ ਗਏ। ਸਿੱਖ ਹਿੰਦੂ ਅਤੇ ਮੁਸਲਮਾਨ ਅੰਤਿਮ ਕਿਰਿਆ ਆਪਣੀ ਸ਼ਰਧਾ ਅਨੁਸਾਰ ਕਰਨਾ ਚਾਹੁੰਦੇ ਸਨ। ਇਸ ਲਈ ਹਿੰਦੂਆਂ ਵੱਲੋਂ ਸਮਾਧੀ ਯਾਦਗਾਰ ਬਣਾਈ ਗਈ। ਮੁਸਲਮਾਨਾਂ ਵੱਲੋਂ ਕਬਰ ਬਣਾਈ ਗਈ। ਪਾਕਿਸਤਾਨ ਪੰਜਾਬ ਰਾਵੀ ਦਰਿਆ ਦੇ ਪੱਛਮੀ ਕੰਢੇ 'ਕੋਠੇ' ਪਿੰਡ ਵਿੱਚ ਗੁਰਦੁਆਰਾ ਸੁਸੋਭਿਤ ਹੋਇਆ। ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਦੀ ਪਵਿੱਤਰ ਇਮਾਰਤ ਨੂੰ 1919 ਵਿੱਚ ਰਾਵੀ ਦਰਿਆ ਵਿੱਚ ਆਏ ਹੜ੍ਹਾਂ ਕਾਰਨ ਖਤਰਾ ਪੈਦਾ ਹੋ ਗਿਆ। ਸਿੱਖ ਸੰਗਤ ਦੇ ਸਹਿਯੋਗ ਸਦਕਾ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਨੇ ਇਮਾਰਤ ਦੀ ਤਿਆਰੀ ਲਈ ਸੇਵਾ ਕੀਤੀ ਅਤੇ ਰਾਵੀ ਤੇ ਕਰਤਾਰਪੁਰ ਵੱਲ ਬੰਨ ਬੰਨਿਆ।

9 ਨਵੰਬਰ 2019 ਦੇ ਸੁਭਾਗ ਦਿਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਗੁਰੂ ਨਾਨਕ ਦੇਵ ਜੀ ਦੇ ਮਾਨਵੀ ਸੰਦੇਸ਼ ਲਈ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਿਆ।



# ਮਹਾਤਮਾ ਬੁੱਧ ਦਾ ਧਰਮ ! ਡਾ. ਅੰਬੇਡਕਰ ਦਾ ਬੁੱਧ ਧਰਮ ! ਤੇ ਮੋਦੀ ਦਾ ਸਨਾਤਨੀ ਧਰਮ !



ਗੁਰਬਚਨ ਸਿੰਘ

ਅੱਜ ਤੋਂ ਢਾਈ ਹਜ਼ਾਰ ਸਾਲ ਪਹਿਲਾਂ ਬੁੱਧ ਨੇ ਛੇ ਸਾਲ ਦੀ ਕਠਿਨ ਤਪਸਿਆ ਤੇ ਸਾਧਨਾਂ ਤੋਂ ਬਾਅਦ ਪ੍ਰਾਪਤ ਹੋਏ ਆਪਣੇ ਅਨੁਭਵੀ (ਆਤਮਿਕ) ਗਿਆਨ ਨੂੰ ਵੰਡਣ ਲਈ 45 ਸਾਲ ਉਸ ਦਾ ਪ੍ਰਚਾਰ ਕੀਤਾ। ਬਾਅਦ ਵਿੱਚ ਹੋਏ ਅਨੇਕ ਮਹਾਂਪੁਰਖਾਂ ਨੇ ਆਪਣੀ ਜ਼ਿੰਦਗੀ ਦੇ ਅਨੁਭਵ ਵਿਚੋਂ ਇਸ ਗਿਆਨ ਦੀ ਪੁਸ਼ਟੀ ਕੀਤੀ। ਦਸ ਗੁਰੂ ਸਾਹਿਬਾਨ ਤੇ ਮਹਾਨ ਭਗਤਾਂ ਨੇ ਗੁਰਮਤਿ ਦੇ ਰੂਪ ਵਿੱਚ ਇਸ ਗਿਆਨ ਨੂੰ ਹੋਰ ਪੁਸ਼ਟ ਕੀਤਾ ਤੇ ਇਸ ਨੂੰ ਨਵਿਆ ਕੇ ਅੱਗੇ ਤੋਰਿਆ।

ਰਾਜ ਭਾਗ ਤੇ ਐਸ਼ਵਰਜ ਦਾ ਪੂਰਨ ਤਿਆਗ ਕਰ ਕੇ ਸਿਧਾਰਥ ਨੇ ਆਪਣੇ ਸ਼ਾਹੀ ਬਸਤਰ ਲਾਹ ਕੇ ਇੱਕ ਮੰਗਤੇ ਨੂੰ ਦੇ ਦਿੱਤੇ ਤੇ ਆਪ ਉਸ ਦੀ ਗੋਦੜੀ ਪਹਿਨ ਲਈ। ਅਨੋਮਾ ਨਦੀ ਪਾਰ ਕਰ ਕੇ ਸਿਧਾਰਥ ਗੌਤਮ ਨੇ ਸੱਤ ਦਿਨ ਇੱਕ ਅੰਬਾਂ ਦੀ ਝਿੜੀ ਵਿੱਚ ਕੱਟੇ। ਇਥੋਂ ਤੁਰ ਕੇ ਗੌਤਮ ਮਗਧ ਦੇਸ ਦੇ ਮਹਾਂਬਲੀ ਰਾਜਾ ਬਿੰਬਸਾਰ ਦੀ ਰਾਜਧਾਨੀ ਰਾਜਗ੍ਰਹਿ ਨਗਰ ਵਿੱਚ ਆਇਆ। ਗੌਤਮ ਦੀ ਸੁੰਦਰ ਨੁਹਾਰ ਤੇ ਸਾਤਵਿਕ ਸੁਭਾਅ ਤੋਂ ਬਿੰਬਸਾਰ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨੂੰ ਰਾਜਗੁਰੂ ਬਣ ਕੇ ਰਾਜਗ੍ਰਹਿ ਵਿੱਚ ਟਿਕਣ ਲਈ ਕਿਹਾ ਪਰ ਨਿਰਵਾਣ ਪ੍ਰਾਪਤੀ ਲਈ ਘਰੋਂ ਨਿਕਲੇ ਗੌਤਮ ਨੇ ਇਹ ਪਦਵੀ ਸਵੀਕਾਰ ਨਾ ਕੀਤੀ।

ਨੇੜੇ ਹੀ ਪਰਬਤ ਦੀ ਇਕ ਗੁਫਾ ਵਿੱਚ ਇੱਕ ਨਿਆਇ ਸ਼ਾਸਤਰ ਦਾ ਮਹਾਨ ਵਿਦਵਾਨ ਬ੍ਰਾਹਮਣ ਆਲਾਰ ਕਲੰਛ ਰਹਿੰਦਾ ਸੀ। ਉਸ ਨੂੰ ਗੁਰੂ ਧਾਰਨ ਕਰ ਕੇ ਗੌਤਮ ਉਸ ਕੋਲੋ ਵਿਦਿਆ ਪੜ੍ਹਨ ਲਗਾ। ਨਿਆਇ ਸ਼ਾਸਤਰ ਦਾ ਗਿਆਨ ਪ੍ਰਾਪਤ ਕਰ ਕੇ ਗੌਤਮ ਇੱਕ ਹੋਰ ਉਦ੍ਰਕ ਨਾਮੀ ਵਿਦਵਾਨ ਪੰਡਿਤ ਕੋਲੋ ਸਾਂਖ ਸ਼ਾਸਤਰ ਪੜ੍ਹਨ ਲਗਾ, ਪਰ ਦਰਸ਼ਨ ਵਿਦਿਆ ਦੇ ਅਧਿਐਨ ਨਾਲ ਗੌਤਮ ਦੀ ਸ਼ੰਕਾ ਨਵਿਰਤ ਨਾ ਹੋਈ। ਜਿਸ ਪਰਮਾਨੰਦ ਨਿਰਵਾਣ ਦੀ ਪ੍ਰਾਪਤੀ ਲਈ ਉਸ ਨੇ ਰਾਜਭਾਗ ਤਿਆਗਿਆ ਸੀ, ਉਸ ਦੀ ਪ੍ਰਾਪਤੀ ਨਾ ਹੋਈ।

ਉਥੋਂ ਚਲ ਕੇ ਗੌਤਮ ਵਿੰਧਿਆਚਲ ਦੀ ਉੱਤਰੀ ਨੁੱਕਰ ਵਿੱਚ ਸਥਿਤ ਬੜੇ ਸੁਹਾਵਣੇ ਉਰਵੇਲ ਨਾਮੀ ਬਣ ਵਿੱਚ ਪੁੱਜਾ। ਬਣ ਵਿੱਚ ਇਕ ਸਾਫ ਤੇ ਸੀਤਲ ਜਲ ਦੀ ਨਦੀ ਵਗਦੀ ਸੀ। ਇਥੇ ਟਿਕ ਕੇ ਗੌਤਮ ਨੇ ਘੋਰ ਤਪ ਤੇ ਕਠਿਨ ਸਾਧਨਾ ਕੀਤੀ। ਉਸ ਸਮੇਂ ਪੰਜ ਚੇਲੇ ਉਸ ਦੇ ਨਾਲ ਸਨ। ਉਸ ਨੇ ਇਥੇ ਛੇ ਸਾਲ ਕਠਿਨ ਤਪ ਤੇ ਸਾਧਨਾ ਕੀਤੀ। ਗੌਤਮ ਦੀ ਤਪਸਿਆ ਦੀ ਕੀਰਤੀ ਦੂਰ ਦੂਰ ਤਕ ਪਸਰ ਗਈ। ਸਮਾਂ ਪਾ ਕੇ ਗੌਤਮ ਬੁੱਧ ਦਾ ਸਰੀਰ ਤਪਾ ਬਰਤਾਂ ਨਾਲ ਏਨਾ ਨਿਰਬਲ ਹੋ ਗਿਆ ਕਿ ਉਹ ਆਪਣੀ ਕਿਰਿਆ ਸਾਧਣ ਤੋਂ ਵੀ ਅਸਮਰਥ ਹੋ ਗਿਆ। ਇਕ ਦਿਨ ਉਹ ਬੇਸੁਧ ਹੋ ਕੇ ਡਿਗ ਪਿਆ। ਪੰਜੇ ਚੇਲੇ ਗੌਤਮ ਤੋਂ ਦੂਰ ਬੈਠੇ ਆਪਣੇ ਤਪੱਸਵੀ ਗੁਰੂ ਬਾਰੇ ਸੋਚ ਰਹੇ ਸਨ ਕਿ ਹੁਣ ਗੌਤਮ ਨੂੰ ਇਸ ਮਹਾਨ ਤਪਸਿਆ ਦੇ ਫਲਸਰੂਪ ਅਨੇਕ ਰਿੱਧੀਆਂ ਸਿੱਧੀਆਂ ਦੀ ਪ੍ਰਾਪਤੀ ਹੋਵੇਗੀ।

ਇੱਕ ਲਾਗਲੀ ਪਹਾੜੀ ਉੱਤੇ ਦੇਵੀ ਦੇ ਮੰਦਰ ਪੂਜਾ ਕਰਨ ਜਾਂਦੇ ਕੁਝ ਨ੍ਰਿਤ ਕਾਰ ਉਥੋਂ ਲੰਘੇ। ਇਨ੍ਹਾਂ ਨ੍ਰਿਤ ਕਾਰਾਂ ਵਿੱਚ ਇੱਕ ਨਾਚੀ ਕੁੜੀ ਦੋਤਾਰੇ ਦੀ ਲੈਅ ਉੱਤੇ ਗਾਂਦੀ ਤੁਰੀ ਜਾ ਰਹੀ ਸੀ। ਦੋਤਾਰੇ ਦੇ ਮਧੁਰ ਸੰਗੀਤ ਤੇ ਗੀਤ ਦੇ ਬੋਲਾਂ ਨਾਲ ਗੌਤਮ ਦੀ ਹੋਸ਼ ਪਰਤ ਆਈ। ਉਸ ਨੇ ਸੋਚਿਆ ਕਿ ਇਹ ਨਾਚੀ ਕੁੜੀ ਸੱਚ ਹੀ ਤਾਂ ਕਹਿੰਦੀ ਹੈ। ਜੇ ਤਾਰਾਂ ਨੂੰ ਢਿੱਲਾ ਛੱਡ ਦਈਏ ਤਾਂ ਵੀ ਇਨ੍ਹਾਂ ਵਿਚੋਂ ਸੰਗੀਤ ਪੈਦਾ ਨਹੀਂ ਹੁੰਦਾ ਅਤੇ ਜੇ ਇਨ੍ਹਾਂ ਨੂੰ ਬਹੁਤਾ ਕਸ ਦਈਏ ਤਾਂ ਵੀ ਇਨ੍ਹਾਂ ਵਿਚੋਂ ਸੰਗੀਤ ਨਹੀਂ ਨਿਕਲਦਾ।

ਇਹੀ ਦ੍ਰਿਸ਼ਟਾਂਤ ਮਨੁੱਖੀ ਸਰੀਰ ਦਾ ਹੈ। ਇਉਂ ਵਿਚਾਰ ਕੇ ਗੌਤਮ ਉਠ ਖੜ੍ਹਾ ਹੋਇਆ। ਉਸ ਨੇ ਇਕ ਪਿੱਪਲ ਦੇ ਬਿਰਖ ਦੀਆਂ ਪੱਕੀਆਂ ਗੋਹਲਾਂ ਤੋੜ ਕੇ ਖਾ ਲਈਆਂ। ਗੌਤਮ ਨੂੰ ਗੋਹਲਾਂ ਖਾਂਦਿਆਂ ਵੇਖ ਕੇ ਪੰਜੇ ਚੇਲਿਆਂ ਨੇ ਜਾਤਾ ਕਿ ਉਹ ਤਪੱਸਵੀ ਦੀ ਪਦਵੀ ਤੋਂ ਪਤਿਤ ਹੋ ਗਿਆ ਹੈ। ਇਸ ਲਈ ਬਿਨਾਂ ਉਸ ਨੂੰ ਦਸਿਆ ਉਹ ਉਰਵੇਲ ਬਣ ਤਿਆਗ ਕੇ ਬਨਾਰਸ ਵਲ ਚਲੇ ਗਏ।

ਇਹ ਦਿਨ ਸੀ ਜਦੋਂ ਗੌਤਮ ਬੁੱਧ ਆਪਣੇ ਨਿਜੀ ਰੂਪ ਵਿੱਚ ਲੀਨ ਹੋ ਗਏ। ਬੋਧੀ ਇਸ ਦਿਨ ਨੂੰ ਮਹਾਂ ਪਰਿਨਿਰਵਾਣ ਦਿਵਸ ਕਹਿੰਦੇ ਹਨ। ਇਸ ਦਿਨ ਗੌਤਮ ਨੇ ਮਨ-ਹਠ ਤਿਆਗ ਕੇ ਸਹਿਜ ਜੀਵਨ ਪ੍ਰਾਪਤ ਕੀਤਾ। ਉਸ ਨੂੰ ਸੋਝੀ ਹੋਈ ਕਿ ਜੇ ਨਿਰਵਾਣ ਜਿਉਂਦੇ ਜੀਅ ਪ੍ਰਾਪਤ ਕਰਨਾ ਹੈ ਤਾਂ ਜਿਉਂਦੇ ਰਹਿਣ ਲਈ ਸਰੀਰ ਦੀਆਂ ਸੀਮਤ ਕੁਦਰਤੀ ਲੋੜਾਂ ਦੀ ਪੂਰਤੀ ਜਰੂਰੀ ਹੈ।

ਕੁਟੀਆ ਵਿਚੋਂ ਨਿਕਲ ਕੇ ਗੌਤਮ ਹੌਲੀ ਹੌਲੀ ਨਿਰੰਜਰਾ ਨਦੀ ਵਲ ਤੁਰ ਪਿਆ। ਨਦੀ ਦੇ ਕੰਢੇ ਇੱਕ ਪਿੱਪਲ ਦੇ ਬ੍ਰਿਛ ਹੇਠ ਆ ਕੇ ਉਹ ਬੈਠ ਗਿਆ। ਇਹ ਓਹੀ ਬ੍ਰਿਛ ਹੈ ਜਿਸ ਦੀ ਹਜ਼ਾਰਾਂ ਸਾਲਾਂ ਤੋਂ ਸੰਸਾਰ ਭਰ ਵਿੱਚ ਪੂਜਾ ਹੁੰਦੀ ਆ ਰਹੀ ਹੈ। ਗੌਤਮ ਅਜੇ ਪਿੱਪਲ ਹੇਠ ਆ ਕੇ ਬੈਠਾ ਹੀ ਸੀ ਕਿ ਇਕ ਧੰਨਵਾਦ ਗਵਾਲੇ ਦੀ ਸੁੰਦਰ ਪਤਨੀ ਸੁਜਾਗਾ ਆਈ ਅਤੇ ਘੋਰ ਤਪਸਿਆ ਨਾਲ ਸੁੱਕ ਕੇ ਖੁੰਢ ਹੋਏ ਸਰੀਰ ਵਾਲੇ ਗੌਤਮ ਨੂੰ ਵੇਖ ਕੇ ਉਸ ਨੂੰ ਖੀਰ ਦਾ ਇਕ ਕਟੋਰਾ ਪੇਸ਼ ਕੀਤਾ। ਗੌਤਮ ਨੇ ਉਹ ਕਟੋਰਾ ਪਕੜ ਲਿਆ ਤੇ ਚੁੱਪਚਾਪ ਹੌਲੀ ਹੌਲੀ ਖੀਰ ਖਾ ਕੇ ਕਟੋਰਾ ਸੁਜਾਗਾ ਨੂੰ ਵਾਪਸ ਮੋੜ ਦਿੱਤਾ। ਖੀਰ ਖਾ ਕੇ ਗੌਤਮ ਦੇ ਸਰੀਰ ਵਿੱਚ ਸਤਿਆ ਪਰਤ ਆਈ।

ਉਹ ਪਦਮ ਆਸਣ ਲਾ ਕੇ ਉਥੇ ਹੀ ਬੈਠ ਗਿਆ। ਉਸ ਨੇ ਪ੍ਰਤਿਗਿਆ ਕੀਤੀ ਕਿ ਨਿਰਵਾਣ ਪ੍ਰਾਪਤੀ ਤੋਂ ਬਿਨਾਂ ਇਥੋਂ ਉੱਠਣਾ ਨਹੀਂ। ਜਦੋਂ ਸਾਰਾ ਦਿਨ ਤੇ ਅੱਧੀ ਰਾਤ ਗੌਤਮ ਨੂੰ ਬੈਠਿਆ ਬੀਤ ਗਈ, ਤਾਂ ਬੋਧਾਂ ਦੀਆਂ ਧਰਮ ਪੁਸਤਕਾਂ ਵਿੱਚ ਲਿਖਿਆ ਹੋਇਆ ਹੈ ਕਿ ਅਸੁਰੀ ਸ਼ਕਤੀਆਂ ਦਾ ਮਾਲਕ ਗੌਤਮ ਕੋਲ ਆਇਆ ਅਤੇ ਉਸ ਨੂੰ ਕਿਹਾ ਕਿ ਉਹ ਸਾਰੀ ਧਰਤੀ ਦਾ ਚਕਰਵਰਤੀ ਰਾਜਾ ਬਣਨਾ ਪ੍ਰਵਾਨ ਕਰ ਲਵੇ ਪਰ ਬੋਧੀ ਗਿਆਨ ਦੀ ਪ੍ਰਤਿਗਿਆ ਛੱਡ ਦੇਵੇ। ਗੌਤਮ ਇਸ ਲਈ ਤਿਆਰ ਨਾ ਹੋਇਆ। ਉਹ ਗਿਆਨ ਦੀ ਪ੍ਰਾਪਤੀ ਲਈ ਆਪਣੇ ਧਿਆਨ ਵਿੱਚ ਮਗਨ ਬੈਠਾ ਰਿਹਾ। ਰਾਤ ਦੇ ਤੀਜੇ ਪਹਿਰ ਗੌਤਮ ਦੀ ਬੁੱਧ ਪ੍ਰਕਾਸ਼ਿਤ ਹੋ ਗਈ। ਉਸ ਦੇ ਸਭ ਭਰਮ ਭੁਲੇਖੇ ਨਵਿਰਤ ਹੋ ਗਏ। ਉਸ ਨੂੰ ਸੋਝੀ ਹੋ ਆਈ ਕਿ ਜਨਮ ਮਰਨ, ਆਵਾਗਵਣ ਤੇ ਮਨੁੱਖੀ ਦੁੱਖ ਦਾ ਕਾਰਨ ਕੀ ਹੈ।

ਬੋਧਾਂ ਦੇ ਧਰਮ ਗ੍ਰੰਥ ਦੱਸਦੇ ਹਨ ਕਿ ਇਸ ਗਿਆਨ ਦੀ ਪ੍ਰਾਪਤੀ ਪਿਛੋਂ ਗੌਤਮ ਦੇ ਮਨ ਵਿੱਚ ਦੁਵਿਧਾ ਪੈਦਾ ਹੋਈ ਕਿ ਉਹ ਇਸ ਗਿਆਨ ਦੀ ਸੋਝੀ ਪਾ ਕੇ ਆਪ ਸਦਾ ਸਥਿਰ ਦੁਖ ਰਹਿਤ ਨਿਰਵਾਣ ਦਸ਼ਾ ਵਿੱਚ ਲੀਨ ਹੋ ਜਾਵੇ ਜਾਂ ਇਸ ਗਿਆਨ ਦਾ ਪ੍ਰਚਾਰ ਸੰਸਾਰ ਭਰ ਵਿੱਚ ਕਰੇ। ਬੋਧੀ ਧਰਮ ਗ੍ਰੰਥਾਂ ਅਨੁਸਾਰ ਫਿਰ ਅਸੁਰੀ ਸ਼ਕਤੀਆਂ ਦਾ ਮਾਲਕ ਪ੍ਰਗਟ ਹੋਇਆ ਤੇ ਉਸ ਨੇ ਬੜੇ ਲਾਲਚ ਗੌਤਮ ਨੂੰ ਦਿੱਤੇ ਕਿ ਉਹ ਇਸ ਗਿਆਨ ਨੂੰ ਪ੍ਰਾਪਤ ਕਰ ਕੇ ਹੁਣ ਆਪ ਨਿਰਵਾਣ ਵਿੱਚ ਸਮਾਅ ਜਾਵੇ ਤੇ ਇਸ ਦਾ ਪ੍ਰਚਾਰ ਨਾ ਕਰੇ। ਪਰ ਗੌਤਮ ਕਿਸੇ ਭੈਅ ਲਾਲਚ ਵਿੱਚ ਨਾ ਆਇਆ ਅਤੇ ਧਰਮ ਦਾ ਪ੍ਰਚਾਰ ਸੰਸਾਰ ਦੇ ਕਲਿਆਣ ਹਿਤ ਕਰਨ ਦੇ ਆਪਣੇ ਨਿਸ਼ਚੇ ਉੱਤੇ ਦ੍ਰਿੜ ਰਿਹਾ। ਇਹੀ ਉਹ ਵੇਲਾ ਸੀ ਜਦੋਂ ਗੌਤਮ ਨੂੰ ਬੁੱਧ ਦੀ ਪ੍ਰਾਪਤੀ ਹੋਈ। ਉਸ ਨੇ ਅਸੁਰੀ ਸ਼ਕਤੀਆਂ ਨੂੰ ਸਦਾ ਲਈ ਹਰਾ ਦਿੱਤਾ।

ਬੁੱਧ ਸਾਰਨਾਥ ਦੇ ਤਪੋਬਨ ਵਿੱਚ ਹੀ ਟਿਕ ਗਏ ਅਤੇ ਧਰਮ ਦਾ ਪ੍ਰਚਾਰ ਕਰਨ ਲਗੇ। ਬੁੱਧ ਨੇ ਸਾਰੇ ਭਿਖਸ਼ੂਆਂ ਨੂੰ ਆਪਣੇ ਕੋਲ ਬੁਲਾਇਆ ਤੇ ਬਚਨ ਕੀਤਾ : "ਮੈਂ ਪੰਜ ਰੋਗਾਂ : ਕਾਮ ਕ੍ਰੋਧ ਲੋਭ ਮੋਹ ਹੰਕਾਰ ਤੋਂ ਰਹਿਤ ਹੋਇਆ ਹਾਂ। ਤੁਸੀਂ ਵੀ ਧਰਮ ਉਪਦੇਸ਼ ਗ੍ਰਹਿਣ ਕਰ ਕੇ ਪੰਜ ਰੋਗਾਂ ਤੋਂ ਮੁਕਤ ਹੋਏ ਹੋ। ਇਨ੍ਹਾਂ ਪੰਜ ਰੋਗਾਂ ਦੇ ਜਾਲ ਵਿੱਚ ਮਨੁੱਖ ਤੇ ਦੇਵਤੇ ਸਭ ਫਸੇ ਹੋਏ ਹਨ। ਭਾਈਓ! ਜਾਓ! ਸਰਬਤ ਦੇ ਭਲੇ ਲਈ ਦਇਆਵਾਨ ਹੋ ਕੇ ਧਰਮ ਦਾ ਪ੍ਰਚਾਰ ਕਰੋ। ਧਰਮ, ਜਿਹੜਾ ਕਿ ਆਦਿ ਮੱਧ ਅਤੇ ਅੰਤ ਵਿੱਚ ਸੁਖਦਾਈ ਹੈ। ਸ਼ੁੱਧ ਆਚਾਰ ਤੇ ਪੂਰਨ ਜੀਵਨ ਜਾਚ ਦਾ ਪ੍ਰਚਾਰ ਕਰੋ। ਕਾਮਨਾਵਾਂ (ਇੱਛਾਵਾਂ) ਦੀ ਅਗਨੀ ਨਾਲ ਮਨੁੱਖ ਦਾ ਸਰੀਰ ਤੇ ਮਨ ਬਲ ਰਹੇ ਹਨ। ਤ੍ਰਿਸ਼ਨਾ ਦੀ ਇਸ ਅਗਨੀ ਤੋਂ ਸਰੀਰ ਤੇ ਮਨ ਦਾ ਬਚਾਅ ਕਰਨਾ ਹੀ ਪਰਮ ਧਰਮ ਹੈ। ਕਰਮ ਕਾਂਡ, ਯੱਗ, ਹਵਨ ਮੁਕਤੀ ਦਾ ਮਾਰਗ ਨਹੀਂ ਹਨ। ਨਿਰਵਾਣ ਦੀ ਪ੍ਰਾਪਤੀ ਮਨ ਦੀ ਸ਼ੁਧੀ ਨਾਲ ਹੁੰਦੀ ਹੈ। ਮਨ ਸਾਧੇ ਸਿਧਿ ਹੋਇ॥

ਤਥਾਗਤ ਬੁੱਧ ਨੇ ਮਨੁੱਖੀ ਦੁੱਖ ਦੇ ਤਿੰਨ ਕਾਰਨ ਦਸੇ ਹਨ : 1. (ਆਪਣੀ ਨਾਸ਼ਵਾਨਤਾ ਪ੍ਰਤੀ) ਅਗਿਆਨਤਾ। 2. ਤ੍ਰਿਸ਼ਨਾ (ਆਪਣੀਆਂ ਸੀਮਤ ਲੋੜਾਂ ਤੋਂ ਵਧੇਰੇ ਦੀਆਂ ਇੱਛਾਵਾਂ ਦੀ ਪੂਰਤੀ ਲਈ ਭੱਜ-ਦੌੜ) ਤੇ 3. ਨਿੱਜੀ ਜਾਇਦਾਦ ਦੀ ਹੋਂਦ ਤੇ ਸੋਚ। ਇਸ ਆਤਮਿਕ ਗਿਆਨ ਤੋਂ ਵਿਹੂਣਾ ਅਜੋਕਾ ਮਨੁੱਖ ਸਾਮਰਾਜੀ ਖਪਤਕਾਰ ਦੀ ਹਵਸ ਅਧੀਨ ਅਸਹਿ ਤੇ ਅਕਹਿ ਕਸ਼ਟ ਭੋਗ ਰਿਹਾ ਹੈ।

ਗੁਰਮਤਿ ਨੇ ਬੁੱਧ ਧਰਮ ਦੀ ਆਤਮਾ ਨੂੰ ਇੱਕ ਮਹਾਂਵਾਕ ਵਿੱਚ ਸਪਸ਼ਟ ਕੀਤਾ ਹੈ : ਤ੍ਰਿਸ਼ਨਾ ਅਗਨਿ ਜਲੈ ਸੰਸਾਰਾ॥ (ਪੰਨਾ...)

ਬਾਬਾ ਸਾਹਿਬ ਡਾ. ਅੰਬੇਡਕਰ ਨੇ ਜਦੋਂ ਜਾਤਪਾਤ ਵਿੱਚ ਗ੍ਰਸੇ 'ਹਿੰਦੂ ਧਰਮ' ਨੂੰ ਤਿਆਗਣ ਦਾ ਫੈਸਲਾ ਕੀਤਾ ਤਾਂ ਉਨ੍ਹਾਂ ਨੇ ਧਰਮ ਦੀ ਆਤਮਾ ਦੀ ਖੋਜ ਕਰਨ ਦੀ ਬਜਾਇ ਧਰਮ ਸ਼ਬਦ ਨੂੰ ਹੀ ਆਪਣੇ ਵਿਕਸਿਤ ਕੀਤੇ ਤਰਕ ਦੀ ਸਾਣ ਉੱਤੇ ਲਾ ਕੇ ਪਰਖਣ ਦਾ ਯਤਨ ਕੀਤਾ। ਦਿਲਚਸਪ ਗੱਲ ਇਹ ਹੈ ਕਿ ਉਨ੍ਹਾਂ ਨੇ ਹਜ਼ਾਰਾਂ ਸਾਲਾਂ ਤੋਂ ਚਲੇ ਆ ਰਹੇ ਤਥਾਗਤ ਬੁੱਧ ਦੇ ਸਨਿਆਸ ਲੈਣ ਦੇ ਮੁੱਢਲ ਤਰਕ ਨੂੰ ਹੀ ਬਦਲ ਦਿੱਤਾ। ਡਾ. ਅੰਬੇਡਕਰ ਦੇ ਕਥਨ ਅਨੁਸਾਰ "ਇਹ ਕਿਵੇਂ ਸੰਭਵ ਹੋ ਸਕਦਾ ਹੈ ਕਿ 29 ਵਰ੍ਹਿਆਂ ਦੀ ਉਮਰ ਤਕ ਸਿਧਾਰਥ ਨੇ ਇਕ ਬੁੱਢੇ ਆਦਮੀ, ਇਕ ਰੋਗੀ ਤੇ ਇਕ ਮੁਰਦੇ ਨੂੰ ਵੇਖਿਆ ਹੀ ਨਾ ਹੋਵੇ ? ਇਹ ਜੀਵਨ ਦੀਆਂ ਅਜਿਹੀਆਂ ਘਟਨਾਵਾਂ ਹਨ ਜੋ ਹਰ ਰੋਜ ਸੈਂਕੜੇ ਹਜ਼ਾਰਾਂ ਦੀ ਗਿਣਤੀ ਵਿਚ ਘਟਦੀਆਂ ਰਹਿੰਦੀਆਂ ਹਨ। ਸਿਧਾਰਥ 29 ਵਰ੍ਹਿਆਂ ਤਕ ਇਨ੍ਹਾਂ ਘਟਨਾਵਾਂ ਦੇ ਸੰਪਰਕ ਵਿਚ ਆਉਣ ਤੋਂ ਕਿਵੇਂ ਬਚਿਆ ਰਿਹਾ?

**(ਬਾਕੀ ਸਫ਼ਾ 30 'ਤੇ)**



TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




# ਜ਼ਿੰਦਗੀ ਦੀ ਨੀਂਹ ਹੈ ਬਚਪਨ

## ਜ਼ਿੰਦਗੀ ਦਾ ਅਹਿਮ ਹਿੱਸਾ ਬਣ ਜਾਂਦੀਆਂ ਹਨ ਬਚਪਨ 'ਚ ਹਾਸਲ ਕੀਤੀਆਂ ਕਦਰਾਂ-ਕੀਮਤਾਂ ਅਤੇ ਭਾਵਨਾਵਾਂ

## ਬੱਚਿਆਂ ਨੂੰ ਧਨ ਦੀ ਥਾਂ ਗੁਣਾਂ ਦੀ ਅਹਿਮੀਅਤ ਦੀ ਦਿਓ ਸਿੱਖਿਆ





ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਜੀਵਨ ਦਾ ਨਿਰਮਾਣ ਮਾਪਿਆਂ 'ਤੇ ਬਹੁਤ ਨਿਰਭਰ ਕਰਦਾ ਹੈ। ਇੱਥੋਂ ਤੱਕ ਕਿ ਪਾਲਣ-ਪੋਸ਼ਣ ਨਾਲ ਜੁੜੀਆਂ ਸਾਧਾਰਨ ਗੱਲਾਂ ਦਾ ਵੀ ਬੱਚਿਆਂ ਦੇ ਜੀਵਨ ਵਿੱਚ ਮਹੱਤਵਪੂਰਨ ਪ੍ਰਭਾਵ ਪੈਂਦਾ ਹੈ। ਇਸੇ ਤਰ੍ਹਾਂ ਹਰ ਬੱਚੇ ਦੇ ਆਪਣੇ ਸੁਭਾਅ, ਕਦਰਾਂ-ਕੀਮਤਾਂ ਅਤੇ ਬੁਨਿਆਦੀ ਪ੍ਰਵਿਰਤੀਆਂ ਵਿੱਚ ਆਪਣੇ ਗੁਣ ਹੁੰਦੇ ਹਨ, ਜਿਵੇਂ ਵੱਖ-ਵੱਖ ਚਿਹਰਿਆਂ ਦੇ ਅੰਗੂਠੇ ਦੇ ਨਿਸ਼ਾਨ ਵੱਖ-ਵੱਖ ਹੁੰਦੇ ਹਨ। ਫਿਰ ਵੀ, ਮਾਪਿਆਂ ਦੁਆਰਾ ਬੱਚਿਆਂ ਦੀ ਪਰਵਰਿਸ਼ ਉਹਨਾਂ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਸਥਾਨ ਰੱਖਦੀ ਹੈ। ਸਹੀ ਢੰਗ ਨਾਲ ਖਾਦ ਪਾਉਣ, ਪਾਣੀ ਪਿਲਾਉਣ ਅਤੇ ਛਾਂਗਣ ਦੁਆਰਾ, ਇੱਕ ਮਾਲੀ ਪੌਦਿਆਂ ਨੂੰ ਵਧੇਰੇ ਲਾਭਦਾਇਕ ਅਤੇ ਫਲਦਾਰ ਬਣਾ ਸਕਦਾ ਹੈ। ਅਣਗਹਿਲੀ ਅਤੇ ਦੇਖਭਾਲ ਦੀ ਘਾਟ ਕਾਰਨ ਕੀਮਤੀ ਬੂਟਾ ਵੀ ਸੁੱਕ ਜਾਵੇਗਾ ਜਾਂ ਅਵਿਕਸਿਤ ਅਤੇ ਖੁੰਝਿਆ ਹੀ ਰਹਿ ਜਾਵੇਗਾ, ਜਿਸ ਕਾਰਨ ਮਿੱਠੇ ਫਲ ਦੀ ਕੋਈ ਉਮੀਦ ਨਹੀਂ ਕੀਤੀ ਜਾ ਸਕਦੀ। ਇਸੇ ਤਰ੍ਹਾਂ ਜੇਕਰ ਬੱਚਿਆਂ ਦਾ ਸਹੀ ਢੰਗ ਨਾਲ ਪਾਲਣ ਪੋਸ਼ਣ ਕੀਤਾ ਜਾਵੇ ਅਤੇ ਉਨ੍ਹਾਂ ਦੀ ਪੜ੍ਹਾਈ ਦਾ ਸਹੀ ਢੰਗ ਨਾਲ ਧਿਆਨ ਰੱਖਿਆ ਜਾਵੇ ਤਾਂ ਮਨੁੱਖੀ ਰੂਪ ਵਿੱਚ ਪੈਦਾ ਹੋਣ ਵਾਲਾ ਹਰ ਬੱਚਾ ਇੱਕ ਉੱਤਮ ਅਤੇ ਮਹਾਨ ਵਿਅਕਤੀ ਬਣ ਸਕਦਾ ਹੈ। ਇਸ ਦੇ ਉਲਟ, ਸਹੀ ਪਰਵਰਿਸ਼ ਦੀ ਘਾਟ ਅਤੇ ਬੱਚਿਆਂ ਦੇ ਵਿਕਾਸ ਵਿੱਚ ਧਿਆਨ ਦੀ ਘਾਟ ਕਾਰਨ, ਹੋਣਹਾਰ ਬੱਚੇ ਵੀ ਪਛੜੇ ਰਹਿੰਦੇ ਹਨ।

ਬਚਪਨ ਵਿੱਚ ਜੋ ਆਦਤਾਂ ਪਾਈਆਂ ਜਾਂਦੀਆਂ ਹਨ, ਉਨ੍ਹਾਂ ਦਾ ਅਸਰ ਜ਼ਿੰਦਗੀ ਭਰ ਪੈਂਦਾ ਰਹਿੰਦਾ ਹੈ। ਬਚਪਨ ਵਿੱਚ ਹਾਸਲ ਕੀਤੀਆਂ ਕਦਰਾਂ-ਕੀਮਤਾਂ ਅਤੇ ਭਾਵਨਾਵਾਂ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਜਾਂਦੀਆਂ ਹਨ। ਅਸਲ ਵਿੱਚ ਬਚਪਨ ਹੀ ਸਾਰੀ ਜ਼ਿੰਦਗੀ ਦੀ ਨੀਂਹ ਹੈ। ਬੱਚਿਆਂ ਦੀ ਕੋਮਲ ਮਾਨਸਿਕਤਾ 'ਤੇ ਵੱਖ-ਵੱਖ ਪ੍ਰਭਾਵ ਉਨ੍ਹਾਂ ਦੀ ਮਾਨਸਿਕ ਸਤ੍ਹਾ 'ਤੇ ਸਪਸ਼ਟ ਤੌਰ 'ਤੇ ਛਾਪੇ ਜਾਂਦੇ ਹਨ। ਜੋ ਵੀ ਪ੍ਰਭਾਵ, ਚੰਗਾ ਜਾਂ ਮਾੜਾ, ਬੱਚਿਆਂ 'ਤੇ ਪੈਂਦਾ ਹੈ, ਉਹ ਇਸ ਤਰ੍ਹਾਂ ਬਣਦੇ ਹਨ। ਬੱਚਿਆਂ 'ਤੇ ਚੰਗਾ ਪ੍ਰਭਾਵ ਪਾਉਣ ਅਤੇ ਉਨ੍ਹਾਂ ਨੂੰ ਚੰਗੇ ਕੰਮ ਕਰਨ ਦੀ ਪ੍ਰੇਰਨਾ ਦੇਣ ਦੀ ਲੋੜ ਹੈ। ਇਹ ਸਭ ਮਾਪਿਆਂ 'ਤੇ ਨਿਰਭਰ ਕਰਦਾ ਹੈ। ਬੱਚਿਆਂ ਦੀ ਪਰਵਰਿਸ਼ ਕਰਨਾ ਇੱਕ ਅਹਿਮ ਜ਼ਿੰਮੇਵਾਰੀ ਹੈ। ਇਸ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰ ਬਹੁਤ ਬੁੱਧੀ, ਗਿਆਨ ਅਤੇ ਸੋਚ-ਸਮਝ ਕੇ ਕੰਮ ਕਰਨ ਦੀ ਲੋੜ ਹੈ।

ਬਹੁਤ ਸਾਰੇ ਮਾਪੇ ਆਪਣੇ ਬੱਚਿਆਂ ਨੂੰ ਬਹੁਤ ਜ਼ਿਆਦਾ ਪਿਆਰ, ਸਨੇਹ ਅਤੇ ਲਾਡ ਦਿੰਦੇ ਹਨ। ਹਾਲਾਂਕਿ, ਬੱਚਿਆਂ ਨੂੰ ਪਿਆਰ ਅਤੇ ਪਿਆਰ ਦੀ ਉਨੀ ਹੀ ਜ਼ਰੂਰਤ ਹੁੰਦੀ ਹੈ ਜਿੰਨੀ ਉਨ੍ਹਾਂ ਨੂੰ ਖਾਣ-ਪੀਣ ਦੀ ਜ਼ਰੂਰਤ ਹੁੰਦੀ ਹੈ। ਬੱਚਿਆਂ ਦਾ ਮਾਨਸਿਕ ਵਿਕਾਸ ਮਾਪਿਆਂ ਦੇ ਲਾਡ-ਪਿਆਰ ਨਾਲ ਹੁੰਦਾ ਹੈ। ਉਨ੍ਹਾਂ ਦੇ ਜੀਵਨ ਵਿੱਚ ਆਨੰਦ ਪੈਦਾ ਹੁੰਦਾ ਹੈ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਮਜ਼ਬੂਤ ਬਣ ਜਾਂਦੀ ਹੈ, ਪਰ ਬੇਅੰਤ ਲਾਡ-ਪਿਆਰ ਬੱਚਿਆਂ ਦੇ ਜੀਵਨ ਵਿੱਚ ਕਈ ਬੁਰਾਈਆਂ ਪੈਦਾ ਕਰ ਦਿੰਦੇ ਹਨ। ਜਦੋਂ ਬੱਚਿਆਂ ਨੂੰ ਬੇਅੰਤ ਲਾਡ-ਪਿਆਰ ਨਾਲ ਕੋਈ ਕੰਮ ਨਹੀਂ ਕਰਨ ਦਿੱਤਾ ਜਾਂਦਾ, ਉਨ੍ਹਾਂ ਦੀਆਂ ਜਾਇਜ਼-ਨਜਾਇਜ਼ ਮੰਗਾਂ ਪੂਰੀਆਂ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਂਦੀ, ਤਾਂ ਉਨ੍ਹਾਂ ਦੇ ਮਾਮੂਲੀ ਗੁੱਸੇ ਜਾਂ ਦੂਜੇ ਬੱਚਿਆਂ ਦੀ ਸ਼ਿਕਾਇਤ 'ਤੇ ਪਰੇਸ਼ਾਨ ਹੋ ਜਾਣਾ ਮਾਪਿਆਂ ਦੀ ਅਜਿਹੀ ਗਲਤੀ ਹੈ। ਬਹੁਤ ਸਾਰੀਆਂ ਬੁਰਾਈਆਂ ਅਤੇ ਬੁਰੀਆਂ ਆਦਤਾਂ ਬੱਚਿਆਂ ਵਿੱਚ ਪੈਦਾ ਹੋ ਜਾਂਦੀਆਂ ਹਨ। ਅਜਿਹੇ ਬੱਚੇ ਸੁਤੰਤਰ ਅਤੇ ਆਤਮ-ਨਿਰਭਰ ਬਣਨ ਵਿੱਚ ਅਸਮਰੱਥ ਹੁੰਦੇ ਹਨ। ਉਹ ਆਪਣੇ ਹਰ ਕੰਮ ਦੀ ਪੂਰਤੀ ਦੂਜਿਆਂ ਤੋਂ ਚਾਹੁੰਦੇ ਹਨ। ਨਿਰਭਰਤਾ, ਆਲਸ, ਸੁੱਖ-ਸਹੂਲਤ, ਫਜ਼ੂਲਖ਼ਰਚੀ, ਭਟਕਣਾ ਆਦਿ ਉਹ ਬੁਰਾਈਆਂ ਹਨ ਜੋ ਮਾਪਿਆਂ ਦੀਆਂ ਸਾਧਾਰਨ ਗ਼ਲਤੀਆਂ ਕਾਰਨ ਪੈਦਾ ਹੁੰਦੀਆਂ ਹਨ ਜੋ ਉਹ ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਪਾਲਣ-ਪੋਸ਼ਣ ਅਤੇ ਪੜ੍ਹਾਈ ਵਿੱਚ ਲਾਡ-ਪਿਆਰ ਕਰਦੇ ਹੋਏ ਕਰਦੇ ਹਨ।

ਹਰ ਬੱਚੇ ਦੀ ਆਪਣੀ ਪੈਦਾਇਸ਼ੀ ਪ੍ਰਤਿਭਾ ਹੁੰਦੀ ਹੈ। ਇੱਕ ਵਿਸ਼ੇਸ਼ਤਾ ਹੈ, ਜੇਕਰ ਅਸੀਂ ਬੱਚੇ ਦੀ ਇਸ ਮੁੱਢਲੀ ਪ੍ਰਤਿਭਾ ਅਤੇ ਪ੍ਰਵਿਰਤੀ ਨੂੰ ਧਿਆਨ ਵਿੱਚ ਰੱਖ ਕੇ ਉਸ ਦਾ ਵਿਕਾਸ ਉਸੇ ਦਿਸ਼ਾ ਵਿੱਚ ਕਰੀਏ ਤਾਂ ਇੱਕ ਦਿਨ ਉਹ ਅਸਾਧਾਰਨ ਰੁਤਬਾ ਹਾਸਲ ਕਰ ਸਕਦਾ ਹੈ। ਇਸ ਦੇ ਉਲਟ, ਜੇਕਰ ਬੱਚੇ ਨੂੰ ਉਸ ਦੀਆਂ ਬੁਨਿਆਦੀ ਪ੍ਰਵਿਰਤੀਆਂ ਅਤੇ ਪ੍ਰਤਿਭਾ ਦੇ ਉਲਟ ਸੇਧ ਦਿੱਤੀ ਜਾਂਦੀ ਹੈ, ਤਾਂ ਉਹ ਵਿਸ਼ੇਸ਼ ਸਫਲਤਾ ਅਤੇ ਵਿਕਾਸ ਪ੍ਰਾਪਤ ਕਰਨ ਵਿੱਚ ਅਸਮਰੱਥ ਹੋਵੇਗਾ। ਉਹ ਗ਼ਰੀਬ ਆਦਮੀ ਇੱਕ ਆਮ, ਥੱਕਿਆ ਹੋਇਆ ਜੀਵਨ ਬਤੀਤ ਕਰੇਗਾ। ਅਜਿਹੀ ਸਥਿਤੀ ਵਿੱਚ, ਲੋੜ ਹੈ ਕਿ ਮਾਪੇ ਬੱਚੇ ਦੀਆਂ ਬੁਨਿਆਦੀ ਪ੍ਰਵਿਰਤੀਆਂ ਅਤੇ ਬੁਨਿਆਦੀ ਹੁਨਰਾਂ ਨੂੰ ਜਾਣਨ ਅਤੇ ਪਛਾਣਨ ਅਤੇ ਉਸ ਅਨੁਸਾਰ ਉਸ ਨੂੰ ਵਿਕਾਸ ਲਈ ਦਿਸ਼ਾ, ਸਾਧਨ ਅਤੇ ਸਹੂਲਤਾਂ ਪ੍ਰਦਾਨ ਕਰਨ। ਜਿਹੜੇ ਮਾਪੇ ਆਪਣੇ ਬੱਚੇ ਦੇ ਭਵਿੱਖ ਨੂੰ ਆਪਣੀ ਇੱਛਾ ਅਨੁਸਾਰ ਆਪਣੇ ਨਜ਼ਰੀਏ ਤੋਂ ਦੇਖਣਾ ਚਾਹੁੰਦੇ ਹਨ, ਉਹ ਵੱਡੀ ਗਲਤੀ ਕਰਦੇ ਹਨ। ਅਜਿਹਾ ਕੋਈ ਨਿਯਮ ਨਹੀਂ ਹੈ ਕਿ ਇੰਜੀਨੀਅਰ ਦਾ ਪੁੱਤਰ ਇੰਜੀਨੀਅਰ ਬਣ ਜਾਵੇ, ਕਲਾਕਾਰ ਦਾ ਪੁੱਤਰ ਕਲਾਕਾਰ ਬਣੇ ਅਤੇ ਵਕੀਲ ਦਾ ਪੁੱਤਰ ਵੀ ਵਕੀਲ ਬਣੇ। ਮਾਪਿਆਂ ਅਤੇ ਬੱਚਿਆਂ ਦੀਆਂ ਰੁਚੀਆਂ, ਪ੍ਰਤਿਭਾਵਾਂ ਅਤੇ ਬੁਨਿਆਦੀ ਪ੍ਰਵਿਰਤੀਆਂ ਵਿੱਚ ਅਸਮਾਨਤਾਵਾਂ ਹੋਣਾ ਸੁਭਾਵਿਕ ਹੈ। ਇਸ ਲਈ ਬੱਚੇ ਦੇ ਭਵਿੱਖੀ ਜੀਵਨ ਦੀ ਯੋਜਨਾ ਇਕਪਾਸੜ ਫੈਸਲਿਆਂ ਅਤੇ ਇਕਪਾਸੜ ਪਹੁੰਚ ਰਾਹੀਂ ਨਹੀਂ ਹੋਣੀ ਚਾਹੀਦੀ। ਸੰਗੀਤਕ ਪ੍ਰਤਿਭਾ ਵਾਲੇ ਬੱਚਿਆਂ ਨੂੰ ਕਲਰਕ,

**(ਬਾਕੀ ਸਫ਼ਾ 29 'ਤੇ)**

ਹਰਕੀਰਤ ਕੌਰ
9779118066

# ਮਾਪਿਆਂ ਲਈ ਬੱਚਿਆਂ ਨਾਲ ਗੱਲ ਕਰਨ ਦੇ 10 ਮਹੱਤਵਪੂਰਨ ਤਰੀਕੇ





ਜਦੋਂ ਪਰਿਵਾਰ ਵਿੱਚ ਇੱਕ ਨਵਾਂ ਬੱਚਾ ਪੈਦਾ ਹੁੰਦਾ ਹੈ, ਤਾਂ ਜਿੱਥੇ ਘਰ ਪਰਿਵਾਰ ਵਿੱਚ ਖੁਸ਼ੀਆਂ ਦਾ ਮਾਹੌਲ ਸਿਰਜਦਾ ਹੈ ਉੱਥੇ ਹੀ ਮਾਪਿਆਂ ਉੱਪਰ ਇੱਕ ਬਹੁਤ ਵੱਡੀ ਜਿੰਮੇਵਾਰੀ ਵੀ ਪੈਂਦੀ ਹੈ। ਕੋਈ ਵੀ ਇਨਸਾਨ ਦੁਨੀਆਂ ਵਿੱਚ ਚੰਗੇ ਜਾਂ ਮਾੜੇ ਕੰਮ ਕਰਦਾ ਹੈ ਤਾਂ ਸਭ ਤੋਂ ਪਹਿਲਾਂ ਉਸਦਾ ਸਿਹਰਾ ਉਸ ਇਨਸਾਨ ਦੀ ਪਰਵਰਿਸ਼ ਨੂੰ ਹੀ ਜਾਂਦਾ ਹੈ।

ਬਹੁਤਾਤ ਮਾਪਿਆਂ ਲਈ ਪਰਵਰਿਸ਼ ਦੇ ਅਰਥ ਸਿਰਫ਼ ਬੱਚਿਆਂ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਿਆਂ ਕਰਨ ਤੱਕ ਸੀਮਤ ਹੁੰਦੇ ਹਨ , ਜਦਕਿ ਪਰਵਰਿਸ਼ ਦਾ ਖੇਤਰ ਬਹੁਤ ਵਿਸ਼ਾਲ ਹੈ। ਬੱਚਿਆਂ ਨਾਲ ਬੈਠ ਸਮਾਂ ਬਿਤਾਉਣਾ, ਉਹਨਾਂ ਨੂੰ ਸੁਣਨਾ, ਸਮਝਣਾ, ਉਹਨਾਂ ਦੀ ਮਾਨਸਿਕ ਪਰੇਸ਼ਾਨੀਆਂ ਨੂੰ ਜਾਨਣਾ, ਉਹਨਾਂ ਨੂੰ ਨੈਤਿਕ ਗੁਣਾਂ ਦੇ ਧਾਰਣੀ ਬਣਾਉਣਾ ਆਦਿ ਸਭ ਪਰਵਰਿਸ਼ ਦੇ ਅਹਿਮ ਹਿੱਸੇ ਹਨ।

ਮੌਜੂਦਾ ਸਮੇਂ ਵਿੱਚ ਮਾਤਾ ਪਿਤਾ ਦੋਵੇ ਕੰਮਕਾਜ਼ੀ ਹੋਣ ਕਾਰਨ ਉਹਨਾਂ ਕੋਲ ਬੱਚਿਆਂ ਨਾਲ ਗੱਲ ਕਰਨ ਦਾ ਸਮਾਂ ਬਹੁਤ ਘੱਟ ਹੈ, ਮਾਪੇ ਜੇਕਰ ਸਮਾਂ ਕੱਢਦੇ ਵੀ ਹਨ ਤਾਂ ਬੱਚਿਆਂ ਨਾਲ ਗੱਲ ਕਰਨ ਦੇ ਸਹੀ ਤਰੀਕਿਆਂ ਦੀ ਵਰਤੋਂ ਨਹੀਂ ਕਰਦੇ। ਭਾਰਤੀ ਸਮਾਜ ਵਿੱਚ ਮਾਪਿਆਂ ਅਤੇ ਬੱਚਿਆਂ ਵਿੱਚ ਸੰਚਾਰ ਦਾ ਇੱਕ ਬਹੁਤ ਵੱਡਾ ਪਾੜਾ ਰਿਹਾ ਹੈ, ਬੱਚੇ ਮਾਪਿਆਂ ਦੇ ਭੈਅ, ਡਰ ਦੇ ਕਾਰਣ ਕਦੇ ਵੀ ਉਹਨਾਂ ਨੂੰ ਆਪਣੇ ਦੋਸਤ ਨਹੀਂ ਬਣਾ ਪਾਉਂਦੇ। ਜਿਸ ਕਾਰਨ ਮਾਪੇ ਬੱਚੇ ਦੀਆਂ ਭਾਵਨਾਵਾਂ, ਗੱਲਾਂ, ਵਿਚਾਰਾਂ ਨੂੰ ਜਾਨਣ ਵਿੱਚ ਅਸਫ਼ਲ ਰਹਿੰਦੇ ਹਨ ਅਤੇ ਬੱਚੇ ਇਕੱਲਤਾ, ਮਾਨਸਿਕ ਪਰੇਸ਼ਾਨੀਆਂ ਨਾਲ ਜੂਝਦੇ ਰਹਿੰਦੇ ਹਨ ਜਾਂ ਗਲਤ ਸੰਗਤ ਕਰਨ ਲੱਗਦੇ ਹਨ।

ਅਜਿਹੀ ਸਥਿਤੀ ਵਿੱਚ ਮਾਪਿਆਂ ਨੂੰ ਕੁਝ ਖਾਸ ਤਰੀਕਿਆਂ ਨਾਲ ਬੱਚਿਆਂ ਨਾਲ ਗੱਲਾਂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਬੱਚੇ ਬਿਨਾਂ ਕਿਸੇ ਡਰ, ਭੈਅ ਦੇ ਮਾਪਿਆਂ ਨਾਲ ਖੁਲ੍ਹ ਕੇ ਗੱਲ ਕਰ ਸਕਣ। ਜਿੰਨਾ ਵਿੱਚ ਕੁਝ ਇਸ ਤਰ੍ਹਾਂ ਹਨ-

1. **ਇੱਕ ਚੰਗੇ ਸਰੋਤੇ ਬਣੋ:** ਜਦੋਂ ਤੁਹਾਡਾ ਬੱਚਾ ਤੁਹਾਡੇ ਨਾਲ ਗੱਲ ਕਰ ਰਿਹਾ ਹੋਵੇ ਤਾਂ ਉਸ 'ਤੇ ਆਪਣਾ ਪੂਰਾ ਧਿਆਨ ਦਿਓ ਅਤੇ ਉਸ ਨੇ ਜੋ ਕਹਿਣਾ ਹੈ ਉਸ ਵਿੱਚ ਦਿਲਚਸਪੀ ਦਿਖਾਓ। ਉਸਦੀ ਗੱਲ ਨੂੰ ਅਣਸੁਣਿਆਂ ਜਾਂ ਅਣਗੌਲਿਆ ਨਾ ਕੀਤਾ ਜਾਵੇ। ਬੱਚੇ ਨੂੰ ਬੋਲਣ ਦਾ ਪੂਰਾ ਮੌਕਾ ਦਿਓ। ਉਸਨੂੰ ਇਹ ਮਹਿਸੂਸ ਕਰਵਾਓ ਕਿ ਤੁਸੀਂ ਉਸ ਦੀ ਗੱਲ ਨੂੰ ਸੁਣਨਾ ਚਾਹੁੰਦੇ ਹੋ ਅਤੇ ਬੱਚੇ ਦੀ ਹਰ ਗੱਲ ਤੁਹਾਡੇ ਲਈ ਜਰੂਰੀ ਹੈ।

2. **ਖੁੱਲ੍ਹੇ-ਡੁੱਲ੍ਹੇ ਸਵਾਲਾਂ ਦੀ ਵਰਤੋਂ ਕਰੋ:** ਹਾਂ ਜਾਂ ਨਾਂਹ ਵਿੱਚ ਸਵਾਲ ਪੁੱਛਣ ਦੀ ਬਜਾਏ, ਅਜਿਹੇ ਸਵਾਲ ਪੁੱਛੋ ਜੋ ਤੁਹਾਡੇ ਬੱਚੇ ਨੂੰ ਉਹਨਾਂ ਦੇ ਵਿਚਾਰਾਂ ਅਤੇ ਭਾਵਨਾਵਾਂ ਬਾਰੇ ਵਧੇਰੇ ਵਿਸਤਾਰ ਵਿੱਚ ਦੱਸਣ ਅਤੇ ਸਾਂਝਾ ਕਰਨ ਲਈ ਉਤਸ਼ਾਹਿਤ ਕਰਦੇ ਹੋਣ। ਜਦੋਂ ਵੀ ਬੱਚਿਆਂ ਨੂੰ ਸਵਾਲ ਪੁੱਛੋ ਉਸ ਵਿੱਚ ਤੁਹਾਡਾ ਤਾਨਾਸ਼ਾਹੀ ਰੂਪ ਨਹੀਂ ਝਲਕਣਾ ਚਾਹੀਦਾ ਹੈ। ਇੱਕ ਟੁੱਕ ਜਵਾਬ ਮੰਗਣ ਦੀ ਬਜਾਇ ਬੱਚੇ ਨੂੰ ਆਪਣੇ ਤਰੀਕੇ ਨਾਲ ਗੱਲ ਕਰਨ ਦਾ ਮੌਕਾ ਦਿਓ।

3. **ਇੱਕ ਸੁਰੱਖਿਅਤ ਅਤੇ ਨਿਰਣਾਇਕ ਮਾਹੌਲ ਬਣਾਓ:** ਯਕੀਨੀ ਬਣਾਓ ਕਿ ਤੁਹਾਡਾ ਬੱਚਾ ਆਲੋਚਨਾ ਜਾਂ ਸਜ਼ਾ ਦੇ ਡਰ ਤੋਂ ਬਿਨਾਂ ਆਪਣੇ ਆਪ ਨੂੰ ਪ੍ਰਗਟ ਕਰਨ ਵਿੱਚ ਅਰਾਮਦਾਇਕ ਮਹਿਸੂਸ ਕਰੇ।

4. **ਉਮਰ-ਮੁਤਾਬਕ ਭਾਸ਼ਾ ਦੀ ਵਰਤੋਂ ਕਰੋ:** ਬੱਚੇ ਨਾਲ ਗੱਲ ਕਰਦੇ ਸਮੇਂ ਆਪਣੀ ਸੰਚਾਰ ਸ਼ੈਲੀ ਨੂੰ ਆਪਣੇ ਬੱਚੇ ਦੀ ਉਮਰ ਅਤੇ ਸਮਝ ਅਨੁਸਾਰ ਚੁਣੋ। ਉਹਨਾਂ ਸ਼ਬਦਾਂ ਅਤੇ ਸੰਕਲਪਾਂ ਦੀ ਵਰਤੋਂ ਕਰੋ ਜੋ ਉਹ ਆਸਾਨੀ ਨਾਲ ਸਮਝ ਸਕਦੇ ਹੋਣ। ਉਹਨਾਂ ਨੂੰ ਆਸਾਨ ਅਤੇ ਦਿਲਚਸਪ ਤਰੀਕੇ ਨਾਲ ਸਮਝਾਉਣ ਦਾ ਯਤਨ ਕਰੋ।

5. **ਧੀਰਜ ਅਤੇ ਸਮਝਦਾਰੀ ਰੱਖੋ:** ਬੱਚੇ ਆਪਣੇ ਆਪ ਨੂੰ ਪ੍ਰਗਟ ਕਰਨ ਲਈ ਸਮਾਂ ਲੈ ਸਕਦੇ ਹਨ ਜਾਂ ਸਹੀ ਸ਼ਬਦ ਲੱਭਣ ਲਈ ਸੰਘਰਸ਼ ਕਰ ਸਕਦੇ ਹਨ। ਉਹਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨ ਲਈ ਲੋੜੀਂਦੀ ਥਾਂ ਅਤੇ ਸਮਾਂ ਦੋਵੇਂ ਜਰੂਰੀ ਹਨ। ਕਾਹਲ ਨਾ ਕਰਕੇ ਧੀਰਜ ਅਤੇ ਸਮਝਦਾਰੀ ਨਾਲ ਬੱਚਿਆਂ ਨੂੰ ਸੁਣਿਆ ਜਾਵੇ।

6. **ਹਮਦਰਦੀ ਦਿਖਾਓ:** ਆਪਣੇ ਬੱਚੇ ਦੇ ਨਜ਼ਰੀਏ ਨੂੰ ਸਮਝਣ ਦੀ ਕੋਸ਼ਿਸ਼ ਕਰੋ ਅਤੇ ਉਹਨਾਂ ਦੀਆਂ ਭਾਵਨਾਵਾਂ ਦਾ ਧਿਆਨ ਰੱਖੋ। ਉਹਨਾਂ ਨੂੰ ਦੱਸੋ ਕਿ ਤੁਸੀਂ ਸਮਝਦੇ ਹੋ ਅਤੇ ਉਹਨਾਂ ਦੀ ਪਰਵਾਹ ਕਰਦੇ ਹੋ ਕਿ ਉਹ ਕਿਸ ਸਥਿਤੀ ਵਿੱਚੋਂ ਲੰਘ ਰਹੇ ਹਨ।

7. **ਸਕਾਰਾਤਮਕ ਮਜ਼ਬੂਤੀ ਦੀ ਵਰਤੋਂ ਕਰੋ:** ਆਪਣੇ ਬੱਚੇ ਦੇ ਸਵੈ-ਮਾਣ ਨੂੰ ਵਧਾਉਣ ਅਤੇ ਖੁੱਲ੍ਹੇ ਸੰਚਾਰ ਨੂੰ ਉਤਸ਼ਾਹਿਤ ਕਰਨ ਲਈ ਆਪਣੇ ਬੱਚੇ ਦੇ

**(ਬਾਕੀ ਸਫ਼ਾ 29 'ਤੇ)**

ਕਹਾਣੀ

# ਧੀਆਂ

ਪ੍ਰੇਮ ਗੋਰਖੀ



ਸਵੇਰੇ ਸੱਤ ਵਜੇ ਹੀ ਮੰਗੀ ਦੇ ਭਰਾ ਰੁਪਿੰਦਰ ਦਾ ਫ਼ੋਨ ਆ ਗਿਆ ਤਾਂ ਹੈਰਾਨ ਹੋ ਕੇ ਫੋਨ ਦਾ ਬਟਨ ਦੱਬਦੀ ਮੰਗੀ ਬੋਲੀ, ਭਾ ਜੀ ਮੈਂ ਬੋਲਦੀ ਆਂ...ਸਾਸਰੀ ਕਾਲ਼.. ਕੁਲਤਾਰ ਤਾਂ ਬਾਥਰੂਮ ਗਏ ਆ...

ਮੰਗੀ, ਮੈਨੂੰ ਕੱਲ੍ਹ ਤਕਾਲੀਂ ਈ ਤਾਰਨ ਦੇ ਹਸਬੈਂਡ ਬਾਰੇ ਇਕ ਖਾਸ ਗੱਲ ਦਾ ਪਤਾ ਲੱਗਾ...ਦੁੱਖ ਵੀ ਬੜਾ ਹੋਇਆ ਤੇ ਗੁੱਸਾ ਵੀ ਬਹੁਤ ਆਇਆ...ਉਹ ਗੱਲ ਕਰਨ ਈ ਮੈਂ ਦੁਪਹਿਰੇ ਆਊਂ...ਕੁਲਤਾਰ ਨੂੰ ਦੱਸ ਦਈਂ-

ਕੰਮ-ਕਾਰ ਵਿਚ ਰੁੱਝੀ ਮੰਗੀ ਨੂੰ ਭਰਾ ਦਾ ਆਇਆ ਫੋਨ ਭੁੱਲ ਈ ਗਿਆ, ਨਹੀਂ ਤਾਂ ਕੁਲਤਾਰ ਤਾਂ ਉਹਦੇ ਸਾਹਮਣੇ ਹੀ ਘੁੰਮੀ ਜਾਂਦਾ ਸੀ।

ਬਾਥਰੂਮ 'ਚੋਂ ਨਿਕਲ ਕੇ ਕੁਲਤਾਰ ਨਲਕੇ ਕੋਲ ਆਇਆ ਤਾਂ ਫ਼ਰਸ਼ ਦੇ ਪਾਣੀ ਕੋਲ ਬੈਠਾ ਕਬੂਤਰ ਉਡਾਰੀ ਮਾਰ ਕੇ ਕੰਧ ਉੱਪਰ ਜਾ ਬੈਠਾ...ਉਏ ਹੋਏ...ਆਹ ਤਾਂ ਬੜੀ ਗਲਤੀ ਹੋ ਗਈ...ਓਏ..ਬਹਿਜਾ ਯਾਰ- ਪੀ ਤੂੰ ਪਾਣੀ...ਮੇਰਾ ਕੀ ਆ ਹੋਰ ਘੜੀ ਨੂੰ ਹੱਥ ਪੈਰ ਧੋ ਲਊਂ- ਜਾਹ ਓਏ...ਤੂੰ ਕਬੂਤਰ ਈ ਰਿਹਾ..ਹੱਦ ਕਰਤੀ ਬਈ....ਤੇਰੇ ਨਾਲੋਂ ਤਾਂ ਆਹ ਚਿੜੀਆਂ ਬਹਾਦਰ ਆ...ਦੇਖ ਲਾ ਇਹ ਨਈਂ ਡਰੀਆਂ-, ਦਾਣੇ ਠੂੰਗਦੀਆਂ ਚਿੜੀਆਂ ਵਲ ਦੇਖਦਾ ਕੁਲਤਾਰ ਟੱਬ ਕੋਲ ਜਾ ਖਲੋਤਾ। ਪਹਿਲਾਂ ਉਹਨੇ ਮੂੰਹ ਧੋਤਾ, ਫਿਰ ਬਾਹਾਂ ਧੋਤੀਆਂ ਤੇ ਤਾਰ ਤੋਂ ਤੌਲੀਆ ਲਾਹ ਕੇ ਬਾਹਾਂ ਨੂੰ ਸਾਫ਼ ਕਰਦਾ ਭਾਈਏ ਕੋਲ ਨੂੰ ਆ ਗਿਆ।

ਓਇ ਮੈਂ ਦੇਖਦਾਂ ਤੇਰੇ ਲਾਗ-ਚਾਗ ਕੋਈ ਹੈ ਤਾਂ ਹੈਨੀ ਫੇ ਤੂੰ ਗੱਲਾਂ ਕਿਹਦੇ ਨਾਲ ਕਰੀ ਜਾਨਾਂ...

ਭਾਈਆ ਜੀ ਇਹ ਕੋਈ ਜਰੂਰੀ ਆ ਬਈ ਕੋਈ ਕੋਲ ਹੋਵੇ ਤਾਂ ਈ ਗੱਲਾਂ ਕਰਨੀਆਂ...ਬੰਦਾ ਤਾਂ ਕਦੇ ਵੀ ਕੱਲਾ ਨਈਂ ਹੁੰਦਾ...ਫੇ ਆਪਣੇ ਜਿਹੇ ਕਾਮੇ ਤਾਂ ਕਦੇ ਵੀ ਨਈਂ। ਗੱਲ ਕਰਦੇ ਕੁਲਤਾਰ ਨੇ ਤੌਲੀਆ ਕੁਰਸੀ 'ਤੇ ਰੱਖ ਦਿੱਤਾ ਤੇ ਮੰਗੀ ਨੂੰ ਹਾਕ ਮਾਰੀ,ਲਿਆ ਬਈ ਸਿੰਘਨੀਏ ਚਾਹ ਪਾਣੀ..ਪੀ ਕੇ ਨਿੱਕਲੀਏ ਫੇ ਮੰਡੀ ਵੱਲ਼.. ਨਾਲੇ ਦੱਸ ਬਈ ਕਿਹੜਾ ਕਿਹੜਾ ਸੌਦਾ ਲਿਆਉਣਾ...ਭਾਈਆ ਜੀ ਦੀ ਦਵਾਈ ਵਾਲੇ ਪੇਪਰ ਜ਼ਰੂਰ ਫੜਾ ਦੇ...

ਬਈ ਬਰਖੁਰਦਾਰਾ....ਮੇਰੀ ਅਸਲੀ ਦੁਆਈ ਵੀ ਯਾਦ ਰੱਖੀਂ...ਐਤਕੀਂ ਜਿਹੜੀ ਲਿਆਇਆ ਸੀ ਉਹ ਬੜੀ ਹਾਲੇ ਦੀ ਨਿਕਲੀ....ਦੇਖਲਾ ਉਹਨੇ ਪੂਰਾ ਮਹੀਨਾ ਖੰਘ ਨਈਂ ਆਉਣ ਦਿੱਤੀ...

ਗੱਲ ਤਾਂ ਤੁਹਾਡੀ ਠੀਕ ਆ...ਆਪਾਂ ਦੁਆਈ ਫੇ ਕਾਹਨੂੰ ਲਆਉਣੀ ਆਂ....ਦੋ ਬੋਤਲਾਂ ਰੰਮ ਦੀਆਂ ਈ ਚੱਕੀ ਲਿਆਊਂ...ਠੀਕ ਆ! ਕਹਿ ਕੇ ਕੁਲਤਾਰ ਉਚੀ ਸਾਰੀ ਠਹਾਕਾ ਮਾਰ ਕੇ ਹੱਸਿਆ ਤੇ ਭਾਈਆ ਵੀ ਹੱਸਣ ਲੱਗਾ।

ਇਸੇ ਸਮੇਂ ਮੰਗੀ ਚਾਹ ਵਾਲੀ ਵੱਡੀ ਥਰਮਸ ਤੇ ਟਰੇਅ ਵਿੱਚ ਪਿੰਨੀਆਂ ਰੱਖੀ ਆਉਂਦੀ ਹੋਈ ਹੱਸ ਕੇ ਬੋਲੀ, ਦੇਖਿਓ, ਦੁਆਈ ਦੇ ਚੱਕਰ ਵਿੱਚ ਕਿਤੇ ਕਿਚਨ ਦਾ ਸਮਾਨ ਨਾ ਭੁੱਲ ਜਾਈਓ-

ਦੇਖੋ ਬਈ- ਭਾਈਆ ਜੀ ਦੀ ਦੁਆਈ ਪਹਿਲਾਂ - ਹੋਰ ਕੁਸ਼ ਆਵੇ ਚਾਹੇ ਨਾ- ਦੁਆਈ ਨੀ ਮੈਂ ਭੁੱਲਦਾ...ਰਾਤ ਕਿੱਦਾਂ ਲੰਘੂ...

ਓਇ ਕੁਲਤਾਰ ਸਿਆਂ...ਤੂੰ ਤਾਂ ਬਈ ਮਸ਼ਕਰੀਆਂ 'ਤੇ ਉੱਤਰ ਆਇਆ...ਮੈਂ ਠੀਕ ਹੋ ਜਾਵਾਂ ਫੇ ਤੈਨੂੰ ਔਖਾ ਕਰਦਾ... ਕਹਿੰਦਾ ਹੋਇਆ ਭਾਈਆ ਉੱਪਰ ਲਪੇਟੀ ਲੋਈ ਨੂੰ ਸੁਆਰਦਾ ਬੋਲਿਆ, ਜਾਂਦਾ ਹੋਇਆ ਆਹ ਦੁੱਧ ਲੈ ਜੀਂ...ਸ਼ਹੀਦਾਂ ਦੇ ਪਾ ਕੇ ਜਾਈਂ... ਕੁਲਤਾਰ ਨੇ ਇਕ ਪਿੰਨੀ ਭਾਈਏ ਨੂੰ ਫੜਾਈ ਤੇ ਇਕ ਨੂੰ ਆਪ ਦੰਦੀ ਵੱਢਦਾ ਬੋਲਿਆ, ਇਹ ਮੰਗਤਾਰ ਕੌਰ ਪਤਾ ਨਈਂ ਚੀਜ ਬਨਾਉਣ ਲੱਗੀ ਵਿੱਚ ਕੀ ਘੋਲ ਦਿੰਦੀ ਆ- ਜਾਹ ਤਾਂ ਚੀਜ ਮੂੰਹੋਂ ਲਹਿ ਜਾਵੇ। ਗੱਲ ਤਾਂ ਤੇਰੀ ਠੀਕ ਆ...ਬਈ ਪਿੰਨੀਆਂ ਬਣੀਆਂ ਈ ਬਹੁਤ ਸੁਆਦ ਆ...ਫੇ ਦੇਖ ਕਿੰਨੀਆਂ ਨਰਮ ਆ-

ਫੇਰ ਰਸੋਈ ਵਿੱਚ ਖੜ੍ਹੀ ਹੀ ਮੰਗੀ ਉੱਚੀ ਅਵਾਜ਼ ਵਿਚ ਬੋਲੀ,

ਕੁਲਤਾਰ ਜੀ, ਰੁਪਿੰਦਰ ਭਾਜੀ ਦਾ ਫੋਨ ਆਇਆ ਸੀ...ਕੋਈ ਖਾਸ ਗੱਲ ਕਰਨੀ ਆ...ਦੁਪਹਿਰੇ ਆਉਣਗੇ ਉਹ... ਫਿਰ ਪੰਜ ਕੁ ਮਿਨਟਾਂ ਬਾਅਦ ਇਕ ਕਾਗਜ਼ ਕੁਲਤਾਰ ਨੂੰ ਫੜਾਉਂਦੀ ਬੋਲੀ, ਆਹ ਲਿਆਉਣਾ ਕਿਚਨ ਦਾ ਸਮਾਨ...ਅੱਠ ਨੌਂ ਮੋਟੀਆਂ ਮੋਟੀਆਂ ਆਈਟਮਾਂ ਆ...ਉਹ ਮੈਂ ਨੋਟ ਕਰ ਦਿੱਤੀਆਂ ... ਖਾਸ ਆਈਟਮ ਐ ਭਿੰਦੇ ਦਾ ਬੈਗ...ਉਹ ਨਾ ਭੁਲਾਇਓ....ਸਵੇਰੇ ਦੇਖ ਲਓ ਵੈਨ ਵਿੱਚ ਬਹਿੰਦਾ ਨਹੀਂ ਸੀ...ਕਹਿੰਦਾ ਮੇਰਾ ਬੈਗ ਫਟਿਆ ਪਿਆ..ਮੈਂ ਨਹੀਂ ਜਾਣਾ ...

ਠੀਕ ਆ ਬਈ...ਉਹ ਨਹੀਂ ਮੈਂ ਭੁੱਲਦਾ- ਕਹਿ ਕੇ ਕੁਲਤਾਰ ਨੇ ਟਾਈਮਪੀਸ ਨੂੰ ਦੇਖਿਆ ਤੇ ਫਟਾਫਟ ਪਿੰਨੀ ਖਾ, ਚਾਹ ਦੇ ਚਾਰ ਕੁ ਸੜ੍ਹਾਕੇ ਮਾਰੇ ਤੇ ਵਿਹਲਾ ਹੋ ਕੇ ਟਰੈਕਟਰ ਵੱਲ ਤੁਰ ਪਿਆ।

ਸੀਟ ਵੱਲ ਦੇਖ ਕੇ ਜਿਵੇਂ ਉਹ ਖੜ੍ਹਾ ਈ ਠਰ ਗਿਆ ਹੋਵੇ। ਓਇ, ਓ ...ਯਾਰ ਲਿਆ ਕੋਈ ਪੁਰਾਣਾ ਕੱਪੜਾ - ਸੀਟ ਤਾਂ ਬਰਫ ਨਾਲ ਭਰੀ ਪਈ ਆ...ਇਹਨੂੰ ਸਾਫ ਕਰਨਾ।

ਬਈ ਐਤਕੀ ਕੋਰਾ ਪਿਆ ਈ ਬਹੁਤ ਆ...ਫਸਲਾਂ ਦਾ ਸਤਿਆਨਾਸ ਮਾਰ ਕੇ ਰੱਖ ਤਾ...ਤੂੰ ਤਾਂ ਬਈ ਦਸ ਵਜੇ ਤੱਕ ਰਜਾਈ ਨਈਂ ਛੱਡਦਾ...ਕਿਤੇ ਛੇ ਕੁ ਵਜੇ ਬਾਹਰ ਨਿਕਲ ਕੇ ਦੇਖਿਆ ਕਰ....ਪਤਾ ਲੱਗੇ ਤੈਨੂੰ ਮੌਸਮ ਦਾ...ਬੜੀ ਧੁੰਦ ਪਈ ਹੁੰਦੀ ਆ ਤੇ ਨਾਲੇ ਚਾਰੇ ਪਾਸੇ ਬਰਫ ਈ ਬਰਫ਼..ਕੋਰਾ ਈ ਕੋਰਾ...। ਆਹ ਕੰਮ ਨੀ ਮੈਨੂੰ ਪਸੰਦ ਗੁਸਲਖਾਨੇ ਵਾਲਾ...ਇਹ ਤਾਂ ਬੁੜ੍ਹੀਆਂ ਲਈ ਠੀਕ ਆ...ਸਵੇਰ ਦਾ ਮਿਲਖੀ ਆਇਆ ਅੱਠ ਵਜੇ ਗਿਆ... ਸਾਰਾ ਕੰਮ ਕਰ ਕੇ...ਸਵਖਤੇ ਉਠਿਆ ਕਰ...ਨਿਆਣਿਆਂ ਵਾਂਗ ਨਈਂ ਸੁੱਤੇ ਰਹੀਦਾ...ਆ ਮੰਗੀ ਵੱਲ ਦੇਖਿਆ ਕਰ...ਮੇਰੇ ਤੋਂ ਪਹਿਲਾਂ ਉੱਠ ਜਾਂਦੀ ਆ...ਕਿਹੜਾ ਕਹਿਦੂ ਇਹ ਬੀਏ ਪਾਸ ਕੁੜੀ ਆ...ਡੰਗਰਾਂ ਨੂੰ ਪੱਠੇ ਪਾਊ...ਧਾਰਾਂ ਚੋਊ...ਛੱਡ ਹੁਣ ਆ੍ਹ ਆਲਸਪੁਣਾ...ਹੋਰ ਕੀ! ਉਧਰ ਅੱਜ ਭਲਕੇ ਤਾਰਨ ਵੱਲ ਵੀ ਜਾ ਕੇ ਆਉਣਾ...ਪਤਾ ਨਈਂ ਸਾਲਾ ਕਿੱਦਾਂ ਦਾ ਜੁਆਈ ਮਿਲਿਆ...ਸਾਡੇ 'ਚ ਤਾਂ ਉਹਦਾ ਮੋਹ ਈ ਹੈ ਨੀ... , ਕਹਿੰਦੇ ਹੋਏ ਭਾਈਏ ਨੇ ਅੰਦਰਲੇ ਕਮਰੇ ਚੋਂ ਟੁੱਟਿਆ ਮੰਜਾ ਬਾਹਰ ਕੱਢਿਆ ਤੇ ਉਹਦੀ ਦੌਣ ਢਿੱਲੀ ਕਰ ਕੇ ਦੋਨੋ ਬਾਹੀਆਂ ਢਿੱਲੀਆਂ ਕਰ ਦਿੱਤੀਆਂ। ਫੇਰ ਸੇਰੂਏ ਨੂੰ ਖਿੱਚ ਕੇ ਠੀਕ ਤਰ੍ਹਾਂ ਪਾਵੇ ਵਿੱਚ ਪਾਇਆ ਤੇ ਕੱਸਣ ਲੱਗ ਪਿਆ। ਰਾਤੀਂ ਦੋ ਪੈੱਗ ਜਿਆਦਾ ਪੀਣ ਕਰਕੇ ਭਾਈਆ ਕਿ ਬਾਹੀ ਪਾਵੇ ਵਿਚੋਂ ਨਿਕਲ ਗਈ ਤੇ ਭਾਈਆ ਮੰਜੇ ਉਤੇ ਧੜੈਂ ਕਰ ਕੇ ਡਿੱਗ ਪਿਆ ਸੀ। ਕਿੰਨਾ ਹੀ ਚਿਰ ਭਾਈਆ ਇਸੇ ਹਾਲਤ ਵਿੱਚ ਪਿਆ ਰਿਹਾ ਸੀ। ਉਹ ਤਾਂ ਸ਼ਰਮ ਦਾ ਭੰਨਿਆ ਬੋਲਿਆ ਹੀ ਨਹੀਂ ਸੀ। ਜਦੋਂ ਕਿੰਨੇ ਹੀ ਚਿਰ ਬਾਅਦ ਨਸ਼ਾ ਢਲਿਆ ਤਾਂ ਸਾਹ ਰਤਾ ਸੌਖਾ ਆਇਆ, ਫੇਰ ਉਹਨੇ ਹੌਲੀ ਹੌਲੀ ਉਠ ਕੇ ਕੰਧ ਨਾਲ ਖੜ੍ਹਾ ਮੰਜਾ ਡਾਹਿਆ।, ਪਹਿਲਾਂ ਮੰਜੇ ਤੋਂ ਬਿਸਤਰਾ ਚੁੱਕਿਆ ਤੇ ਦੂਜੇ ਉਤੇ ਵਿਛਾਇਆ, ਰਜਾਈ ਚੁੱਕ ਕੇ ਰੱਖੀ ਤੇ ਫੇਰ ਡਾਹੇ ਮੰਜੇ ਉੱਪਰ ਤਾਂ ਜਿਵੇਂ ਡਿਗ ਹੀ ਪਿਆ ਸੀ।

ਡੈਡ! ਮੈਂ ਰੋਟੀ ਲਾਹ ਕੇ ਰੱਖ ਦਿੰਦੀ ਆਂ- ਜਦੋਂ ਤੁਹਾਡਾ ਦਿਲ ਕਰੇਂ ਖਾ ਲੈਣੀ- ਲੰਬੜਾਂ ਦੇ ਘਰ ਹੁਣ ਕੀਰਤਨ ਆਂ...ਦਸ ਵਜੇ..ਮੈਂ ਓਧਰ ਜਾਣਾਂ।...ਤੁਸੀਂ ਕਪੜੇ ਬਦਲ ਲਓ...ਜਿਹੜੇ ਪਾਏ ਹੋਏ ਆ ਉਹ ਲਾਹ ਦਿਓ...ਇਹ ਧੋ ਦਿਆਂ... ਕਹਿੰਦੀ ਹੋਈ ਮੰਗੀ ਨੇ ਭੜੋਲੈ ਵੱਲ ਦੇਖਿਆ, ਤਿੰਨ ਕੁ ਪਾਥੀਆਂ ਤੋੜ ਕੇ ਵਿੱਚ ਪਾਈਆਂ ਤੇ ਦੁੱਧ ਵਾਲਾ ਕਾੜ੍ਹਨਾ ਅੱਗ 'ਤੇ ਰੱਖ ਕੇ ਚੱਜ ਨਾਲ ਢਕ ਦਿੱਤਾ। ਫੇਰ ਉਹ ਕਾਹਲੀ ਨਾਲ ਉਠੀ ਤੇ ਬੈਠਕ ਵਿਚਲੇ ਪਲੰਘ ਉਪਰੋਂ ਕੱਪੜੇ ਚੁੱਕਕੇ ਮਸ਼ੀਨ ਕੋਲ ਲਿਆ ਰੱਖੇ। ਇਕ ਇਕ ਕਰ ਕੇ ਕੱਪੜੇ ਚੁੱਕ ਕੇ ਮਸ਼ੀਨ ਵਿੱਚ ਪਾ ਕੇ ਸਵਿੱਚ ਦੱਬ ਦਿੱਤਾ। ਰੁਪਿੰਦਰ ਸਿੰਘ ਜਦੋਂ ਅਧਿਆਪਕਾਂ ਦੀ ਰੈਲੀ ਤੋਂ ਵਿਹਲਾ ਹੋਇਆ ਤਾਂ ਦੁਪਹਿਰ ਦਾ ਇਕ ਵੱਜਣ ਆਲਾ ਸੀ। ਉਹਨੇ ਕੁਲਤਾਰ ਨੂੰ ਫ਼ੋਨ ਕੀਤਾ,

ਕੁਲਤਾਰ ਭਾ ਜੀ, ਪਹੁੰਚ ਗਏ ਘਰ?

ਕਾਹਨੂੰ ਭਾ ਜੀ- ਮਾਲਾ ਆਹੜਤੀ ਝਗੜ ਪਿਆ...ਐਵੇਂ ਅਠਾਰਾਂ ਸੌ ਰੁਪਈਆ ਵਾਧੂ ਲਾਈ ਜਾਵੇ...ਮੇਰੇ ਕੋਲ ਕਾਪੀ ਉੱਤੇ ਨੋਟ ਕੀਤੇ ਹੋਏ ਸੀ...ਮੈਂ ਚਾਰ ਬੰਦਿਆਂ 'ਚ ਕਾਪੀ ਖੋਲ੍ਹ ਦਿੱਤੀ...ਦਿਖਾਈ ਤਾਂ ਹਰਾਮੀ ਗੱਲ ਨੂੰ ਏਧਰ ਉਧਰ ਕਰੀ ਜਾਵੇ...ਮੈਂ ਟਰਾਲੀ ਤੋਰ ਲਈ ਤਾਂ ਫਿਰ ਕੰਜਰ ਮਿੰਨਤਾਂ 'ਤੇ ਉਤਰ ਆਇਆ...। ਚਲੋ ਛੱਡੋ ਗੱਲ ਨੂੰ...ਮੈਂ ਘੰਟੇ ਤੋਂ ਪਹਿਲਾਂ ਪਹੁੰਚ ਰਿਹਾਂ...ਮੈਨੂੰ ਤਾਂ ਮੰਗੀ ਨੇ ਸਵੇਰੇ ਗੱਲ ਦੱਸ ਕੇ ਚਿੰਤਾ ਵਿੱਚ ਪਾ ਦਿੱਤਾ....ਗੱਲ ਵੀ ਪੂਰੀ ਨਹੀਂ ਦੱਸੀ... ਮੰਡੀ ਵਿਚ ਖੜ੍ਹਾ ਕੁਲਤਾਰ ਉਚੀ ਉਚੀ ਬੋਲ ਰਿਹਾ ਸੀ ਜਿਸ ਕਰਕੇ ਆਲੇ ਦੁਆਲੇ ਖੜ੍ਹੇ ਲੋਕ ਉੱਲਰ ਉੱਲਰ ਉਹਦੇ ਵੱਲ ਦੇਖ ਰਹੇ ਸਨ।

ਜਦੋਂ ਮੈਂ ਪੂਰੀ ਗੱਲ ਦੱਸੂੰ - ਫੇਰ ਸੋਚਿਓ ਤੁਸੀਂ- ਚਲੋ ਮਿਲ ਕੇ ਗੱਲ ਕਰਦੇ ਆਂ।

ਚਲੋ ਜੋ ਸਤਿਗੁਰ ਨੂੰ ਮਨਜ਼ੂਰ ...

ਗੱਲ ਮੁਕਾਉਣ ਬਾਅਦ ਕੁਲਤਾਰ ਨੇ ਬਜ਼ਾਰ ਚੋਂ ਲਿਸਟ 'ਤੇ ਲਿਖਿਆ ਇਕ ਇਕ ਕਰ ਕੇ ਸਾਰਾ ਸਮਾਨ ਖਰੀਦਿਆ ਤੇ ਇਕ ਹੋਰ ਦੁਕਾਨ ਤੋਂ ਭਿੰਦੇ ਲਈ ਵਧੀਆ ਜਿਹਾ ਬੈਗ ਵੀ। ਸਮਾਨ ਰਿਕਸ਼ੇ ਵਿੱਚ ਰਖਾਇਆ ਤੇ ਟਰੈਕਟਰ ਕੋਲ ਆ ਪਹੁੰਚਾ। ਮਿਲਖੀ ਨੂੰ ਸਮਾਨ ਟਰਾਲੀ ਵਿੱਚ ਰੱਖਣ ਲਈ ਕਹਿ ਕੇ ਕੁਲਤਾਰ ਹਲਵਾਈ ਦੀ ਦੁਕਾਨ 'ਤੇ ਗਿਆ। ਉਹਨੇ ਕਿੱਲੋ ਕਿੱਲੋ ਦੇ ਦੋ ਲਿਫ਼ਾਫ਼ੇ ਜਲੇਬੀਆਂ ਦੇ ਲਏ ਤੇ ਆ ਗਿਆ। ਇਕ ਲਿਫ਼ਾਫ਼ਾ ਉਹਨੇ ਟੂਲ ਬਕਸ 'ਚ ਰੱਖਿਆ ਤੇ ਦੂਜਾ ਮਿਲਖੀ ਨੂੰ ਫੜਾਉਂਦਾ ਕਹਿੰਦਾ, ਚੱਕ ਬਈ ਸ਼ੇਰਾ...ਮੈਂ ਤਾਂ ਦੋ ਕੁ ਖਾਊਂ, ਬਾਕੀ ਤੂੰ ਮੁਕਾਅ ਦੇ।

ਐਨੀਆਂ!! ਮੈਂ ਕੱਲਾ ਈ ਮੁਕਾਵਾਂ...ਭਾ ਅੱਧੀਆਂ ਤੂੰ ਚੁੱਕ...

ਆ ਜਾ ਸੀਟ 'ਤੇ...ਇਹ ਕੋਈ ਮਣ ਨਹੀਂ... ਤੇ ਕੁਲਤਾਰ ਨੇ ਸੀਟ 'ਤੇ ਬੈਠਦਿਆਂ ਟਰੈਕਟਰ ਤੋਰ ਲਿਆ।

ਰੁਪਿੰਦਰ ਜਦੋਂ ਮੰਗੀ ਦੇ ਘਰ ਪਹੁੰਚਿਆ ਉਹ ਕੋਠੇ ਉੱਤੇ ਖੜ੍ਹੀ ਕਪੜਿਆਂ ਨੂੰ ਉਲਟ-ਪੁਲਟ ਕਰ ਕੇ ਸੁੱਕਣੇ ਪਾ ਰਹੀ ਸੀ। ਭਰਾ ਨੂੰ ਦੇਖਿਆ ਤੇ ਉਹਨੇ ਕੰਮ ਵਿਚੇ ਛੱਡਿਆ ਤੇ ਕਾਹਲੀ ਕਾਹਲੀ ਹੇਠਾਂ ਉਤਰ ਆਈ। ਰੁਪਿੰਦਰ ਭਾਈਆ ਜੀ ਕੋਲ ਹੀ ਬਹਿ ਗਿਆ। ਮੰਗੀ ਆ ਕੇ ਭਰਾ ਨੂੰ ਮਿਲੀ ਤੇ ਮੰਮੀ, ਡੈਡੀ, ਭਰਜਾਈ ਤੇ ਬੱਚੀਆਂ ਦੀ ਰਾਜ਼ੀ ਖ਼ੁਸ਼ੀ ਪੁੱਛੀ।

ਮੈਂ ਤੁਹਾਨੂੰ ਲੱਸੀ ਪਿਆਉਂਦੀਆਂ...ਕੁਲਤਾਰ ਹੁਣੀਂ ਵੀ ਪਹੁੰਚਣ ਵਾਲੇ ਆ...ਫੇ ਆਪਾਂ ਚਾਹ ਪੀਆਂਗੇ... ਕਹਿ ਕੇ ਮੰਗੀ ਬੈਠਕ ਵੱਲ ਚੱਲੀ ਤਾਂ ਰੁਕ ਗਈ, ਭਾ ਜੀ- ਕੁਲਤਾਰ ਹੋਰਾਂ ਦਾ ਫੋਨ ਆ ਗਿਆ ਸੀ ਨਾ? ਮੈਂ ਤੁਹਾਡੇ ਫੋਨ ਬਾਰੇ ਦੱਸ ਦਿੱਤਾ ਸੀ...ਤੁਸੀਂ ਵਿਚਦੀ ਗੱਲ ਤਾਂ ਦੱਸੋ...ਪ੍ਰਾਬਲਮ ਕੀ ਆ?

ਮੰਗੀ ਪ੍ਰਾਬਲਮ ਬੜੀ ਖਾਸ ਆ...ਮਾਸੜ ਜੀ ਸੁਣੋ ਤੁਸੀਂ ਵੀ...ਮੈਨੂੰ ਤਾਂ ਕੱਲ੍ਹ ਈ ਇਕ ਖਾਸ ਬੰਦੇ ਕੋਲੋਂ ਖਬਰ ਮਿਲੀ ਆ...ਬੰਦਾ ਹੈ ਵੀ ਕਬੂਲਪੁਰ ਦਾ ਈ..ਮਾਸੜ ਜੀ ਕਸੂਰ ਤਾਂ ਸਾਰਾ ਤੁਹਾਡਾ ਈ ਆ ਜਿਹੜਾ ਹੌਲ-ਧਲਾਈ ਵਿਚ ਫਟਾ ਫਟ ਕੁੜੀ ਦਾ ਵਿਆਹ ਕਰ ਦਿੱਤਾ..ਉਹਨੂੰ ਪੜ੍ਹਨ ਵੀ ਨਈਂ ਦਿੱਤਾ...ਫੇ ਬੰਦੇ ਵੀ ਸਿਰੇ ਦੇ ਮਾੜੇ ਲੱਭੇ... ਕਹਿਕੇ ਰੁਪਿੰਦਰ ਨਰਮ ਜਿਹਾ ਪੈ ਕੇ ਭਾਈਏ ਵੱਲ ਦੇਖਣ ਲੱਗਾ।

ਮੰਗੀ ਇਸੇ ਸਮੇਂ ਓਥੋਂ ਤੁਰ ਪਈ।

ਜੁਆਨਾ ਬੰਦੇ ਦੇ ਅੰਦਰ ਥੋੜੋ ਬੜ ਕੇ ਦੇਖਿਆ ਹੁੰਦਾ...ਮੂੰਹ-ਮੱਥਾ ਈ ਦੇਖਣਾ-ਪਰਖਣਾ ਹੁੰਦਾ ਜਾਂ ਗਲਬਾਤ ਕਰਨੀ ਹੁੰਦੀ ਆ...ਜਿਹਨੇ ਦੱਸ ਪਾਈ ਸੀ ਉਹ ਤਾਂ ਬੜੀਆਂ ਸਿਫਤਾਂ ਕਰਦਾ ਸੀ...ਹੁਣ ਕੀ ਗੱਲ ਹੋਈ ਆ? ਕਹਿ ਕੇ ਭਾਈਏ ਨੇ ਸਿਰ ਦੇ ਸਾਫ਼ੇ ਨੂੰ ਸੁਆਰਿਆ।

ਰੁਪਿੰਦਰ ਥੋੜਾ ਤੈਸ਼ ਵਿੱਚ ਆ ਗਿਆ- ਮਾਸੜ ਜੀ ਜਿੱਦਣ ਕੋਈ ਭਾਣਾ ਵਾਪਰ ਗਿਆ ਫੇਰ ਈ ਅੱਖਾਂ ਖੁੱਲ੍ਹਣਗੀਆਂ...ਮੈਂ ਤਾਂ ਪਹਿਲਾਂ ਵੀ ਭਾ ਜੀ ਕੁਲਤਾਰ ਹੁਣਾਂ ਦੇ ਕੰਨ ਚੋਂ ਗੱਲ ਕੱਢੀ ਸੀ- ਉਹਨਾਂ ਮੇਰੀ ਗੱਲ ਈ ਖੂਹ-ਖਾਤੇ ਪਾ ਤੀ... ਗੱਲ ਕਰਦੇ ਰੁਪਿੰਦਰ ਦੇ ਮੂੰਹ 'ਚ ਮੱਛਰ ਪੈ ਗਿਆ ਤਾਂ ਥੁੱਕਣ ਲਈ ਉਹ ਬਾਹਰ ਨੂੰ ਉੱਠਿਆ।

ਇਸੇ ਸਮੇਂ ਮੰਗੀ ਨੇ ਲੱਸੀ ਵਾਲਾ ਜੱਗ ਲਿਆ ਰੱਖਿਆ।

ਕਾਕਾ ਰੁਪਿੰਦਰ ਸਿੰਘਾ ਤੂੰ ਬਈ ਗੱਲ ਦੱਸ ਵਿਚਲੀ ਮੈਨੂੰ ਤੇਰੀਆਂ ਬੁਝਾਰਤਾਂ ਸਮਝ ਨਈਂ ਪੈਂਦੀਆਂ...ਮੈਂ ਤਾਂ ਸੱਚੀਂ ਮੁਚੀਂ ਦਾ ਜੱਟ ਆਂ... ਗੱਲ ਕਰਦੇ ਭਾਈਏ ਦਾ ਮੂੰਹ ਲਾਲ ਸੁਰਖ ਹੋ ਗਿਆ ਤੇ ਉਹਨੇ ਦਾਹੜੀ ਨੂੰ ਸੁਆਰਿਆ।

ਸੜਕ ਉੱਪਰੋਂ ਟਰੈਕਟਰ ਦੇ ਹੌਰਨ ਦੀ ਅਵਾਜ਼ ਆਈ ਤਾਂ ਮੰਗੀ ਨੇ ਦੌੜ ਕੇ ਰਾਹ 'ਚ ਖੜ੍ਹਾ ਮੋਟਰ ਸਾਈਕਲ ਇਕ ਪਾਸੇ ਨੂੰ ਕੀਤਾ। ਮਿਲਖੀ ਛਾਲ ਮਾਰ ਕੇ ਉਤਰਿਆ ਤੇ ਸਮਾਨ ਮੰਗੀ ਨੂੰ ਫੜਾਉਣ ਲੱਗਾ। ਕੁਲਤਾਰ ਰੁਪਿੰਦਰ ਨੂੰ ਜੱਫੀ ਪਾ ਕੇ ਮਿਲਿਆ। ਉਹ ਭਾਈਏ ਦੇ ਬਰਾਬਰ ਹੀ ਬਹਿ ਗਏ। ਰੁਪਿੰਦਰ ਨੇ ਜਿੱਥੇ ਗੱਲ ਛੱਡੀ ਸੀ, ਅੱਗੇ ਬੋਲਿਆ,

ਮੈਂ, ਕੁਲਤਾਰ, ਕਬੂਲਪੁਰੀਆਂ ਦੀ ਗੱਲ ਕਰਦਾ ਸੀ...ਕੱਲ੍ਹ ਓਸੇ ਪਿੰਡ ਦਾ ਬੰਦਾ ਮਿਲ ਗਿਆ...ਹੈ ਵੀ ਉਨ੍ਹਾਂ ਦੀ ਸਾਂਝ ਵਾਲਾ..ਬਈ ਤਾਰਨਵੀਰ ਓਸ ਘਰ ਵਿੱਚ ਬੜੀ ਤੰਗ ਆ...ਤੁਹਾਨੂੰ ਆ ਕੇ ਕੀ ਦੱਸੇ...ਵਿਚਾਰੀ ਤੁਹਾਨੂੰ ਪਰੇਸ਼ਾਨੀ 'ਚ ਪਾਉਣ ਤੋਂ ਡਰਦੀ ਗੱਲ ਨਈਂ ਕਰਦੀ...ਕਈ ਹੋਰ ਗੱਲਾਂ ਉਹਨੇ ਦੱਸੀਆਂ...ਕਹਿੰਦਾ ਪੰਜ ਸਾਲ ਹੋ ਗਏ ਤਾਰਨ ਦੇ ਪ੍ਰਾਹੁਣੇ ਨੂੰ ਹਕੀਮਾਂ ਕੋਲੋਂ ਦੁਆਈਆਂ ਖਾਂਦੇ ਨੂੰ...ਕਾਹੜੇ ਪੀਂਦੇ ਨੂੰ...ਬੱਸ ਖਾਈ ਜਾਂਦਾ...

ਦੇਖ ਲਓ ਡੈਡ ਓਸ ਬੰਦੇ ਦੀਆਂ ਕਰਤੂਤਾਂ..ਲਗਦਾ ਓਹਨੂੰ ਤਾਂ ਕੋਈ ਵੱਡੀ ਬਿਮਾਰੀ ਆ...ਖੁੱਲ੍ਹ ਕੇ ਦੱਸ ਨਈਂ ਸਕਦਾ...ਓਸ ਕੁੱਤੇ ਨੇ ਪਿਓ ਨੂੰ ਘਰੋਂ ਕੱਢ ਕੇ ਓਦਾਂ ਘਰੋਂ ਕੱਢ ਦਿੱਤਾ...ਉਹ ਵੱਡਾ ਕਾਮਰੇਡ ਪਾਰਟੀ ਦਫਤਰ ਰਹਿੰਦਾ.. ਮੰਗੀ ਆ ਕੇ ਬੋਲਣ ਲੱਗੀ।

ਚਲੋ ਕਾਮਰੇਡ ਤਾਂ ਏਸ ਪੁੱਤ ਤੋਂ ਦੁਖੀ ਹੋ ਕੇ ਘਰ ਈ ਛੱਡ ਗਿਆ...ਅੰਨ੍ਹੀ ਮਾਂ ਦੀ ਇਹ ਕੀ ਪ੍ਰਵਾਹ ਕਰਦਾ...ਮਾਸੜ ਜੀ ਬੰਦਾ ਇਹ ਠੀਕ ਨਈਂ...ਮਾੜੀ ਗੱਲ ਤਾਂ ਇਹ ਆ ਕਿ ਸਾਡੀ ਕੁੜੀ ਨੂੰ ਸਾਨੂੰ ਈ ਗੱਲ ਦੱਸਣੋਂ ਵੀ ਰੋਕਦਾ... ਮੰਗੀ ਬੋਲੀ ਗਈ। ਫਿਰ ਉਹ ਨਾਲ ਹੀ ਬੋਲੀ, ਚਲੋ ਆ ਜੋ ਅੰਦਰ...ਇੱਥੇ ਲੰਘਦਾ ਵੜਦਾ ਕੋਈ ਐਵੇਂ ਆ ਖੜ੍ਹਦਾ।

ਪਹਿਲਾਂ ਰੁਪਿੰਦਰ ਉਠਿਆ, ਫਿਰ ਭਾਈਆ ਤੇ ਨਾਲ ਹੀ ਕੁਲਤਾਰ ਉੱਠ ਪਿਆ।

ਬਈ ਮੇਰਾ ਤਾਂ ਮਨ ਏਸ ਬੰਦੇ ਤੋਂ ਉਚਾਟ ਹੋ ਗਿਆ...ਕਦੀ ਕਿਸੇ ਨੇ ਕੋਈ ਗੱਲ ਈ ਨਈਂ ਦੱਸੀ...ਤਾਰਨ ਨੇ ਦੱਸਣੀ ਆਂ..ਉਹਨੂੰ ਕੱਲੀ ਨੂੰ ਛੱਡਦਾ ਈ ਨਈਂ....ਇਕ ਦੋ ਗੱਲਾਂ ਦਾ ਪਤਾ ਲੱਗਾ, ਮਨ ਬਹੁਤ ਦੁਖੀ ਹੋਇਆ....ਪਤਾ ਨਈਂ ਰੱਬ ਨੇ ਕਾਹਦਾ ਬਦਲਾ ਲਿਆ ਸਾਡੇ ਤੋਂ... ਕਹਿੰਦਾ ਕਹਿੰਦਾ ਕੁਲਤਾਰ ਡੁਸਕਣ ਹੀ ਲੱਗ ਪਿਆ ਤੇ ਸਿਰ ਸੋਫ਼ੇ ਉੱਤੇ ਰੱਖ ਲਿਆ।

ਆਹ ਦੇਖ ਲਓ ਮੇਰਾ ਪੁੱਤ! ਓਏ ਅਹਿਮਕਾ...ਐਦਾਂ ਦਿਲ ਛੱਡ ਕੇ ਨਈਂ ਸਰਨਾ... ਮੈਨੂੰ ਤਾਂ ਅੱਜ ਵਿਚਲੀ ਗੱਲ ਦੀ ਖਬਰ ਮਿਲੀ ਆ... ਓਦੋਂ ਮੈਂ ਮੋਟਰ ਸਾਈਕਲ ਦਿੰਦਾ ਸੀ, ਇਹਨੇ ਲੈਣੋਂ ਨਾਂਹ ਕਰਤੀ...ਕਹਿੰਦਾ ਵੈਨ ਲੈਣੀ ਆਂ...ਮੈਂ ਕਿਹਾ ਮਾਰੋ ਸਾਲੇ ਦੇ ਮੱਥੇ...ਓਦੋਂ ਮੈਂ ਕਰਜਾ ਚੁਕ ਕੇ ਵੈਨ ਲੈ ਦਿੱਤੀ... ਗੱਲ ਕਰਦੇ ਕਰਦੇ ਭਾਈਏ ਨੂੰ ਖੰਘ ਛਿੜ ਗਈ ਤੇ ਉਹ ਉੱਠ ਕੇ ਬਾਹਰ ਚਲਾ ਗਿਆ।

ਵਾਪਸ ਆਉਂਦਾ ਹੀ ਭਾਈਆ ਬੋਲਿਆ, ਫੇ ਦੇਖੋ ਅਸੀਂ ਧੀ ਨੂੰ ਨੌਕਰੀ ਲੁਆ ਦਿੱਤਾ...ਸਾਡੇ ਪੁੱਤ ਦੀ ਮਿਹਰਬਾਨੀ ਨਾਲ਼.. ਵੀਹ ਹਜਾਰ ਤਨਖਾਹ ਲੈਂਦੀ ਆ...ਇਹਨੂੰ ਹਰਾਮੀ ਨੂੰ ਹਜਮ ਨਈਂ ਹੁੰਦੇ...। 'ਪਿੰਦਰ ਭਾ ਜੀ ਆਪਾਂ ਕੱਲ੍ਹ ਸ਼ਹਿਰ ਜਾ ਕੇ ਤਾਰਨ ਨੂੰ ਮਿਲੀਏ- ਇਕ ਦੋ ਗੱਲਾਂ ਉਹਨੂੰ ਪੁੱਛਣੀਆਂ..ਉਹ ਸਾਨੂੰ ਦਿਲ ਦੀ, ਆਪਣੇ ਹਿਰਦੇ ਦੀ ਗੱਲ ਕਿਓਂ ਨਈਂ ਦਸਦੀ...ਪਤਾ ਨਈਂ ਮੈਨੂੰ ਤਾਂ ਉਹ ਆਪਣਾ ਸਕਾ ਭਰਾ ਈ ਨਈਂ ਸਮਝਦੀ..ਜਾਂ ਕੋਈ ਹੋਰ ਗੱਲ ਆ...ਹੋਰ ਕਾਹਦੀ ਗੱਲ ਆ..ਕੋਈ ਵੀ ਧੀ ਆਪਣੇ ਮਾਪਿਆਂ ਨੂੰ ਦੁਖੀ ਨੀ ਕਰਦੀ ਹੁੰਦੀ... ਵਾਹ ਲਗਦੀ ਨੂੰ ਉਹ ਆਪਣੇ ਦੁਖ ਆਪ ਈ ਆਪਣੇ ਅੰਦਰ ਹਜ਼ਮ ਕਰੀ ਜਾਂਦੀ ਆ... ਮੰਗੀ ਰਸੋਈ 'ਚ ਸਬਜੀ ਗਰਮ ਕਰਦੀ ਬੋਲੀ।

+++

ਦੂਜੇ ਦਿਨ ਕੁਲਤਾਰ ਨੇ ਸਵੇਰੇ ਹੀ ਮੰਗੀ ਨੂੰ ਕਹਿ ਦਿੱਤਾ ਕਿ ਆਪਾ ਬਾਰਾਂ ਤੋਂ ਬਾਅਦ ਸ਼ਹਿਰ ਨੂੰ ਚੱਲਣਾ, ਤਾਰਨ ਨੂੰ ਮਿਲਣ, ਤਿਆਰ ਰਹੇ।

ਉਹ ਦੋਨੋ ਟਾਈਮ ਨਾਲ ਤਾਰਨ ਦੇ ਦਫ਼ਤਰ ਦੇ ਬਾਹਰ ਪਹੁੰਚ ਗਏ। ਰੁਪਿੰਦਰ ਸਿੰਘ ਪਹਿਲਾਂ ਹੀ ਆਇਆ ਖੜ੍ਹਾ ਸੀ।

ਜਦੋਂ ਉਹ ਤਾਰਨ ਨੂੰ ਮਿਲੇ ਤਾਂ ਉਹਨੂੰ ਕੋਈ ਹੈਰਾਨੀ ਨਹੀਂ ਸੀ ਹੋਈ। ਮੰਗੀ ਨੇ ਉਹਨੂੰ ਗਿਆਰਾਂ ਕੁ ਵਜੇ ਫੋਨ ਕਰ ਕੇ ਆਉਣ ਬਾਰੇ ਦੱਸ ਦਿੱਤਾ ਸੀ।

ਤਾਰਨ ਵੀ ਉਨ੍ਹਾਂ ਨੂੰ ਇਕ ਖਾਲੀ ਪਏ ਕਮਰੇ ਵਿੱਚ ਲੈ ਗਈ। ਉਨ੍ਹਾਂ ਨੂੰ ਗੱਲਾਂ ਕਰਦਿਆਂ ਦਸ ਕੁ ਮਿੰਟ ਹੀ ਹੋਏ ਸਨ ਕਿ ਚਾਹ ਆ ਗਈ।

ਚਾਹ ਵਾਲਾ ਟਰੇਅ 'ਚੋਂ ਕੱਪ ਰੱਖ ਹੀ ਰਿਹਾ ਸੀ ਕਿ ਤਾਰਨ ਭਰਜਾਈ ਮੰਗੀ ਨੂੰ ਦੂਜੇ ਕਮਰੇ ਵਿੱਚ ਬਾਥਰੂਮ ਲੈ ਕੇ ਚਲੀ ਗਈ। ਉਹ ਦਸ ਮਿੰਟ ਲਾ ਕੇ ਮੁੜੀਆਂ ਤਾਂ ਮੰਗੀ ਤਾਂ ਪੂਰੀ ਤਰ੍ਹਾਂ ਤਣੀ ਹੋਈ ਸੀ। ਉਹ ਤੈਸ਼ ਵਿੱਚ ਹੀ ਬੋਲੀ, ਪੀ ਲਈ ਜੀ ਚਾਹ...? ਚਲੋ ਉੱਠੋ.. ਤਾਰਨ ਦਿਲ ਨਾ ਛੱਡੀਂ..ਮੈਂ ਅੱਜ ਈ ਸੋਚਦੀ ਆਂ ਤੇਰੇ ਬਾਰੇ...ਮੈਨੂੰ ਲਗਦਾ ਸਾਡੀ ਇਹ ਕੁੜੀ ਬਚਦੀ ਨਈਂ..ਜ਼ੁਲਮ ਦੀ ਤਾਂ ਹੱਦ ਈ ਮੁੱਕ ਗਈ...ਉਹ ਆਦਮੀ ਤਾਂ ਪਾਗਲ ਹੋ ਗਿਆ ਲਗਦਾ...

ਭਾਬੀ ਜੀ ਬੈਠੋ ਤੁਸੀਂ ਚਾਹ ਤਾਂ ਲਓ ਆਪਣੀ...

ਤਾਰਨ ਨੇ ਮੰਗੀ ਦਾ ਹੱਥ ਫੜਿਆ।

ਤਾਰਨ ਮੈਂ ਤੇਰੀਆਂ ਤਕਲੀਫਾਂ, ਪਰੇਸ਼ਾਨੀਆਂ ਤੇ ਤੇਰੇ ਦੁੱਖਾਂ ਵਲ ਦੇਖ ਕੇ ਹੁਣ ਤਾਂ ਪਾਣੀ ਦਾ ਘੁੱਟ ਨਈਂ ਇਥੇ ਪੀ ਸਕਦੀ...ਤੋਬਾ ਤੋਬਾ! ਚਲੋ ਰੁਪਿੰਦਰ ਭਾ ਜੀ ਉੱਠੋ...ਘਰ ਪਹੁੰਚ ਕੇ ਅੱਗੇ ਸੋਚਦੇ ਆਂ... ਤੇ ਮੰਗੀ ਤਾਂ ਬੈਠੀ ਹੀ ਨਹੀਂ, ਪੰਜ ਮਿੰਟ ਖੜ੍ਹੀ ਹੀ ਰਹੀ। ਤੇ ਫਿਰ ਉਹ ਤੁਰ ਹੀ ਪਏ।

ਜੋਤੀ ਚੌਂਕ 'ਚੋਂ ਰੁਪਿੰਦਰ ਆਪਣੇ ਪਿੰਡ ਵਲ ਮੁੜਨ ਲਈ ਰੁਕ ਗਿਆ, ਮੈਂ ਪੰਜ ਛੇ ਵਜੇ ਆਊਂ ਤੇ ਤੈਨੂੰ ਬੰਦੇ ਨਾਲ ਮਿਲਾਊਂ...ਉਹਦਾ ਕੰਮ ਈ ਸਾਫ਼ ਕਰ ਦਊ ਏਸ ਸਾਲੇ ਕੁੱਤੇ ਦਾ...ਘਬਰਾਓ ਨਾ ਤੁਸੀਂ...ਉਹਨੂੰ ਸਿੱਧੇ ਰਾਹ ਪਾ ਦਿਆਂਗੇ....ਮਾਸੜ ਜੀ ਨੂੰ ਹੌਸਲਾ ਦਿਓ...ਉਨ੍ਹਾਂ ਨੂੰ ਨਾ ਉਦਰਨ ਦਿਓ...

ਚਲੋ ਠੀਕ ਆ...ਸ਼ਾਮ ਨੂੰ ਕਰਦੇ ਆਂ ਸਲਾਹ- ਉਹ ਚੌਂਕ 'ਚੋਂ ਆਪਣੇ ਰਾਹ ਹੋ ਤੁਰੇ।

ਨਹਿਰ ਦਾ ਪੁਲ ਲੰਘ ਕੇ ਕੁਲਤਾਰ ਨੇ ਮੋਟਰ ਸਾਈਕਲ ਰੋਕ ਲਿਆ। ਮੰਗੀ ਉਤਰ ਕੇ ਖੜ੍ਹੀ ਹੋ ਗਈ ਤੇ ਕੁਲਤਾਰ ਕੰਧ ਵਲ ਤੁਰ ਪਿਆ।

ਕੰਧ ਵਲੋਂ ਮੁੜ ਕੇ ਕੁਲਤਾਰ ਨੇ ਪੁੱਛਿਆ, ਕੀ ਦੱਸਿਆ ਤੈਨੂੰ ਤਾਰਨ ਨੇ...ਮੈਨੂੰ ਵੀ ਤਾਂ ਪਤਾ ਲੱਗੇ।

(ਬਾਕੀ ਸਫ਼ਾ 31 'ਤੇ)

# ਮੇਰੀ ਕਲਮ

## ਕੁਦਰਤੀ ਨਜ਼ਾਰਾ

ਉਕਤਾਮੋਏ ਖਲਦੋਰੋਵਾ



ਨੀਲੀ ਹਵਾ ਦੇ ਪਰਦੇ 'ਚ
ਦਿਨ ਚੜ੍ਹ ਰਿਹਾ ਹੈ
ਧਰਤੀ 'ਤੇ ਅਨੰਤ ਚਮਕੀਲੀਆਂ
ਕਿਰਨਾਂ ਪੈ ਰਹੀਆਂ ਹਨ
ਅੱਖਾਂ ਪੂੰਝਦੀ ਹਵਾ ਚੱਲ ਰਹੀ ਹੈ

ਸੁਸਤ ਨਰਮ ਘਾਹ
ਤ੍ਰੇਲ ਦੀਆਂ ਬੂੰਦਾਂ 'ਚ ਨਹਾ ਰਿਹਾ ਹੈ
ਪੀਲ਼ੇ ਫੁੱਲਾਂ ਦਾ ਬੂਟਾ ਤਿਆਰ ਹੋ ਰਿਹਾ ਹੈ
ਸੁਨਹਿਰੀ ਖਟਮਲ ਗਾ ਰਿਹਾ ਹੈ
ਮੱਖੀਆਂ ਪਾਣੀ 'ਚ ਛੱਲਾਂ ਮਾਰਦੀਆਂ ਹਨ
ਕਿਨਾਰੇ 'ਤੇ ਚਾਲ਼ੀ ਕੁੜੀਆਂ
ਹੱਥਾਂ 'ਚ ਹੱਥ ਪਾਈ ਭੱਜ ਰਹੀਆਂ ਨੇ
ਕੀੜੀ ਇਕੱਲੀ ਬੀਅ ਚੁੱਕੀ
ਤੜਕਸਾਰ ਕਿੱਥੇ ਜਾ ਰਹੀ ਹੈ ?
ਸੱਭ ਨੂੰ ਦੇਖਦਿਆਂ
ਫੁੱਲ ਦੀ ਡੋਡੀ ਮੂੰਹ ਖੋਲ੍ਹ ਰਹੀ ਹੈ
ਹੈਰਾਨ ਜਿਹੀ ਹੈ..................

## ਧਰਤੀ

ਸਮਰਜੀਤ ਸਿੰਘ ਸ਼ਮੀ



ਰੱਬ ਨੇ ਬਣਾਈ, ਧਰਤੀ ਸ਼ਿੰਗਾਰ ਕੇ
ਸਭ ਰੰਗ ਪਾਏ, ਆਪਣੇ ਪਸਾਰ ਤੇ
ਪੁੱਠਾ ਗੇੜਾ ਦੇ ਤਾ, ਬੰਦੇ ਨੇ ਸਵਾਰ ਕੇ
ਦਾਤੇ ਦੀਆਂ ਖੁੱਲ੍ਹਾਂ, ਤਾਈ ਜਿੰਦੇ ਮਾਰ ਕੇ

ਜੰਗਲ ਕਟਾਤੇ, ਵੱਢ ਦਿੱਤੇ ਰੁੱਖ ਜੀ
ਹੋ ਗਿਆ ਹੈ ਕੈਸਾ , ਦੇਖ ਲੌ ਮਨੁੱਖ ਜੀ
ਚਲਦਾ ਨਾ ਜ਼ੋਰ, ਵਧ ਗਈ ਭੁੱਖ ਜੀ
ਕਰਨਾ ਕੀ ਲੋਕੋ, ਲਗਦਾ ਹੈ ਦੁੱਖ ਜੀ

ਪੜ੍ਹੇ ਅਖ਼ਬਾਰਾਂ, ਤਾਂ ਵੀ ਨਹੀਂ ਜਾਗਦਾ
ਕੌਣ ਹੈ ਵਜਾਵੇ, ਵਾਜਾ ਮੌਤ ਰਾਗ ਦਾ
ਕੌਣ ਹੈ ਉਜਾੜੇ, ਰਾਖਾ ਕੌਣ ਬਾਗ ਦਾ
ਮਾੜਿਆ ਦੇ ਸੀਨੇ, ਗੋਲ਼ੀ ਕੌਣ ਦਾਗ਼ਦਾ

ਕੀ ਐ ਦੱਸ ਫ਼ੈਦਾ, ਛੱਡ ਪਰੇ ਸ਼ੋਰ ਨੂੰ
ਬੰਦ ਕਰੋ ਏਥੇ, ਗੱਲ ਛੇੜੋ ਹੋਰ ਨੂੰ
ਰਾਤ ਦੇ ਵਪਾਰੀ, ਲੱਭਦੇ ਨਾ ਭੋਰ ਨੂੰ
ਲੱਭਣਗੇ ਸ਼ਮੀ, ਪੈਲਾਂ ਪਾਂਦੇ ਮੋਰ ਨੂੰ

## ਕੰਬਦੀ ਕਲਾਈ

ਭਾਈ ਵੀਰ ਸਿੰਘ



ਸੁਪਨੇ ਵਿੱਚ ਤੁਸੀਂ ਮਿਲੇ ਅਸਾਨੂੰ
ਅਸਾਂ ਧਾ ਗਲਵਕੜੀ ਪਾਈ
ਨਿਰਾ ਨੂਰ ਤੁਸੀਂ ਹੱਥ ਨ ਆਏ
ਸਾਡੀ ਕੰਬਦੀ ਰਹੀ ਕਲਾਈ,

ਧਾ ਚਰਨਾਂ ਤੇ ਸ਼ੀਸ਼ ਨਿਵਾਇਆ
ਸਾਡੇ ਮੱਥੇ ਛੋਹ ਨ ਪਾਈ,
ਤੁਸੀਂ ਉੱਚੇ ਅਸੀਂ ਨੀਵੇਂ ਸਾਂ
ਸਾਡੀ ਪੇਸ਼ ਨ ਗਈਆ ਕਾਈ,

ਫਿਰ ਲੜ ਫੜਨੇ ਨੂੰ ਉੱਠ ਦਉੜੇ
ਪਰ ਲੜ ਉਹ 'ਬਿਜਲੀ ਲਹਿਰਾ'
ਉਡਦਾ ਜਾਂਦਾ, ਪਰ ਉਹ ਅਪਣੀ
ਛੁਹ ਸਾਨੂੰ ਗਯਾ ਲਾਈ

ਮਿੱਟੀ ਚਮਕ ਪਈ ਇਹ ਮੋਈ
ਤੇ ਤੁਸੀਂ ਲੂੰਆਂ ਵਿਚ ਲਿਸ਼ਕੇ,
ਬਿਜਲੀ ਕੂੰਦ ਗਈ ਥਰਰਾਂਦੀ
ਹੁਣ ਚਕਾਚੂੰਧ ਹੈ ਛਾਈ ।

## ਫੁੱਲਾਂ ਨੂੰ ਖੁਸ਼ਬੋ

ਕਮਰ-ਉਜ਼-ਜ਼ਮਾਂ



ਫੁੱਲਾਂ ਨੂੰ ਖੁਸ਼ਬੋ ਨਾਲ ਲੜਦਾ ਵੇਖ ਰਹਿਆਂ,
ਬਾਗ਼ ਨੂੰ ਏਸੇ ਅੱਗ ਵਿੱਚ ਸੜਦਾ ਵੇਖ ਰਹਿਆਂ ।

ਨੁੱਕਰ ਭੁਰਨ ਦਾ ਝੋਰਾ ਐਵੇਂ ਝੁਰਦੇ ਰਹੇ,
ਹੌਲੀ ਹੌਲੀ ਚਾਕ ਵੀ ਝੜਦਾ ਵੇਖ ਰਹਿਆਂ ।

ਖੌਰੇ ਕਿਹੜਾ ਖ਼ੌਫ਼ ਏ ਜਿਹੜਾ ਦਿਸਦਾ ਨਹੀਂ,
ਅੱਜ ਕੱਲ ਆਪਣੀ ਜੀਭ ਨੂੰ ਅੜਦਾ ਵੇਖ ਰਹਿਆਂ ।

ਰੱਬਾ ਬਸਤਾ ਲੈਣ ਦੀਆਂ ਤੌਫ਼ੀਕਾਂ ਦੇ,
ਆਪਣੇ ਬਾਲ ਨੂੰ ਕਾਨਾ ਘੜਦਾ ਵੇਖ ਰਹਿਆਂ ।

ਸੱਪ ਬੰਦੇ ਦਾ ਬੰਦਾ ਸੱਪ ਦਾ ਵੈਰੀ ਏ,
ਮੈਂ ਬੰਦੇ ਨੂੰ ਬੰਦਾ ਲੜਦਾ ਵੇਖ ਰਹਿਆਂ ।

## ਨਾ ਦੀਵਾ ਬੁੱਝਦਾ ਤੇ ਨਾ ਹਨੇਰਾ

ਡਾ. ਗੁਰਚਰਨ ਕੌਰ ਕੋਚਰ

ਨਾ ਦੀਵਾ ਬੁੱਝਦਾ ਤੇ ਨਾ ਹਨੇਰਾ ਬੇਪਨਾਹ ਹੁੰਦਾ।
ਇਰਾਦਾ ਜੇ ਹਵਾ ਦਾ ਨਾ ਕਦੇ ਕਾਲਾ ਸਿਆਹ ਹੁੰਦਾ।

ਹਰਿਕ ਵਿਸ਼ਵਾਸ ਕਰਦਾ ਮੇਰੇ ਦਰਦਾਂ ਦੀ ਕਹਾਣੀ 'ਤੇ,
ਕੋਈ ਹੰਝੂ, ਕੋਈ ਹੌਕਾ ਜੇ ਮੌਕੇ ਦਾ ਗਵਾਹ ਹੁੰਦਾ।

ਜੇ ਅਪਣੇ ਹੱਥੀਂ ਨਾ ਵੱਟਦੇ ਅਸੀਂ ਰਸਮਾਂ ਦੀਆਂ ਰੱਸੀਆਂ,
ਨਾ ਤੇਰੇ ਗਲ 'ਚ ਫਾਹ ਹੁੰਦਾ ਨਾ ਮੇਰੇ ਗਲ 'ਚ ਫਾਹ ਹੁੰਦਾ।

ਨਹੀਂ ਹੁੰਦੀ ਕਦੇ ਵੀ ਪਿਆਰ ਕਰਨੇ ਦੀ ਸਜ਼ਾ ਕੋਈ,
ਇਹ ਸੱਚੇ ਪਿਆਰ ਦਾ ਜਜ਼ਬਾ ਹੀ ਜੇਕਰ ਬਾਦਸ਼ਾਹ ਹੁੰਦਾ।

ਜੇ ਮਿੱਟੀ ਨੂੰ ਪਕਾ ਕੇ ਨਾ ਬਣਾਉਂਦੇ ਰੱਬ ਦੇ ਘਰ ਵੱਖ-ਵੱਖ,
ਨਾ ਐਨੀ ਫੈਲਦੀ ਨਫ਼ਰਤ ਨਾ ਕੋਈ ਘਰ ਤਬਾਹ ਹੁੰਦਾ।

ਮੈਂ ਉਸ ਨੂੰ ਵੇਖ ਕੇ ਵੀ ਚੁੱਪ ਰਹੀ ਤੇ ਹੋਠ ਸੀ ਛੱਡੇ,
ਜੇ 'ਕੋਚਰ' ਨਾਮ ਲੈਂਦੀ ਇਕ ਤਮਾਸ਼ਾ ਖ਼ਾਹਮਖ਼ਾਹ ਹੁੰਦਾ।

## ਜੋ ਪਲਕੀਂ ਮੋਤੀ ਤੁੱਲਦੇ ਨੇ

ਅਖ਼ਤਰ ਹੁਸੈਨ ਅਖ਼ਤਰ



ਜੋ ਪਲਕੀਂ ਮੋਤੀ ਤੁੱਲਦੇ ਨੇ ,
ਉਹ ਹੱਦੋਂ ਬਾਹਰੇ ਮੁੱਲ ਦੇ ਨੇ ।

ਉਹ ਬੂਟੇ ਟਾਵੇਂ ਟਾਵੇਂ ਨੇ,
ਜੋ ਵਿੱਚ ਖ਼ਿਜ਼ਾਂ ਦੇ ਫੁਲਦੇ ਨੇ ।

ਜੋ ਫੁੱਲ ਬਣੇ ਸਨ ਹਾਰਾਂ ਲਈ,
ਅੱਜ ਵਿੱਚ ਖ਼ਿਜ਼ਾਂ ਦੇ ਰੁਲਦੇ ਨੇ ।

ਇਕ ਪਾਸੇ ਪੱਥਰ ਮੋਤੀ ਮੈਂ
ਅੱਜ ਸਾਵੇਂ ਵੇਖੇ ਤੁਲਦੇ ਨੇ ।

ਕੀ ਚਲਦਾ ਏ ਵਸ ਉਹਨਾਂ 'ਤੇ,
ਜੋ ਮੰਜ਼ਲ 'ਤੇ ਜਾ ਭੁਲਦੇ ਨੇ ।

ਜਦ ਅਖ਼ਤਰ ਜ਼ੁਲਫ਼ ਸੰਵਾਰਣ ਉਹ
ਕਈ ਰਾਜ਼ ਹਕੀਕਤ ਖੁੱਲ੍ਹਦੇ ਨੇ ।

## ਫੁੱਲਾਂ ਦਾ ਜੋ ਰਿਸ਼ਤਾ ਏ ਮਹਿਕਾਰ ਦੇ ਨਾਲ

ਇਮਰਾਨ ਸਲੀਮ

ਫੁੱਲਾਂ ਦਾ ਜੋ ਰਿਸ਼ਤਾ ਏ ਮਹਿਕਾਰ ਦੇ ਨਾਲ,
ਉਹੋ ਰਿਸ਼ਤਾ ਚਿਹਰੇ ਦਾ ਕਿਰਦਾਰ ਦੇ ਨਾਲ ।

ਬੇਚੈਨੀ ਬਸ ਦੂਰ ਏ ਮੈਥੋਂ ਏਸੇ ਲਈ,
ਮੈਂ ਨਹੀਂ ਰੱਖਦਾ ਸਾਂਝ ਕਿਸੇ ਮੱਕਾਰ ਦੇ ਨਾਲ ।

ਯਾਰੀ ਵਿੱਚ ਕੁਝ ਗਰਮੀ ਸਰਦੀ ਫਬਦੀ ਏ,
ਪਿਆਰ ਦਿਲਾਂ ਵਿੱਚ ਵਧਦਾ ਏ ਤਕਰਾਰ ਦੇ ਨਾਲ ।

ਮੰਜ਼ਿਲ ਕੋਲੋਂ ਦੂਰੀ ਉਹਦੀ ਕਿਸਮਤ ਏ,
ਚਲਦਾ ਨਹੀਂ ਜੋ ਵੇਲੇ ਦੀ ਰਫ਼ਤਾਰ ਦੇ ਨਾਲ ।

ਸੱਚ ਦੇ ਪਾਰੋਂ ਮਸਨਦ ਤੇ ਨਹੀਂ ਮਿਲ ਸਕਦੀ,
ਰਿਸ਼ਤਾ ਏ ਸੱਚਾਈ ਦਾ ਬਸ ਦਾਰ ਦੇ ਨਾਲ ।

ਸੋਚ-ਸਮਝ ਕੇ ਬੰਨੀ ਤੂੰ ਦਸਤਾਰ ਸਲੀਮ,
ਏਥੇ ਸਿਰ ਵੀ ਲਹਿ ਜਾਂਦੈ ਦਸਤਾਰ ਦੇ ਨਾਲ ।

## ਸੁਭਾਅ

ਸੰਦੀਪ ਕੁਮਾਰ ਨਰ

ਖੁਦ ਹੱਸਦਾ ਏ, ਹੱਸਣ ਲਾਉਂਦਾ ਏ,
ਵਾਸਤਾ ਡਾਢੇ ਨਾਲ ।
ਨਾ ਰੋਂਦਾ ਏ, ਨਾ ਰੋਣ ਦਿੰਦਾ ਏ,
ਵਾਸਤਾ ਡਾਢੇ ਨਾਲ।
ਨਾ ਗਿਰਦਾ ਏ, ਨਾ ਗਿਰਨ ਦਿੰਦਾ ਏ,
ਵਾਸਤਾ ਡਾਢੇ ਨਾਲ।
ਉੱਚਾ ਸੋਚਦਾ ਏ, ਸੋਚਣ ਲਾਉਂਦਾ ਏ,
ਵਾਸਤਾ ਡਾਢੇ ਨਾਲ।
ਨਾ ਬਹਿਕਦਾ ਏ, ਨਾ ਬਹਿਕਣ ਦਿੰਦਾ ਏ,
ਵਾਸਤਾ ਡਾਢੇ ਨਾਲ।
ਉੱਚਾ ਸੋਚਦਾ ਏ, ਸੋਚਣ ਲਾਉਂਦਾ ਏ,
ਵਾਸਤਾ ਡਾਢੇ ਨਾਲ।
ਉੱਚਾ ਬੈਠਦਾ ਏ, ਬੈਠਣ ਲਾਉਂਦਾ ਏ,
ਵਾਸਤਾ ਡਾਢੇ ਨਾਲ।
ਆਪਣਾ ਬਣਦਾ ਏ, ਆਪਣਾ ਬਣਾਉਂਦਾ ਏ,
ਵਾਸਤਾ ਡਾਢੇ ਨਾਲ।
ਕੋਲ ਬੈਠਦਾ ਏ, ਕੋਲ ਬੈਠਾਉਂਦਾ ਏ,
ਵਾਸਤਾ ਡਾਢੇ ਨਾਲ।
ਮੈਨੂੰ ਸੁਣਦਾ ਏ, ਖਾਸ ਸੁਣਾਉਂਦਾ ਏ,
ਵਾਸਤਾ ਡਾਢੇ ਨਾਲ।
ਕਦਰਾਂ ਕਰਦਾ ਏ, ਕਦਰ ਕਰਾਉਂਦਾ ਏ,
ਵਾਸਤਾ ਡਾਢੇ ਨਾਲ।
ਦੁੱਖ ਭਲਾਉਂਦਾਏ, ਦਰਦ ਗਵਾਉਂਦਾ ਏ,
ਵਾਸਤਾ ਡਾਢੇ ਨਾਲ।
ਖੁਦ ਹੱਸਦਾ ਏ, ਹੱਸਣ ਲਾਉਂਦਾ ਏ,
ਵਾਸਤਾ ਡਾਢੇ ਨਾਲ।

# 1947 ਦੇ ਪੰਜਾਬ ਤੋਂ ਮੌਜੂਦਾ ਪੰਜਾਬ ਤੱਕ
# ਪੰਜਾਬੀ ਫ਼ਿਲਮਾਂ ਦਾ ਸਫ਼ਰ

ਵਿਨਾਇਕ ਦੱਤ




ਪੰਜਾਬੀ ਫ਼ਿਲਮਾਂ ਦਾ 94 ਸਾਲ ਲੰਮਾ ਇਤਿਹਾਸ ਹੈ ਅਤੇ ਇਸ ਦੌਰਾਨ ਵਾਪਰੀਆਂ ਸਿਆਸੀ ਅਤੇ ਸਮਾਜਿਕ ਘਟਨਾਵਾਂ ਦਾ ਸਾਡੀਆਂ ਪੰਜਾਬੀ ਫ਼ਿਲਮਾਂ 'ਤੇ ਸਿੱਧਾ ਅਸਰ ਪਿਆ ਹੈ। ਜੀ.ਕੇ. ਮਹਿਤਾ ਵੱਲੋਂ ਬਣਾਈ ਗਈ 'ਧੀਆਂ ਪੰਜਾਬ ਦੀਆਂ' ਪੰਜਾਬੀ ਭਾਸ਼ਾ ਵਿੱਚ ਰਿਲੀਜ਼ ਹੋਣ ਵਾਲੀ ਪਹਿਲੀ ਫ਼ਿਲਮ ਸੀ ਜੋ 1929 ਵਿੱਚ ਰਿਲੀਜ਼ ਹੋਈ ਸੀ। ਦਰਅਸਲ ਇਹ ਫ਼ਿਲਮ ਦੋ ਭਾਸ਼ਾਵਾਂ 'ਚ ਬਣੀ ਸੀ। ਅੰਗਰੇਜ਼ੀ 'ਚ ਇਸ ਦਾ ਨਾਂਅ 'ਡਾਟਰ ਓਫ ਟੁਡੇ' ਸੀ ਤੇ ਇਹ ਉਨ੍ਹਾਂ ਦਿਨਾਂ ਵਿੱਚ ਬਣਨ ਵਾਲੀਆਂ ਹੋਰਨਾਂ ਫ਼ਿਲਮਾਂ ਵਾਂਗ ਇੱਕ ਬਿਨਾਂ ਆਵਾਜ਼ ਵਾਲੀ ਫ਼ਿਲਮ ਸੀ। ਫ਼ਿਲਮ ਵਿਖਾਉਣ ਵੇਲੇ ਫ਼ਿਲਮਕਾਰ ਪਰਦੇ 'ਤੇ ਤਸਵੀਰਾਂ ਵਿਖਾਉਂਦੇ ਸਨ ਅਤੇ ਅਦਾਕਾਰ ਫ਼ਿਲਮ ਹਾਲ ਵਿੱਚ ਖੜ੍ਹ ਕੇ ਹੀ ਸੰਵਾਦ ਬੋਲਦੇ ਸਨ।

ਪੰਜਾਬੀ ਵਿੱਚ ਪਹਿਲੀ ਆਵਾਜ਼ ਵਾਲੀ ਫ਼ਿਲਮ (ਟਾਕੀ) 'ਹੀਰ-ਰਾਂਝਾ' ਸੀ ਜੋ 1932 ਵਿੱਚ ਹਕੀਮ ਰਾਮ ਪ੍ਰਸਾਦ ਨੇ ਬਣਾਈ ਸੀ ਅਤੇ ਕੁਝ ਥਾਂਵਾਂ 'ਤੇ ਇਸ ਫ਼ਿਲਮ ਨੂੰ 'ਹੁਰ ਪੰਜਾਬ' ਦੇ ਨਾਂਅ ਹੇਠ ਵੀ ਰਿਲੀਜ਼ ਕੀਤਾ ਗਿਆ ਸੀ। ਇਸ ਫ਼ਿਲਮ ਦੇ ਨਿਰਦੇਸ਼ਕ ਅਬਦੁਲ ਰਾਸ਼ਿਦ ਕਰਦਾਰ ਸਨ ਅਤੇ ਇਸ ਫ਼ਿਲਮ ਵਿੱਚ ਅਨਵਰੀ ਬੇਗਮ, ਰਫ਼ੀਕ ਗ਼ਜ਼ਨਵੀ ਤੇ ਮੁਹੰਮਦ ਇਸਮਾਈਲ ਵਰਗੇ ਕਲਾਕਾਰਾਂ ਨੇ ਅਦਾਕਾਰੀ ਕੀਤੀ ਸੀ। ਉਸ ਜ਼ਮਾਨੇ ਵਿੱਚ ਇਸ ਫ਼ਿਲਮ 'ਤੇ ਕਾਫ਼ੀ ਪੈਸੇ ਲੱਗੇ ਸਨ, ਕਿਉਂਕਿ ਫ਼ਿਲਮ ਲਾਹੌਰ ਵਿੱਚ ਸ਼ੂਟ ਹੋਈ ਸੀ ਅਤੇ ਇਸ ਦਾ ਸੰਪਾਦਨ ਕਲਕੱਤੇ ਹੋਇਆ ਸੀ। ਇਸ




ਫ਼ਿਲਮ ਨੂੰ ਰਿਲੀਜ਼ ਕਰਨ 'ਚ ਕਾਫ਼ੀ ਮੁਸ਼ੱਕਤ ਕਰਨੀ ਪਈ ਸੀ, ਕਿਉਂਕਿ ਉਸ ਸਮੇਂ ਅੱਜ ਜਿੰਨੇ ਸਾਧਨ ਨਹੀਂ ਸਨ। ਇਸੇ ਕਰਕੇ ਵੱਖ-ਵੱਖ ਸ਼ਹਿਰਾਂ




'ਚ ਫ਼ਿਲਮ ਦੋ ਵੱਖਰੇ ਨਾਵਾਂ ਨਾਲ ਰਿਲੀਜ਼ ਹੋਈ ਸੀ।

ਇਸ ਤੋਂ ਬਾਅਦ 'ਪਿੰਡ ਦੀ ਕੁੜੀ' ਰਿਲੀਜ਼ ਹੋਈ ਜੋ ਇਕ ਵੱਡੀ ਤੇ ਪੰਜਾਬੀ ਦੀ ਪਹਿਲੀ ਹਿੱਟ ਫ਼ਿਲਮ ਸੀ। ਇਹ ਫ਼ਿਲਮ ਕ੍ਰਿਸ਼ਨ ਦੇਵ ਮਹਿਰਾ ਨੇ ਬਣਾਈ ਸੀ। ਅਸਲ 'ਚ ਕ੍ਰਿਸ਼ਨ ਦੇਵ ਮਹਿਰਾ ਪੰਜਾਬੀ ਫ਼ਿਲਮਾਂ ਦੇ ਪਹਿਲੇ ਵੱਡੇ ਨਿਰਮਾਤਾ - ਨਿਰਦੇਸ਼ਕ ਸਨ, ਜਿਨ੍ਹਾਂ ਨੇ ਇੰਦਰਾ ਮੂਵੀਟੋਨ ਨਾਂਅ ਤੋਂ ਇਕ ਕੰਪਨੀ ਬਣਾਈ ਅਤੇ ਲਾਹੌਰ ਦੇ ਭੱਟੀ ਗੇਟ ਇਲਾਕੇ 'ਚ ਦਫ਼ਤਰ ਖੋਲ੍ਹਿਆ ਜਿਸ ਨੇ ਇੱਕ ਤੋਂ ਬਾਅਦ ਇੱਕ ਕਈ ਪੰਜਾਬੀ ਫ਼ਿਲਮਾਂ ਸਾਲ-ਦਰ-ਸਾਲ ਬਣਾਈਆਂ ਅਤੇ ਰਿਲੀਜ਼ ਕੀਤੀਆਂ।

ਫ਼ਿਲਮ ਸਨਅਤ ਦੇ ਕਈ ਵੱਡੇ ਨਾਂਅ ਜਿਵੇਂ ਗੀਤਕਾਰ ਗੁਲਜ਼ਾਰ (ਸੰਪੂਰਨ ਸਿੰਘ ਕਾਲੜਾ), ਫ਼ਿਲਮ ਨਿਰਮਾਤਾ ਬੀ.ਆਰ. ਚੋਪੜਾ (ਬਲਦੇਵ ਰਾਜ ਚੋਪੜਾ), ਰਾਮਾਨੰਦ ਸਾਗਰ, ਅਦਾਕਾਰ ਪ੍ਰਾਣ, ਕੁੰਦਨ ਲਾਲ ਸਹਿਗਲ, ਗਾਇਕ ਮੁਹੰਮਦ ਰਫ਼ੀ, ਮਸ਼ਹੂਰ ਗਾਇਕਾ ਨੂਰ ਜਹਾਂ, ਸ਼ਮਸ਼ਾਦ ਬੇਗਮ ਇਨ੍ਹਾਂ ਸਭ ਨੂੰ ਕ੍ਰਿਸ਼ਨ ਦੇਵ ਮਹਿਰਾ ਨੇ ਹੀ ਕੰਮ ਕਰਨ ਦਾ ਮੌਕਾ ਦਿੱਤਾ ਤੇ ਇਹ ਲੋਕ ਵੱਡੇ ਕਲਾਕਾਰ ਬਣੇ ਅਤੇ ਨਾਂਅ ਕਮਾਇਆ। ਬੀ.ਆਰ. ਚੋਪੜਾ ਕਾਫ਼ੀ ਛੋਟੀ ਉਮਰ (ਤਕਰੀਬਨ 17-18 ਸਾਲ) ਵਿੱਚ ਕ੍ਰਿਸ਼ਨ ਦੇਵ ਮਹਿਰਾ ਦੀ ਇੰਦਰਾ ਮੂਵੀਟੋਨ ਕੰਪਨੀ ਨਾਲ ਜੁੜੇ ਸਨ। ਉਹ ਮਹਿਰਾ ਦੇ ਫ਼ਿਲਮੀ ਰਸਾਲੇ ਸਿਨੇ-ਹੈਰਾਲਡ ਨਾਲ ਬਤੌਰ ਉਪ-ਸੰਪਾਦਕ ਕੰਮ ਕਰਦੇ ਰਹੇ ਤੇ ਬਾਅਦ ਵਿੱਚ ਫ਼ਿਲਮ ਬਣਾਉਣ ਦੇ ਗੁਰ ਵੀ ਸਿੱਖਦੇ ਗਏ। ਫਿਰ 1939 ਵਿੱਚ ਪੰਜਾਬੀ ਦੀ ਪਹਿਲੀ ਵੱਡੇ ਪਰਦੇ ਵਾਲੀ ਫ਼ਿਲਮ ਆਈ, ਜਿਸ ਦਾ ਨਾਂਅ ਸੀ ਮਿਰਜ਼ਾ-ਸਾਹਿਬਾਂ ਜੋ ਡੀ.ਐਨ. ਮਧੋਕ ਨੇ ਬਣਾਈ ਸੀ।

ਫਿਰ 1942 ਵਿੱਚ ਸਿਨੇਮਾ ਘਰਾਂ ਵਿੱਚ 25 ਹਫ਼ਤੇ ਪੂਰੇ ਕਰਨ ਵਾਲੀ ਪੰਜਾਬੀ ਦੀ ਪਹਿਲੀ ਸੁਪਰ-ਹਿੱਟ ਫ਼ਿਲਮ ਮੰਗਤੀ ਰਿਲੀਜ਼ ਹੋਈ, ਜਿਸ ਦੇ ਗੀਤ ਪ੍ਰਸਿੱਧ ਪੰਜਾਬੀ ਗੀਤਕਾਰ ਨੰਦਲਾਲ ਨੂਰਪੁਰੀ ਨੇ ਲਿਖੇ ਸਨ ਜੋ ਸੁਪਰਹਿੱਟ ਹੋਏ। ਇਸ ਫ਼ਿਲਮ ਵਿੱਚ ਸੰਗੀਤ ਪੰਡਿਤ ਗੋਵਿੰਦ ਰਾਮ ਨੇ ਦਿੱਤਾ ਸੀ, ਜਦਕਿ ਫ਼ਿਲਮ ਦਾ ਨਿਰਦੇਸ਼ਨ ਰੂਪ ਲਾਲ ਸ਼ੋਰੀ ਨੇ ਕੀਤਾ ਸੀ। ਇਸ ਫ਼ਿਲਮ ਵਿੱਚ ਸ਼ਮਸ਼ਾਦ ਬੇਗਮ ਤੇ ਉਨ੍ਹਾਂ ਦੀ ਭੈਣ ਜ਼ੀਨਤ ਬੇਗਮ ਨੇ ਗੀਤ ਗਾਏ ਸਨ।

ਇਸ ਦੌਰ ਦੀਆਂ ਜ਼ਿਆਦਾਤਰ ਫ਼ਿਲਮਾਂ ਪੰਜਾਬੀ ਸਾਹਿਤ ਦੇ ਮਕਬੂਲ ਕਿੱਸੇ-ਕਹਾਣੀਆਂ 'ਤੇ ਬਣ ਰਹੀਆਂ ਸਨ, ਜੋ ਲੋਕ ਆਮ ਤੌਰ 'ਤੇ ਪਿੰਡਾਂ-ਸ਼ਹਿਰਾਂ ਵਿੱਚ ਸੁਣਦੇ ਸਨ ਅਤੇ ਵੱਡੇ ਪਰਦੇ 'ਤੇ ਬੋਲਦੇ ਕਿਰਦਾਰਾਂ ਨੂੰ ਵੇਖ ਕੇ ਇਨ੍ਹਾਂ ਕਹਾਣੀਆਂ ਨਾਲ ਲਗਾਓ ਵੀ ਮਹਿਸੂਸ ਕਰਦੇ ਸਨ।




ਇੱਕ ਰਿਕਾਰਡ ਮੁਤਾਬਿਕ 1940 ਤੋਂ 1947 ਤੱਕ ਪੰਜਾਬੀ 'ਚ 22 ਫ਼ਿਲਮਾਂ ਬਣੀਆਂ, ਜਿਨ੍ਹਾਂ ਵਿਚੋਂ 18 ਪੰਜਾਬੀ ਫ਼ਿਲਮਾਂ ਰਿਲੀਜ਼ ਹੋਈਆਂ। ਇਨ੍ਹਾਂ ਵਿੱਚ ਮੰਗਤੀ, ਲੱਛੀ, ਮੁੰਦਰੀ, ਫੇਰੇ, ਯਮਲਾ ਜੱਟ ਤੇ ਖ਼ਜ਼ਾਨਚੀ ਪ੍ਰਮੁੱਖ ਸਨ। ਇਸੇ ਦੌਰਾਨ ਕ੍ਰਿਸ਼ਨ ਦੇਵ ਮਹਿਰਾ ਨੇ ਅਦਾਕਾਰ ਪ੍ਰਾਣ ਨੂੰ ਫ਼ਿਲਮ 'ਯਮਲਾ ਜੱਟ' ਰਾਹੀਂ ਲੋਕਾਂ ਦੇ ਰੂ-ਬ-ਰੂ ਕੀਤਾ ਸੀ ਤੇ ਉਸ ਤੋਂ ਬਾਅਦ ਉਨ੍ਹਾਂ ਦੀਆਂ ਦੋ ਹੋਰ ਵੱਡੀਆਂ ਪੰਜਾਬੀ ਫ਼ਿਲਮਾਂ 'ਖ਼ਜ਼ਾਨਚੀ' ਤੇ 'ਖਾਨਾਬਦੋਸ਼' ਆਈਆਂ। 'ਖਾਨਾਬਦੋਸ਼' 1947 ਵਿੱਚ ਆਈ ਅਤੇ ਲਾਹੌਰ ਸ਼ਹਿਰ ਵਿੱਚ ਹੋਏ ਦੰਗਿਆਂ ਵਿੱਚ ਇਸ ਫ਼ਿਲਮ ਦੇ ਜ਼ਿਆਦਾਤਰ ਰਿਕਾਰਡ ਸਾੜ ਦਿੱਤੇ ਗਏ, ਜਿਸ ਕਰਕੇ ਇਹ ਫ਼ਿਲਮ ਸਿਰਫ਼ ਪਾਕਿਸਤਾਨ 'ਚ ਹੀ ਰਿਲੀਜ਼ ਹੋ ਸਕੀ।

1940 ਦੇ ਦਹਾਕੇ 'ਚ ਪੰਜਾਬੀ ਫ਼ਿਲਮ ਸਨਅਤ ਪੈਰਾਂ ਸਿਰ ਹੋ ਚੁੱਕੀ ਸੀ ਤੇ ਲਗਾਤਾਰ ਵੱਧ ਰਹੀ ਸੀ। ਉਨ੍ਹਾਂ ਸਮਿਆਂ ਵਿੱਚ ਪੰਜਾਬ 'ਚ 50 ਤੋਂ ਵੱਧ ਸਿਨੇਮਾ ਘਰ ਖੁੱਲ੍ਹ ਚੁੱਕੇ ਸਨ, ਜਿਨ੍ਹਾਂ ਵਿੱਚ ਲਾਹੌਰ ਸ਼ਹਿਰ ਵਾਲੇ ਪ੍ਰਭਾਤ ਤੇ ਤਰੰਨਮ, ਅੰਮ੍ਰਿਤਸਰ ਵਿੱਚ ਨੋਵੈਲਟੀ ਤੇ ਰਿਆਲਟੋ, ਮੁਲਤਾਨ ਦਾ ਸਿਤਾਰਾ ਸਿਨੇਮਾ, ਰਾਵਲਪਿੰਡੀ ਦੇ ਮੋਤੀ-ਮਹਿਲ ਤੇ ਖ਼ੁਰਸ਼ੀਦ ਸਿਨੇਮਾ, ਲੁਧਿਆਣਾ ਦੇ ਨੌਲੱਖਾ ਤੇ ਰੇਖੀ ਸਿਨੇਮਾ, ਸਿਆਲਕੋਟ ਦਾ ਪਰਲ ਸਿਨੇਮਾ ਮਸ਼ਹੂਰ ਸਨ, ਜੋ ਪੰਜਾਬੀ ਫ਼ਿਲਮਾਂ ਨੂੰ ਕਾਫ਼ੀ ਸ਼ੌਅ ਦੇਣ ਲੱਗ ਗਏ ਸਨ। ਪੰਜਾਬੀ ਫ਼ਿਲਮਾਂ ਵਿੱਚ ਹਿੰਦੂ-ਮੁਸਲਿਮ ਭਾਈਚਾਰੇ ਦੇ ਹੋਣਹਾਰ ਕਲਾਕਾਰ ਕੰਮ ਕਰ ਰਹੇ ਸਨ ਤੇ ਕਲਾ ਦੇ ਮਿਆਰ ਨੂੰ ਉੱਚਾ ਚੁੱਕ ਰਹੇ ਸਨ। 1947 ਵਿੱਚ ਹੋਈ ਵੰਡ ਨੇ ਸਮਾਜ ਦੇ ਨਾਲ-ਨਾਲ ਪੰਜਾਬੀ ਫ਼ਿਲਮ ਸਨਅਤ ਨੂੰ ਵੀ ਲੀਹ ਤੋਂ ਉਤਾਰ ਦਿੱਤਾ। ਆਮ ਲੋਕਾਂ ਵਾਂਗ ਕਲਾਕਾਰਾਂ ਦੀ ਵੀ ਹਿਜਰਤ ਹੋਈ, ਜੋ ਜ਼ਿਆਦਾਤਰ ਫ਼ਨਕਾਰਾਂ ਨੂੰ ਮੁੰਬਈ ਵੱਲ ਲੈ ਗਈ। ਹਾਲਾਂ ਕਿ 1947 ਦੀ ਵੰਡ ਤੋਂ ਬਾਅਦ ਰਜਿੰਦਰ ਸ਼ਰਮਾ ਦੀ ਫ਼ਿਲਮ 'ਲੱਛੀ' ਚੜ੍ਹਦੇ ਪੰਜਾਬ ਵਿੱਚ 1949 ਵਿੱਚ ਰਿਲੀਜ਼ ਕੀਤੀ ਗਈ ਅਤੇ ਇਸ ਫ਼ਿਲਮ ਤੋਂ ਮੁਹੰਮਦ ਰਫ਼ੀ ਅਤੇ ਸ਼ਮਸ਼ਾਦ ਬੇਗਮ ਦੋਵਾਂ ਨੂੰ ਬਹੁਤ




ਮਕਬੂਲੀਅਤ ਵੀ ਮਿਲੀ ਪਰ ਪੰਜਾਬ 'ਚ ਫ਼ਿਲਮ ਸਨਅਤ ਲਈ ਕੋਈ ਵੱਡੀ ਸਹੂਲਤ ਨਾ ਹੋਣ ਕਰਕੇ ਜ਼ਿਆਦਾਤਰ ਲੋਕ ਮੁੰਬਈ ਹੀ ਜਾ ਵਸੇ।

1950-60 ਦੇ ਦਹਾਕੇ ਵਿੱਚ ਵੀ ਪੰਜਾਬੀ ਦੀਆਂ ਕਈ ਫ਼ਿਲਮਾਂ ਰਿਲੀਜ਼ ਹੋਈਆਂ, ਜਿਨ੍ਹਾਂ ਵਿੱਚ ਕ੍ਰਿਸ਼ਨ ਦੇਵ ਮਹਿਰਾ ਦੀ ਪੋਸਤੀ, ਵੈਸਾਖੀ, ਮਦਾਰੀ, ਜੁਗਨੀ, ਮੁਕਲਾਵਾ ਤੇ ਮੁਲਖ ਰਾਜ ਭਾ ਦੀ ਫ਼ਿਲਮ 'ਦੋ ਲੱਛੀਆਂ' ਤੇ ਜੁਗਲ ਕਿਸ਼ੋਰ ਸ਼ਰਮਾ ਦੀ ਫ਼ਿਲਮ 'ਭੰਗੜਾ', ਸ਼ਾਂਤੀ ਪ੍ਰਕਾਸ਼ ਬਖ਼ਸ਼ੀ ਦੀਆਂ ਫ਼ਿਲਮਾਂ ਕੌਡੇ ਸ਼ਾਹ, ਪਰਦੇਸੀ ਢੋਲਾ, ਮੰਜੀਤ ਸਿੰਘ ਦਾਰ ਦੀ ਫ਼ਿਲਮ ਲਾਰਾ ਲੱਪਾ (1953), ਦੁੱਲਾ ਭੱਟੀ, ਨਿਰਮਾਤਾ-ਨਿਰਦੇਸ਼ਕ ਡੋਡ ਚੰਦ ਦੀ ਫ਼ਿਲਮ ਬੁਲਬੁਲ, ਓਮ ਪ੍ਰਕਾਸ਼ ਦੀ ਫ਼ਿਲਮ ਹੁਲਾਰੇ ਤੇ ਬੀਨਾ ਘੋਸਲਾ ਦੀ ਫ਼ਿਲਮ ਨਿੱਕੀ ਪ੍ਰਮੁੱਖ ਸਨ।







ਇਸ ਦੌਰ ਵਿੱਚ ਜ਼ਿਆਦਾਤਰ ਫ਼ਿਲਮਾਂ ਨਵੀਆਂ ਕਹਾਣੀਆਂ ਅਤੇ ਨਾਟਕਾਂ 'ਤੇ ਬਣ ਰਹੀਆਂ ਸਨ ਅਤੇ ਜਿਨ੍ਹਾਂ 'ਚ ਸ਼ਹਿਰੀ ਕਿਰਦਾਰ ਭਾਰੂ ਸਨ, ਜੋ ਉਸ ਸਮੇਂ ਦੇ ਲਿਖਾਰੀ ਤੇ ਕਲਾਕਾਰ ਆਪਣੀ ਕਲਪਨਾ ਅਤੇ ਤਜ਼ਰਬਿਆਂ 'ਚੋਂ ਲਿਆ ਰਹੇ ਸਨ। ਇਸ ਦੌਰ ਦੇ ਜ਼ਿਆਦਾਤਰ ਕਲਾਕਾਰ ਲਾਹੌਰ, ਰਾਵਲਪਿੰਡੀ, ਮੁਲਤਾਨ, ਲਾਇਲਪੁਰ, ਕੋਹਾਟ ਵਰਗੇ ਸ਼ਹਿਰਾਂ ਤੋਂ ਉੱਜੜ ਕੇ ਆਏ ਹਿੰਦੂ ਹੀ ਸਨ ਅਤੇ ਉਨ੍ਹਾਂ ਕੋਲ ਸੁਣਾਉਣ ਨੂੰ ਓਹੀ ਕਹਾਣੀਆਂ ਸਨ, ਜੋ ਉਨ੍ਹਾਂ ਦੇ ਆਸੇ-ਪਾਸੇ ਵਾਪਰ ਰਿਹਾ ਸੀ ਜਾਂ ਜੋ ਉਨ੍ਹਾਂ ਨੇ ਹੰਢਾਇਆ ਸੀ। ਇਸੇ ਕਰਕੇ ਇਨ੍ਹਾਂ ਫ਼ਿਲਮਾਂ ਦੇ ਸੰਵਾਦਾਂ ਅਤੇ ਗੀਤਾਂ ਵਿਚ ਉਨ੍ਹਾਂ ਇਲਾਕਿਆਂ ਦੀਆਂ ਬੋਲੀਆਂ ਤੇ ਫ਼ਿਕਰੇ, ਜੁਮਲੇ ਭਾਰੂ ਸਨ।

ਇਹ ਉਹ ਦੌਰ ਸੀ, ਜਦੋਂ ਭਾਰਤ ਦੇ ਖੇਤਰੀ ਸਿਨੇਮਾ 'ਚ ਪੰਜਾਬੀ ਦਾ ਪਰਚਮ ਬੁਲੰਦ ਸੀ ਅਤੇ 1964 'ਚ ਬਣੀ ਬਲਰਾਜ ਸਾਹਨੀ ਦੀ ਪੰਜਾਬੀ ਫ਼ਿਲਮ 'ਸਤਲੁਜ ਦੇ ਕੰਢੇ' ਨੂੰ ਪਹਿਲਾ ਰਾਸ਼ਟਰੀ ਫ਼ਿਲਮ ਐਵਾਰਡ ਮਿਲਿਆ। 'ਸਤਲੁਜ ਦੇ ਕੰਢੇ' ਉਸ ਸਾਲ ਦੁਨੀਆ ਦੇ ਮਸ਼ਹੂਰ ਤੇ ਵੱਕਾਰੀ 'ਗੋਲਡਨ ਬੀਅਰ ਅਵਾਰਡ ਤੇ ਫੈਸਟੀਵਲ'(ਜਿਸ ਨੂੰ ਅੱਜ ਦੇ ਦੌਰ 'ਚ 'ਕਾਨਜ਼ ਫ਼ਿਲਮ ਫੈਸਟੀਵਲ' ਵੀ ਕਹਿੰਦੇ ਹਨ) ਵਿੱਚ ਵੀ ਵਿਖਾਈ ਗਈ।

ਫਿਰ 1966 ਵਿੱਚ ਪੰਜਾਬ ਦੀ ਦੋਬਾਰਾ ਵੰਡ ਹੁੰਦੀ ਹੈ। ਇਸ ਨਾਲ ਪੰਜਾਬੀ ਫ਼ਿਲਮਾਂ ਦਾ ਇੱਕ ਨਵਾਂ ਦੌਰ ਵੀ ਸ਼ੁਰੂ ਹੁੰਦਾ ਹੈ, ਜਿਸ ਵਿੱਚ ਸਿੱਖ ਕਿਰਦਾਰ ਅਤੇ ਭਗਤੀ ਦੀਆਂ ਫ਼ਿਲਮਾਂ ਬਣਦੀਆਂ ਤੇ ਰਿਲੀਜ਼ ਹੁੰਦੀਆਂ ਹਨ। ਇਨ੍ਹਾਂ ਵਿੱਚ ਸਭ ਤੋਂ ਸ਼ੋਮਣੀ ਫ਼ਿਲਮ ਹੈ 1969 'ਚ ਆਈ ਪ੍ਰਿਥਵੀਰਾਜ ਕਪੂਰ ਦੀ 'ਨਾਨਕ ਨਾਮ ਜਹਾਜ਼ ਹੈ'।

(ਬਾਕੀ ਸਫ਼ਾ 31 'ਤੇ)

# ਕੀ ਹੁਣ ਜੋਤਿਸ਼ ਵਿੱਦਿਆ ਨਾਲ ਜਿੱਤੇ ਜਾਣਗੇ ਫ਼ੁੱਟਬਾਲ ਦੇ ਮੈਚ?

## ਫ਼ੁੱਟਬਾਲ ਸਬੰਧੀ ਕੋਚ ਤੋਂ ਵੱਧ ਸੋਚ ਬਦਲਣੀ ਜ਼ਰੂਰੀ



### ਗ੍ਰਹਿ ਅਤੇ ਤਾਰਾ-ਮੰਡਲ ਦੇ ਆਧਾਰ 'ਤੇ ਟੀਮ ਨੂੰ ਸਫ਼ਲ ਬਣਾਉਣ ਦੀ ਰਣਨੀਤੀ



**ਸੰਦੀਪ ਭੂਸ਼ਣ**

ਵਿਸ਼ਵ ਫੁੱਟਬਾਲ ਸੰਸਥਾ ਫੀਫਾ ਨੇ ਜਦੋਂ ਜੂਨ ਦੇ ਅਖੀਰ 'ਚ ਟੀਮਾਂ ਦੀ ਰੈਂਕਿੰਗ ਜਾਰੀ ਕੀਤੀ ਤਾਂ ਭਾਰਤੀ ਫੁੱਟਬਾਲ ਜਗਤ 'ਚ ਖੁਸ਼ੀ ਦੀ ਲਹਿਰ ਦੌੜ ਗਈ। ਭਾਰਤੀ ਟੀਮ ਦੇ ਪ੍ਰਦਰਸ਼ਨ ਅਤੇ ਉਸ ਦੇ ਨਵੇਂ ਕੋਚ ਦੀ ਚਰਚਾ ਹੋਣ ਲੱਗੀ। ਮੰਨਿਆ ਜਾ ਰਿਹਾ ਹੈ ਕਿ ਟੀਮ ਕ੍ਰੋਏਸ਼ੀਆ ਦੇ ਸਾਬਕਾ ਖਿਡਾਰੀ ਇਗੋਰ ਸਟਿਮੈਕ ਦੀ ਅਗਵਾਈ 'ਚ ਬਦਲਾਅ ਵੱਲ ਵਧ ਰਹੀ ਹੈ। ਖਿਡਾਰੀਆਂ ਦੇ ਖੇਡਣ ਅਤੇ ਹਮਲੇ ਦੀ ਸ਼ੈਲੀ ਬਦਲਣ ਦੀ ਵੀ ਗੱਲ ਹੋਈ। ਕੋਚ ਦੀ ਟੀਮ ਚੋਣ ਰਣਨੀਤੀ ਦੀ ਵੀ ਸ਼ਲਾਘਾ ਕੀਤੀ ਗਈ। ਚਾਹੇ ਪ੍ਰਸ਼ੰਸਕ ਹੋਣ ਜਾਂ ਖੇਡ ਮਾਹਿਰ, ਹਰ ਕਿਸੇ ਨੂੰ ਲੱਗਦਾ ਹੈ ਕਿ ਆਉਣ ਵਾਲੇ ਏਸ਼ੀਆ ਕੱਪ 'ਚ ਟੀਮ ਦਾ ਪ੍ਰਦਰਸ਼ਨ ਯਕੀਨੀ ਤੌਰ 'ਤੇ ਸੁਧਰੇਗਾ। ਇਨ੍ਹਾਂ ਉਮੀਦਾਂ ਦਾ ਮੁੱਖ ਕਾਰਨ ਭਾਰਤੀ ਟੀਮ ਦਾ 2017 ਤੋਂ ਬਾਅਦ ਚੋਟੀ ਦੇ ਸੈਂਕੜੇ 'ਚ ਸ਼ਾਮਲ ਹੋਣਾ ਸੀ। ਇਸ ਦੌਰਾਨ ਜਦੋਂ ਮੀਡੀਆ 'ਚ ਇਹ ਗੱਲ ਸਾਹਮਣੇ ਆਈ ਕਿ ਟੀਮ ਚੋਣ ਰਣਨੀਤੀ 'ਚ ਫਿਟਨੈੱਸ ਅਤੇ ਪ੍ਰਦਰਸ਼ਨ ਨਾਲੋਂ ਕਿਸਮਤ ਅਤੇ ਸਿਤਾਰਿਆਂ ਨੂੰ ਜ਼ਿਆਦਾ ਮਹੱਤਵ ਦਿੱਤਾ ਗਿਆ ਤਾਂ ਹਰ ਕੋਈ ਹੈਰਾਨ ਰਹਿ ਗਿਆ। ਇਸ ਸਬੰਧ ਵਿੱਚ ਆਈਆਂ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਜਿਸ ਖੇਡ ਵਿੱਚ ਚੋਟੀ ਦੇ ਦੇਸ਼ ਖਿਡਾਰੀਆਂ ਦੇ ਹਾਲੀਆ ਪ੍ਰਦਰਸ਼ਨ ਅਤੇ ਫਿਟਨੈੱਸ ਨੂੰ ਟੀਮ ਦੀ ਚੋਣ ਲਈ ਆਧਾਰ ਮੰਨਦੇ ਹਨ, ਉਸ ਵਿੱਚ ਭਾਰਤੀ ਫੁੱਟਬਾਲਰਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਕਿਸੇ ਖਿਡਾਰੀ ਦਾ ਪ੍ਰਦਰਸ਼ਨ ਚੰਗਾ ਹੋਣ ਦੇ ਬਾਵਜੂਦ ਜੇਕਰ ਉਸ ਦੇ ਗ੍ਰਹਿਆਂ ਅਤੇ ਤਾਰਿਆਂ ਦੀ ਚਾਲ ਠੀਕ ਨਾ ਹੋਵੇ ਤਾਂ ਟੀਮ ਵਿੱਚ ਉਸ ਦੀ ਚੋਣ ਅਸੰਭਵ ਹੈ। ਰਿਪੋਰਟ ਵਿੱਚ ਜੂਨ ਵਿੱਚ ਏਸ਼ੀਆਈ ਕੱਪ ਕੁਆਲੀਫਾਇਰ ਲਈ ਟੀਮ ਦੀ ਚੋਣ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਲਈ ਕੋਚ ਅਤੇ ਭਾਰਤੀ ਫੁਟਬਾਲ ਫੈਡਰੇਸ਼ਨ ਨੇ ਇੱਕ ਜੋਤਸ਼ੀ ਦੀ ਮਦਦ ਲਈ ਅਤੇ ਉਸ ਨੂੰ ਮੋਟੀ ਫੀਸ ਅਦਾ ਕੀਤੀ। ਕ੍ਰਾਂਤੀਕਾਰੀ ਬਦਲਾਅ ਲਈ ਮਸ਼ਹੂਰ ਭਾਰਤੀ ਫੁਟਬਾਲ ਫੈਡਰੇਸ਼ਨ ਅਤੇ ਕੋਚ ਸਟਿਮੈਕ ਬਾਰੇ ਇਸ ਖ਼ੁਲਾਸੇ ਨੇ ਫੁਟਬਾਲ ਪ੍ਰੇਮੀਆਂ ਨੂੰ ਹੈਰਾਨ ਕਰ ਦਿੱਤਾ ਹੈ। ਭਾਰਤੀ ਫੁੱਟਬਾਲ ਜਗਤ, ਜੋ ਪਹਿਲਾਂ ਹੀ ਇਸ ਦੇ ਵਿਕਾਸ ਅਤੇ ਵਿਸਤਾਰ ਨਾਲ ਜੁੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੈ, ਦੇ ਖਿਡਾਰੀਆਂ ਦੀ ਪਰੇਸ਼ਾਨੀ ਦਾ ਅੰਦਾਜ਼ਾ ਇਸ ਇਕ ਖ਼ੁਲਾਸੇ ਤੋਂ ਵੀ ਲਗਾਇਆ ਜਾ ਸਕਦਾ ਹੈ। ਹਾਲ ਹੀ ਦੇ ਸਾਲਾਂ 'ਚ ਕੋਚ ਦੀ ਕਾਰਜ ਪ੍ਰਣਾਲੀ 'ਤੇ ਸਵਾਲ ਉੱਠ ਰਹੇ ਹਨ, ਜਿਸ ਦੀ ਅਗਵਾਈ 'ਚ ਭਾਰਤੀ ਫੁੱਟਬਾਲ ਨੂੰ ਮੁੜ ਸੁਰਜੀਤ ਕਰਨ ਦੀ ਗੱਲ ਚੱਲ ਰਹੀ ਸੀ। ਜਿਸ ਕੋਚ ਨੂੰ ਸਮਰਪਿਤ ਪਹੁੰਚ ਅਤੇ ਅਟੁੱਟ ਵਚਨਬੱਧਤਾ ਨਾਲ ਫੀਫਾ ਵਿਸ਼ਵ ਕੱਪ ਵਿੱਚ ਭਾਰਤੀ ਫੁਟਬਾਲ ਟੀਮ ਨੂੰ ਚੁੱਪ-ਚੁਪੀਤੇ ਇਤਿਹਾਸਕ ਸਥਾਨ 'ਤੇ ਪਹੁੰਚਾਉਣ ਦਾ ਸਿਹਰਾ ਦਿੱਤਾ ਜਾ ਰਿਹਾ ਹੈ, ਉਸ ਦਾ ਪਰਦਾਫਾਸ਼ ਹੋ ਗਿਆ ਹੈ। ਗ੍ਰਹਿ ਅਤੇ ਤਾਰਾ-ਮੰਡਲ ਦੇ ਆਧਾਰ 'ਤੇ ਟੀਮ ਨੂੰ ਸਫਲ ਬਣਾਉਣ ਦੀ ਰਣਨੀਤੀ ਬਣਾਉਣ ਤੋਂ ਪਹਿਲਾਂ ਫੈਡਰੇਸ਼ਨ ਅਤੇ ਕੋਚ ਨੂੰ ਟੀਮ ਦੇ ਪੁਰਾਣੇ ਰਿਕਾਰਡ ਦੀ ਜਾਂਚ ਕਰਨੀ ਚਾਹੀਦੀ ਸੀ। ਇੱਥੋਂ ਤੱਕ ਕਿ ਜੇਕਰ ਅਸੀਂ ਪਿੱਛੇ ਨਹੀਂ ਵੀ ਜਾਂਦੇ ਹਾਂ, 2017 ਭਾਰਤੀ ਫੁੱਟਬਾਲ ਲਈ ਦੋ ਦਹਾਕਿਆਂ ਵਿੱਚ ਪਹਿਲੀ ਸਫਲਤਾ ਸੀ। ਟੀਮ ਆਪਣੇ ਸ਼ਾਨਦਾਰ ਖੇਡ ਕਾਰਨ ਫੀਫਾ ਰੈਂਕਿੰਗ 'ਚ 96ਵੇਂ ਸਥਾਨ 'ਤੇ ਪਹੁੰਚ ਗਈ ਸੀ। ਇਸ ਕੈਲੰਡਰ ਸਾਲ ਦੌਰਾਨ ਭਾਰਤ ਨੇ ਨੌਂ ਵਿੱਚੋਂ ਸੱਤ ਮੈਚ ਜਿੱਤੇ ਸਨ ਅਤੇ ਦੋ ਡਰਾਅ ਰਹੇ ਸਨ। ਟੀਮ ਨੇ ਕੋਚ ਸਟੀਫਨ ਕਾਂਸਟੇਨਟਾਈਨ ਦੀ ਅਗਵਾਈ 'ਚ ਵਧੀਆ ਪ੍ਰਦਰਸ਼ਨ ਕੀਤਾ ਪਰ ਉਸ ਸਮੇਂ ਟੀਮ ਦੀ ਚੋਣ ਲਈ ਕਿਸੇ ਗ੍ਰਹਿ ਜਾਂ ਤਾਰਾ-ਮੰਡਲ ਦੀ ਬਜਾਏ ਪ੍ਰਦਰਸ਼ਨ ਅਤੇ ਫਿਟਨੈੱਸ ਨੂੰ ਆਧਾਰ ਬਣਾਇਆ ਗਿਆ। ਤੁਹਾਨੂੰ ਦੱਸ ਦੇਈਏ ਕਿ ਇਸ ਸਾਲ ਫੈਡਰੇਸ਼ਨ ਨੇ ਫੁੱਟਬਾਲ ਦੇ ਸਰਬਪੱਖੀ ਵਿਕਾਸ ਲਈ 'ਵਿਜ਼ਨ 2047' ਦੇ ਰੂਪ ਵਿੱਚ ਇੱਕ ਰੋਡਮੈਪ ਪੇਸ਼ ਕੀਤਾ ਸੀ। ਇਸ ਨਾਲ ਦੇਸ਼ ਦੀ ਆਜ਼ਾਦੀ ਦੇ ਸ਼ਤਾਬਦੀ ਵਰ੍ਹੇ ਵਿੱਚ ਏਸ਼ਿਆਈ ਫੁਟਬਾਲ ਦੇ ਖੇਤਰ ਵਿੱਚ ਭਾਰਤ ਇੱਕ ਨਵੀਂ ਤਾਕਤ ਬਣ ਕੇ ਉਭਰਨ ਦੀ ਉਮੀਦ ਜਾਗੀ ਹੈ। ਇਸ ਨੇ ਸਕਾਊਟਿੰਗ ਤੋਂ ਡਾਟਾ ਇਕੱਠਾ ਕਰਨ, ਇੱਕ ਤਕਨੀਕੀ ਪਾਠਕ੍ਰਮ ਬਣਾਉਣ, ਕੋਚਾਂ ਅਤੇ ਖਿਡਾਰੀਆਂ ਦੇ ਵਿਕਾਸ 'ਤੇ ਧਿਆਨ ਕੇਂਦਰਿਤ ਕਰਨ ਅਤੇ ਇਸ ਨੂੰ ਰਾਸ਼ਟਰੀ ਟੀਮ ਲਈ ਇੱਕ ਪ੍ਰਤਿਭਾ ਪੂਲ ਵਿੱਚ ਬਦਲਣ ਦੇ ਭਾਰਤ ਦੇ ਰਾਸ਼ਟਰੀ ਫੁੱਟਬਾਲ ਦੇ ਦਰਸ਼ਨ ਦੀ ਰੂਪ-ਰੇਖਾ ਦਿੱਤੀ। ਰਾਸ਼ਟਰੀ ਖੇਡ ਵਿਜ਼ਨ ਦੇ ਨਾਲ ਅੱਗੇ ਵਧਣ ਲਈ, ਫੈਡਰੇਸ਼ਨ ਤੋਂ ਵਾਤਾਵਰਣ ਦੇ ਸਾਰੇ ਪੱਧਰਾਂ 'ਤੇ ਫੁੱਟਬਾਲ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ ਲਈ ਕੋਚ ਸਿੱਖਿਆ ਪ੍ਰੋਗਰਾਮਾਂ ਨੂੰ ਵਿਕਸਤ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਇਸ ਦੇ ਲਈ 50,000 ਐਕਟਿਵ ਕੋਚ ਬਣਾਉਣ ਦਾ ਟੀਚਾ ਹੈ, ਜਿਨ੍ਹਾਂ 'ਚੋਂ ਲਗਭਗ 4500 ਕੋਲ ਘੱਟੋ-ਘੱਟ ਏਆਈਐੱਫਐੱਫ 'ਸੀ' ਲਾਇਸੈਂਸ ਹੈ, (**ਬਾਕੀ ਸਫ਼ਾ 31 'ਤੇ**)






# ਸ਼੍ਰੀਲੰਕਾ ਨੂੰ 10 ਵਿਕਟਾਂ ਨਾਲ ਹਰਾ ਕੇ ਭਾਰਤ 8ਵੀਂ ਵਾਰ ਬਣਿਆ ਏਸ਼ੀਆਈ ਚੈਂਪੀਅਨ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਟੀਮ ਨੇ ਏਸ਼ੀਆ ਕੱਪ 2023 ਜਿੱਤ ਲਿਆ ਹੈ। ਟੀਮ ਨੇ ਸ਼੍ਰੀਲੰਕਾ ਨੂੰ 10 ਵਿਕਟਾਂ ਨਾਲ ਹਰਾਇਆ। ਇਹ ਵਨਡੇ ਵਿੱਚ ਟੀਮ ਇੰਡੀਆ ਦੀ ਸਭ ਤੋਂ ਤੇਜ਼ ਜਿੱਤ ਹੈ। ਇਸ ਤੋਂ ਪਹਿਲਾਂ ਟੀਮ ਨੇ 2001 ਵਿੱਚ ਕੀਨੀਆ ਨੂੰ 231 ਗੇਂਦਾਂ ਬਾਕੀ ਰਹਿੰਦਿਆਂ ਹਰਾਇਆ ਸੀ।

ਟੀਮ ਇੰਡੀਆ ਨੇ ਏਸ਼ੀਆ ਕੱਪ 2023 ਦੇ ਫਾਈਨਲ ਵਿੱਚ ਸ਼੍ਰੀਲੰਕਾ ਨੂੰ 50 ਦੌੜਾਂ 'ਤੇ ਆਊਟ ਕਰ ਦਿੱਤਾ ਹੈ। ਭਾਰਤ ਨੂੰ 51 ਦੌੜਾਂ ਦਾ ਟੀਚਾ ਮਿਲਿਆ ਹੈ। ਕੋਲੰਬੋ ਦੇ ਆਰ ਪ੍ਰੇਮਦਾਸਾ ਸਟੇਡੀਅਮ 'ਚ ਖੇਡੇ ਜਾ ਰਹੇ ਮੈਚ 'ਚ ਸ਼੍ਰੀਲੰਕਾ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ। ਹਾਲਾਂ ਕਿ ਟੀਮ ਦੀ ਸ਼ੁਰੂਆਤ ਚੰਗੀ ਨਹੀਂ ਰਹੀ। ਭਾਰਤੀ ਗੇਂਦਬਾਜ਼ਾਂ ਨੇ ਸ਼੍ਰੀਲੰਕਾ ਨੂੰ 15.2 ਓਵਰਾਂ 'ਚ 50 ਦੌੜਾਂ 'ਤੇ ਆਲ ਆਊਟ ਕਰ ਦਿੱਤਾ। ਮੁਹੰਮਦ ਸਿਰਾਜ ਨੇ 6 ਵਿਕਟਾਂ ਲਈਆਂ। ਹਾਰਦਿਕ ਪੰਡਯਾ ਨੇ 3 ਵਿਕਟਾਂ ਝਟਕਾਈਆਂ ਜਦਕਿ 1 ਵਿਕਟ ਜਸਪ੍ਰੀਤ ਬੁਮਰਾਹ ਦੇ ਖਾਤੇ ਵਿੱਚ ਆਈ।




ਸਿਰਾਜ ਨੇ ਵਨਡੇ ਵਿੱਚ ਸਭ ਤੋਂ ਘੱਟ ਗੇਂਦਾਂ 'ਤੇ 5 ਵਿਕਟਾਂ ਲੈਣ ਦੇ ਰਿਕਾਰਡ ਦੀ ਬਰਾਬਰੀ ਕਰ ਲਈ ਹੈ। ਉਸ ਨੇ 16 ਗੇਂਦਾਂ 'ਤੇ 5 ਵਿਕਟਾਂ ਲਈਆਂ। ਸ਼੍ਰੀਲੰਕਾ ਦੇ ਚਮਿੰਡਾ ਵਾਸ ਨੇ 2003 ਵਿਚ ਬੰਗਲਾਦੇਸ਼ ਖ਼ਿਲਾਫ਼ 16 ਗੇਂਦਾਂ 'ਚ 5 ਵਿਕਟਾਂ ਲਈਆਂ ਸਨ।

**ਸਿਰਾਜ ਦੇ ਓਵਰ ਵਿੱਚ ਸ਼੍ਰੀਲੰਕਾ ਦੀ ਟੀਮ ਕਲੀਨ ਬੋਲਡ**

ਸਿਰਾਜ ਨੇ ਆਪਣੇ ਸਪੈਲ ਦੇ ਦੂਜੇ ਓਵਰ ਵਿੱਚ ਚਾਰ ਵਿਕਟਾਂ ਲਈਆਂ। ਇਸ ਵਿੱਚ ਪਥੁਮ ਨਿਸ਼ੰਕਾ 02, ਸਦਿਰਾ ਸਮਰਾਵਿਕਰਮਾ 0, ਚਰਿਥਾ ਅਸਾਲੰਕਾ 0 ਅਤੇ ਧਨੰਜੈ ਡੀ ਸਿਲਵਾ 4 ਵਿਕਟਾਂ ਸ਼ਾਮਲ ਹਨ। ਹਾਲਾਂ ਕਿ ਸਿਰਾਜ ਨੇ 7 ਓਵਰਾਂ 'ਚ 21 ਦੌੜਾਂ ਦੇ ਕੇ 6 ਵਿਕਟਾਂ ਲਈਆਂ। ਇਸ ਤੋਂ ਇਲਾਵਾ ਸਿਰਾਜ ਨੇ ਮੈਂਡਿਸ ਅਤੇ ਕਪਤਾਨ ਸ਼ਨਾਕਾ ਨੂੰ ਕਲੀਨ ਬੋਲਡ ਕਰਕੇ ਪੈਵੇਲੀਅਨ ਭੇਜ ਦਿੱਤਾ।

**ਪੰਜ ਬੱਲੇਬਾਜ਼ਾਂ ਨੇ ਖਾਤਾ ਵੀ ਨਹੀਂ ਖੋਲ੍ਹਿਆ**

ਸ਼੍ਰੀਲੰਕਾ ਦੇ ਪੰਜ ਬੱਲੇਬਾਜ਼ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੇ। ਇਸ ਦੇ ਨਾਲ ਹੀ ਚਾਰ ਬੱਲੇਬਾਜ਼ ਦੋਹਰੇ ਅੰਕੜੇ ਤੱਕ ਵੀ ਨਹੀਂ ਪਹੁੰਚ ਸਕੇ। ਟੀਮ ਲਈ ਕੁਸਲ ਮੈਂਡਿਸ ਨੇ ਸਭ ਤੋਂ ਵੱਧ 17 ਦੌੜਾਂ ਬਣਾਈਆਂ। ਇਸ ਤੋਂ ਬਾਅਦ ਦਾਸੁਨ ਹੇਮੰਥਾ ਨੇ ਅਜੇਤੂ 13 ਦੌੜਾਂ ਦਾ ਯੋਗਦਾਨ ਪਾਇਆ। ਹਾਰਦਿਕ ਨੇ ਤਿੰਨ ਵਿਕਟਾਂ ਲਈਆਂ, ਜਦਕਿ ਬੁਮਰਾਹ ਨੂੰ ਇੱਕ ਵਿਕਟ ਮਿਲੀ

## ਨਿੱਝਰ ਹੱਤਿਆ ਮਾਮਲ

ਨਹੀਂ ਕਰਾਂਗੇ।" ਭਾਵੇਂ ਕਿ ਭਾਰਤ ਵੱਲੋਂ ਤੁਰੰਤ ਹੀ ਇਸ ਦੋਸ਼ ਨੂੰ ਖਾਰਜ ਕਰ ਦਿੱਤਾ ਗਿਆ ਸੀ। ਇਥੇ ਜ਼ਿਕਰਯੋਗ ਹੈ ਕਿ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਨੂੰ ਇਸੇ ਸਾਲ 18 ਜੂਨ ਨੂੰ ਸਰੀ ਬੀ.ਸੀ. ਦੇ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਦੇ ਵਿੱਚ ਦੋ ਬੰਦੂਕਧਾਰੀਆਂ ਨੇ ਗੋਲੀਆਂ ਮਾਰ ਕੇ ਉਹਨਾਂ ਦੀ ਹੱਤਿਆ ਕਰ ਦਿੱਤੀ ਸੀ। ਉਹਨਾਂ ਦੀ ਉਮਰ ਕਰੀਬ 45 ਸਾਲ ਸੀ। ਉਹ 1997 ਵਿੱਚ ਕੈਨੇਡਾ ਜਾ ਕੇ ਵਸੇ ਸਨ।

ਹੈਰਾਨੀ ਦੀ ਗੱਲ ਹੈ ਕਿ ਕੁੱਝ ਕੁ ਮਹੀਨਿਆਂ ਦੇ ਅੰਦਰ ਹੀ 'ਵਾਰਿਸ ਪੰਜਾਬ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੂੰ ਸੁਰੱਖਿਆ ਬਲਾਂ ਦੁਆਰਾ ਫੜਿਆ ਜਾਂਦਾ ਹੈ ਤੇ ਫੇਰ ਉਸਦੇ ਫੜੇ ਜਾਣ ਤੋਂ ਬਾਅਦ ਭਾਰਤ ਤੋਂ ਬਾਹਰ 'ਗਰਮ ਦਲੀ' ਸਿੱਖ ਆਗੂਆਂ ਦੀਆਂ ਇਤਫ਼ਾਕੀ ਮੌਤਾਂ ਦੀ ਲੜੀ ਸ਼ੁਰੂ ਹੋ ਜਾਂਦੀ ਹੈ। ਹਰਦੀਪ ਸਿੰਘ ਨਿੱਝਰ, ਪਰਮਜੀਤ ਸਿੰਘ ਪੰਜਵੜ ਅਤੇ ਅਵਤਾਰ ਸਿੰਘ ਖੰਡਾ ਦੋ ਮਹੀਨਿਆਂ ਦੇ ਅੰਦਰ ਅੰਦਰ ਹੀ ਕਤਲ ਕਰ ਦਿੱਤੇ ਜਾਂਦੇ ਹਨ (ਜਿਹੜੇ ਕਿ ਭਾਰਤ ਸਰਕਾਰ ਦੁਆਰਾ ਐਲਾਨੇ ਗਏ ਅੱਤਵਾਦੀ ਸਨ)। ਹਰਦੀਪ ਸਿੰਘ ਨਿੱਝਰ ਦੇ ਉੱਤੇ ਤਾਂ ਰਾਸ਼ਟਰੀ ਜਾਂਚ ਏਜੰਸੀ ਦੁਆਰਾ ਦਸ ਲੱਖ ਰੁਪਏ ਦਾ ਇਨਾਮ ਵੀ ਰੱਖਿਆ ਗਿਆ ਸੀ ਪਰ ਨਿੱਝਰ ਦੀ ਮੌਤ ਤੋਂ ਬਾਅਦ ਉਸਦੇ ਬਹੁਤ ਸਾਰੇ ਸਮਾਜਿਕ ਕਾਰਜ ਵੀ ਆਮ ਲੋਕਾਂ ਦੇ ਸਾਹਮਣੇ ਆਏ ਸਨ, ਇਹ ਕਿਹਾ ਜਾਂਦਾ ਹੈ ਕਿ ਉਸਨੇ ਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਲੰਗਰ ਸੇਵਾ ਸ਼ੁਰੂ ਕੀਤੀ ਹੋਈ ਸੀ, ਭਾਈ ਨਿੱਝਰ ਨੇ ਕੈਨੇਡਾ ਦੇ ਵਿੱਚ ਮਾਰੇ ਗਏ ਸਵਦੇਸ਼ੀ ਬੱਚਿਆਂ ਅਤੇ ਨਿਊਜ਼ੀਲੈਂਡ ਵਿੱਚ ਸਾਲ 2019 ਦੌਰਾਨ ਬੰਬ ਧਮਾਕੇ ਵਿੱਚ ਮਾਰੇ ਗਏ ਮੁਸਲਮਾਨਾਂ ਲਈ ਵਿਸ਼ੇਸ਼ ਪ੍ਰਾਰਥਨਾਵਾਂ ਵੀ ਕਰਵਾਈਆਂ। ਸਮੁੱਚੇ ਤੌਰ 'ਤੇ ਵਿਦੇਸ਼ ਵਿੱਚ ਰਹਿੰਦੇ ਪਰਵਾਸੀ ਪਰਿਵਾਰਾਂ ਵਿੱਚ ਭਾਈ ਨਿੱਝਰ ਦਾ ਮੁਲਾਂਕਣ ਇਹ ਸੀ ਕਿ ਉਹ ਇੱਕ ਨਿਮਰ ਵਿਅਕਤੀ ਸੀ ਅਤੇ ਉਸਦੀ ਮੌਤ ਜਾਂ ਕਤਲ ਦੀ ਪੂਰੀ ਪੂਰੀ ਜਾਂਚ ਹੋਣੀ ਚਾਹੀਦੀ ਹੈ।

ਇਹ ਸ਼ਾਇਦ ਪਹਿਲੀ ਵਾਰ ਹੈ ਕਿ ਦੁਨੀਆਂ ਦੀ ਕਿਸੇ ਪਾਰਲੀਮੈਂਟ ਵਿੱਚ ਖਲੋ ਕੇ ਇੱਕ ਪ੍ਰਧਾਨ ਮੰਤਰੀ ਵੱਲੋਂ ਬੜੀ ਜਿੰਮੇਵਾਰੀ ਨਾਲ ਬਿਆਨ ਦੇਣਾ ਤੇ ਇਸ ਤਰਾਂ ਹੋ ਨਹੀਂ ਸਕਦਾ ਕਿ ਇਸ ਵਕਾਰੀ ਅਹੁਦੇ 'ਤੇ ਬੈਠ ਕੇ ਬਿਨਾਂ ਕਿਸੇ ਸਬੂਤ ਦੇ ਏਨੀ ਵੱਡੀ ਗੱਲ ਕਹਿ ਦੇਣਾ। ਕੀ ਭਾਰਤ ਸਰਕਾਰ ਅਜਿਹਾ ਹੌਂਸਲਾ ਕਰਕੇ ਜਵਾਬ ਪਾਰਲੀਮੈਂਟ ਵਿੱਚ ਦੇ ਸਕਦੀ ਹੈ? ਸਿੱਖ ਬੁੱਧੀਜੀਵੀਆਂ ਦੇ ਮੁਤਾਬਿਕ 1947 ਤੋਂ ਲੈ ਕੇ ਹੁਣ ਤੱਕ ਸਿੱਖਾਂ ਦੇ ਨਾਲ ਏਨਾ ਵਖਰੇਵਾਂ ਕਿਓਂ? ਸਿੱਖ ਨੌਜਵਾਨਾਂ ਨਾਲ ਧੱਕਾ, ਭਾਵੇਂ 26 ਹਜ਼ਾਰ ਲਾਵਾਰਸ ਲਾਸ਼ਾਂ ਦਾ ਮਸਲਾ ਹੋਵੇ ਭਾਵੇਂ ਖਾਲੜਾ ਸਾਹਿਬ ਦਾ ਅੰਤ ਦਾ ਸੱਚ ਹੋਵੇ, ਉਹਨਾਂ ਨਾਲ ਸਭ ਕੁਝ ਹੋਵੇਗਾ ਪਰ ਭਾਰਤ ਸਰਕਾਰ ਜਵਾਬ ਕਿਓਂ ਨਾ ਦੇਵੇ? ਇਹ ਵੀ ਇੱਕ ਵੱਡਾ ਸਵਾਲ ਹੈ। ਤੁਹਾਨੂੰ ਯਾਦ ਹੋਣਾ ਜਦੋਂ ਕੈਨੇਡਾ ਦੇ ਕੈਬਨਿਟ ਮੰਤਰੀ ਸੱਜਣ ਸਿੰਘ ਸਾਲ 2018 ਵਿੱਚ ਭਾਰਤ ਦੇ ਦੌਰੇ 'ਤੇ ਆਏ ਸਨ ਤਾਂ ਆਪਣੇ ਹੀ ਵਤਨ ਵਿੱਚ ਉਹਨਾਂ ਨੂੰ ਕਿਹਾ ਗਿਆ ਕਿ ਉਹਨਾਂ ਨੂੰ ਬਣਦਾ ਮਾਣ ਸਤਿਕਾਰ ਨਾ ਦਿੱਤਾ ਜਾਵੇ ਕਿਉਂਕਿ ਉਹ ਖ਼ਾਲਿਸਤਾਨ ਦੇ ਸਮਰਥਕ ਹਨ। ਹਰ ਨਾਮੀ ਸਿੱਖ ਚਿਹਰੇ ਨੂੰ ਇਸ ਤਰਾਂ ਦਾ ਅਹਿਸਾਸ ਕਰਵਾਉਣਾ ਕਿਥੋਂ ਤਕ ਜਾਇਜ਼ ਹੈ? ਵਿਦੇਸ਼ਾਂ ਦੇ ਵਿੱਚ ਸਿੱਖ ਆਪਣੇ ਹੱਕਾਂ ਨੂੰ ਲੈ ਕੇ ਸ਼ਾਂਤੀਪੂਰਨ ਸੰਘਰਸ਼ ਕਰ ਰਹੇ ਹਨ। ਇੱਕਾ ਦੁੱਕਾ ਘਟਨਾਵਾਂ ਨੂੰ ਛੱਡ ਕੇ ਸ਼ਾਂਤੀਪੂਰਨ ਰੋਸ ਪ੍ਰਦਰਸ਼ਨ ਹੁੰਦੇ ਹਨ ਭਾਵੇਂ ਉਹ ਕੈਨੇਡਾ ਹੋਵੇ ਜਾਂ ਅੰਮ੍ਰਿਤਪਾਲ ਸਿੰਘ ਦੇ ਧਾਰਮਿਕ ਸਮਾਗਮ, ਪਰ ਜਦੋਂ ਸ਼ਾਂਤੀਪੂਰਨ ਰੋਸ ਪ੍ਰਦਰਸ਼ਨ ਵੀ ਚੁੱਭਣ ਲੱਗ ਜਾਣ ਤਾਂ ਆਜ਼ਾਦੀ ਸ਼ਬਦ ਧੁੰਦਲਾ ਪੈ ਜਾਂਦਾ ਹੈ।

ਜਦੋਂ ਦੋ ਦੇਸ਼ਾਂ ਵਿਚਾਲੇ ਇੰਝ ਦੀ ਕਸ਼ਮਕਸ਼ ਹੁੰਦੀ ਹੈ ਤਾਂ ਸੰਜੀਦਗੀ ਦੇ ਨਾਲ ਨਿਪਟ ਲੈਣਾ ਚਾਹੀਦਾ ਹੈ। ਭਾਰਤ ਅਤੇ ਕੈਨੇਡਾ ਦੀ ਗੱਲ ਕਰੀਏ ਤਾਂ ਦੋਵੇਂ ਦੇਸ਼ ਯੂ.ਐਨ.ਓ. ਦੇ ਮੈਂਬਰ ਹਨ। ਉਥੇ ਵੀ ਬੈਠ ਕੇ ਇਹਨਾਂ ਨੂੰ ਗੱਲ ਕਰ ਲੈਣੀ ਚਾਹੀਦੀ ਹੈ ਬਜਾਇ ਚਿੱਠੀਓ ਚਿੱਠੀ ਹੋਣ ਦੇ।

***

## ਭਾਰਤ ਅਤੇ ਕੈਨੇਡਾ ਵਿਚਾਲੇ ਵਪਾਰਕ ਸਬੰਧ

ਨਿਰਯਾਤ (4.06 ਅਰਬ ਅਮਰੀਕੀ ਡਾਲਰ) ਵਿੱਚ ਦਾਲਾਂ, ਲੱਕੜ, ਕਾਗਜ਼ ਅਤੇ ਮਾਈਨਿੰਗ ਉਤਪਾਦ ਸ਼ਾਮਲ ਹਨ।

ਗਲੋਬਲ ਟਰੇਡ ਰਿਸਰਚ ਇਨੀਸ਼ੀਏਟਿਵ (ਜੀ.ਟੀ.ਆਰ.ਆਈ.) ਦੇ ਸਹਿ-ਸੰਸਥਾਪਕ ਅਜੈ ਸ਼੍ਰੀਵਾਸਤਵ ਨੇ ਕਿਹਾ ਕਿ ਇਸ ਲਈ, ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਸਬੰਧ ਵਧਦੇ ਰਹਿਣਗੇ ਅਤੇ ਰੋਜ਼ਾਨਾ ਦੀਆਂ ਘਟਨਾਵਾਂ ਨਾਲ ਪ੍ਰਭਾਵਿਤ ਨਹੀਂ ਹੋਣਗੇ।

***

## ਪੀ.ਜੀ. ਦੇ ਮਕੜ ਜਾਲ

ਪੀਜੀ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਸਮੀਖਿਆ ਅਧੀਨ ਮਿਆਦ ਦੇ ਦੌਰਾਨ, 68.5 ਪ੍ਰਤੀਸ਼ਤ ਕਿਰਾਏਦਾਰਾਂ ਨੇ ਡਬਲ ਅਤੇ ਟ੍ਰਿਪਲ ਪੀਜੀ ਵਿੱਚ ਵਧੇਰੇ ਦਿਲਚਸਪੀ ਦਿਖਾਈ। ਇਸ ਲਈ ਮੈਜਿਕਬ੍ਰਿਕਸ ਪਲੇਟਫਾਰਮ 'ਤੇ ਲਗਭਗ 71 ਪ੍ਰਤੀਸ਼ਤ ਪੀਜੀ ਸੂਚੀਆਂ ਡਬਲ ਸ਼ੇਅਰਿੰਗ ਜਾਂ ਵੱਡੇ ਸੈੱਟਅੱਪ ਦੀਆਂ ਸਨ।

ਮੈਜਿਕਬ੍ਰਿਕਸ ਦੇ ਅਨੁਸਾਰ, ਡਬਲ ਸ਼ੇਅਰਿੰਗ ਪੀਜੀ ਰਿਹਾਇਸ਼ ਦਾ ਕਿਰਾਇਆ 6,800 ਰੁਪਏ ਤੋਂ 10,000 ਰੁਪਏ ਦੇ ਵਿਚਕਾਰ ਹੈ, ਜਦੋਂ ਕਿ ਟ੍ਰਿਪਲ ਸ਼ੇਅਰਿੰਗ ਪੀਜੀ ਲਈ ਕਿਰਾਇਆ 4,800 ਤੋਂ 7,700 ਰੁਪਏ ਦੇ ਵਿਚਕਾਰ ਹੈ। ਕੁਝ ਥਾਂਵਾਂ 'ਤੇ, ਇਕ ਕਮਰੇ ਵਿੱਚ ਇਕੱਲੇ ਜਾਂ ਚਾਰ ਵਿਅਕਤੀਆਂ ਲਈ ਪੀਜੀ ਉਪਲਬਧ ਹਨ ਜਾਂ ਲੋਕ ਉਨ੍ਹਾਂ ਦੀ ਭਾਲ ਕਰਦੇ ਹਨ। ਪਰ ਇਸ ਰਿਪੋਰਟ ਵਿੱਚ ਇਸ ਬਾਰੇ ਕੋਈ ਚਰਚਾ ਨਹੀਂ ਕੀਤੀ ਗਈ ਹੈ ਪਰ ਚਾਹੇ ਉਹ ਲੜਕੀ ਹੋਵੇ ਜਾਂ ਲੜਕਾ, ਹਰ ਕਿਸੇ ਨੇ ਪੀਜੀ ਨੂੰ ਮਹੱਤਵ ਦਿੱਤਾ ਹੈ ਜੋ ਚੰਗੀਆਂ ਸਹੂਲਤਾਂ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਦੇ ਪੀਜੀ ਦੀ ਮੰਗ ਕਰੀਬ 55 ਫੀਸਦੀ ਸੀ।

ਭਾਰਤ ਵਿੱਚ ਪੀਜੀ ਰਿਹਾਇਸ਼ ਦੀ ਮੰਗ ਵਿੱਚ ਵਾਧਾ ਤੇਜ਼ੀ ਨਾਲ ਸ਼ਹਿਰੀਕਰਨ ਦੇ ਨਾਲ-ਨਾਲ ਬਿਹਤਰ ਸਿੱਖਿਆ ਅਤੇ ਕੈਰੀਅਰ ਦੇ ਮੌਕਿਆਂ ਦੀ ਖੋਜ ਕਾਰਨ ਹੈ। ਸ਼ਹਿਰਾਂ ਵਿੱਚ ਜਿੱਥੇ ਵਿਦਿਆਰਥੀਆਂ ਅਤੇ ਕੰਮਕਾਜੀ ਲੋਕਾਂ ਦੀ ਗਿਣਤੀ ਜ਼ਿਆਦਾ ਹੈ, ਉੱਥੇ ਹੀ ਪੀਜੀ ਬਾਜ਼ਾਰ ਵਿੱਚ ਵੀ ਭਾਰੀ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਭਾਰਤ ਵਿੱਚ ਹਜ਼ਾਰਾਂ ਸਾਲਾਂ ਦੀ ਕੁੱਲ ਆਬਾਦੀ 52 ਫੀਸਦੀ ਹੈ। ਇਹਨਾਂ ਦੇ ਕਾਰਨ, ਪੀਜੀ ਵਰਗੀ ਕਿਫਾਇਤੀ ਅਤੇ ਸੁਵਿਧਾਜਨਕ ਰਿਹਾਇਸ਼ ਦੀ ਮੰਗ ਲੰਬੇ ਸਮੇਂ ਵਿੱਚ ਬਰਕਰਾਰ ਰਹਿਣ ਦੀ ਸੰਭਾਵਨਾ ਹੈ।

ਜੇਕਰ ਦੋ-ਤਿੰਨ ਦਹਾਕੇ ਪਹਿਲਾਂ ਦੀ ਗੱਲ ਕਰੀਏ ਤਾਂ ਛੋਟੇ ਕਸਬਿਆਂ ਜਾਂ ਪਿੰਡਾਂ ਤੋਂ ਦਿੱਲੀ ਆਉਣ ਵਾਲੇ ਬੱਚੇ ਵੱਡੇ ਸ਼ਹਿਰਾਂ ਵਿੱਚ ਕੋਠੀਆਂ ਜਾਂ ਕਮਰੇ ਲੱਭਦੇ ਸਨ। ਉਹ ਇੱਕ-ਦੋ ਵਿਦਿਆਰਥੀਆਂ ਨਾਲ ਇੱਕ ਕਮਰੇ ਵਿੱਚ ਰਹਿੰਦਾ ਸੀ। ਲਾਜ ਵਿੱਚ ਹੀ ਤਖਤ ਜਾਂ ਥੜ੍ਹੇ ਦਾ ਪ੍ਰਬੰਧ ਸੀ। ਵਿਦਿਆਰਥੀ ਆਪਣੇ ਘਰੋਂ ਗੱਦਾ ਅਤੇ ਸਿਰਹਾਣਾ ਲਿਆਉਂਦੇ ਸਨ ਜਾਂ ਉਸੇ ਸ਼ਹਿਰ ਵਿੱਚ ਬਣਵਾ ਲੈਂਦੇ ਸਨ। ਫਿਰ ਉਹ ਦੁਬਾਰਾ ਰਹਿਣ ਲੱਗ ਪਏ। ਅੱਜ-ਕੱਲ੍ਹ ਦੇ ਬੱਚੇ ਇੰਨਾ ਦੁੱਖ ਨਹੀਂ ਝੱਲਣਾ ਚਾਹੁੰਦੇ। ਕਿਉਂਕਿ ਪੀਜੀ ਵਿੱਚ ਰਹਿਣ-ਸਹਿਣ ਅਤੇ ਖਾਣ-ਪੀਣ ਤੋਂ ਲੈ ਕੇ ਬੈੱਡ ਅਤੇ ਅਲਮਾਰੀ ਤੱਕ ਹਰ ਚੀਜ਼ ਦਾ ਪੂਰਾ ਪ੍ਰਬੰਧ ਹੈ। ਪੀਜੀ ਰਿਹਾਇਸ਼ ਬਹੁਤ ਸਸਤੀ ਹੈ। ਇਹ ਇਸ ਦੀ ਵਧਦੀ ਪ੍ਰਸਿੱਧੀ ਦਾ ਕਾਰਨ ਹੈ। ਇਹ ਮਕਾਨ ਮਾਲਕਾਂ ਲਈ ਵੀ ਆਕਰਸ਼ਕ ਹੈ ਕਿਉਂਕਿ ਇਹ ਰਵਾਇਤੀ ਰਿਹਾਇਸ਼ੀ ਬਾਜ਼ਾਰ ਨਾਲੋਂ ਵੱਧ ਕਿਰਾਏ ਦੀ ਪੇਸ਼ਕਸ਼ ਕਰਦਾ ਹੈ। ਇਸ ਵਿੱਚ ਵੀ ਘੱਟ ਖਤਰਾ ਹੈ।

***

## ਅਗਲੀਆਂ ਚੋਣਾਂ ਵਿੱਚ ਹੋਵੇਗਾ ਸੱਭਿਆਚਾਰਾਂ ਦਾ ਟਕਰਾਅ!

ਆਦਿ ਵਾਸੀ ਹਨ। ਸੋ, ਸੱਭਿਆਚਾਰਾਂ ਦੇ ਟਕਰਾਅ ਦਾ ਇਹ ਤੀਜਾ ਮੁੱਦਾ ਹੈ। ਇਸ ਬਿਆਨ 'ਤੇ ਵਿਵਾਦ ਸ਼ੁਰੂ ਹੋ ਗਿਆ ਹੈ। ਇਸ ਉਪਰ ਯੂਪੀ ਵਿੱਚ ਕੇਸ ਦਰਜ ਹੋ ਗਿਆ ਹੈ। 'ਇੰਡੀਆ' ਗੱਠਜੋੜ ਦੀਆਂ ਸਫ਼ਲ ਮੀਟਿੰਗਾਂ ਤੋਂ ਘਬਰਾਈ ਭਾਜਪਾ ਦੇ ਤਾਂ ਇਸ ਬਿਆਨ ਨਾਲ ਸਾਹ ਵਿੱਚ ਸਾਹ ਆ ਗਿਆ। ਭਾਜਪਾ ਆਗੂ ਤਾਂ ਹਮੇਸ਼ਾ ਅਜਿਹਾ ਮੁੱਦਾ ਲੱਭਦੇ ਰਹਿੰਦੇ ਹਨ, ਜਿਸ ਨੂੰ ਹਵਾ ਦੇ ਕੇ ਹਿੰਦੂਆਂ ਨੂੰ ਗੋਲਬੰਦ ਕੀਤਾ ਜਾ ਸਕੇ। ਉਦੈਨਿਧੀ ਦੇ ਇਸ ਬਿਆਨ ਤੋਂ ਬਾਅਦ ਪਰਮਹੰਸ ਅਚਾਰੀਆ ਨਾਂਅ ਦੇ ਸਾਧ ਨੇ ਇਹ ਐਲਾਨ ਕਰ ਦਿੱਤਾ ਕਿ ਜਿਹੜਾ ਵੀ ਸਨਾਤਨੀ ਉਦੈਨਿਧੀ ਦਾ ਸਿਰ ਕਲਮ ਕਰਕੇ ਲਿਆਵੇਗਾ, ਉਹ ਉਸ ਨੂੰ 10 ਕਰੋੜ ਰੁਪਏ ਦੇਣਗੇ।

ਇਹ ਉਹੀ ਪਰਮਹੰਸ ਅਚਾਰੀਆ ਹੈ, ਜਿਸ ਨੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਏ ਜਾਣ ਦੀ ਮੰਗ ਨੂੰ ਲੈ ਕੇ ਆਤਮਦਾਹ ਕਰਨ ਲਈ ਆਪਣੀ ਤਪੱਸਵੀ ਛਾਉਣੀ ਵਿੱਚ ਚਿਤਾ ਜਲਾ ਲਈ ਸੀ, ਪਰ ਅੱਜ ਤੱਕ ਉਸ ਨੇ ਆਤਮਦਾਹ ਨਹੀਂ ਕੀਤਾ। ਇਸ ਉਪਰੰਤ ਉਸ ਨੇ ਜਲ ਸਮਾਧੀ ਲੈਣ ਦਾ ਐਲਾਨ ਕਰ ਦਿੱਤਾ, ਪਰ ਅੱਜ ਤੱਕ ਉਹ ਪਾਣੀ ਵਿੱਚ ਵੜਿਆ ਤੱਕ ਨਹੀਂ। ਉਸ ਨੇ ਫਿਲਮ ਐਕਟਰ ਸ਼ਾਹਰੁਖ ਖਾਨ ਨੂੰ ਜ਼ਿੰਦਾ ਸਾੜ ਦੇਣ ਵਾਲੇ ਨੂੰ ਵੀ ਇਨਾਮ ਦੇਣ ਦਾ ਐਲਾਨ ਕੀਤਾ ਸੀ, ਪਰ ਉਸ ਦੇ ਕਹੇ ਕੋਈ ਸਨਾਤਨੀ ਨਿੱਤਰਿਆ ਹੀ ਨਹੀਂ।

ਭਾਜਪਾ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਫਿਰਕਾਪ੍ਰਸਤੀ ਦੀ ਖੇਡ ਇੱਕ ਦਿਨ ਉਸ ਨੂੰ ਸਮਾਪਤ ਕਰ ਦੇਵੇਗੀ। ਸਨਾਤਨ ਧਰਮ ਅਸਲ ਵਿੱਚ ਮੁੱਠੀ-ਭਰ ਸਵਰਨ ਜਾਤੀਆਂ ਲਈ ਸੱਤਾ ਉੱਤੇ ਪਕੜ ਬਣਾਈ ਰੱਖਣ ਦਾ ਇੱਕ ਹਥਿਆਰ ਹੈ। ਜਦੋਂ ਬਹੁ-ਗਿਣਤੀ ਦਲਿਤਾਂ, ਪਛੜਿਆਂ, ਆਦਿ ਵਾਸੀਆਂ ਨੂੰ ਇਹ ਗੱਲ ਸਮਝ ਪੈ ਜਾਵੇਗੀ ਤਾਂ ਅਜੋਕੀ ਹਾਕਮ ਜਮਾਤ ਦਾ ਇਹ ਆਖਰੀ ਦਿਨ ਹੋਵੇਗਾ।

ਉਦੈਨਿਧੀ ਨੇ ਕੋਈ ਵੱਖਰੀ ਗੱਲ ਨਹੀਂ ਕੀਤੀ, ਉਸ ਨੇ ਉਹੀ ਕਿਹਾ, ਜੋ ਪੇਰੀਅਰ, ਅੰਬੇਡਕਰ ਤੇ ਉਸ ਤੋਂ ਪਹਿਲਾਂ ਭਗਤੀ ਲਹਿਰ ਦੇ ਸੰਤ ਕਹਿੰਦੇ ਰਹੇ ਹਨ। ਸਿੱਖ ਧਰਮ ਦੀ ਤਾਂ ਸਥਾਪਨਾ ਹੀ ਸਨਾਤਨ ਧਰਮ ਦੇ ਕਰਮਕਾਂਡ, ਜਾਤੀਵਾਦ ਦੇ ਵਿਰੋਧ ਵਿੱਚ ਹੋਈ ਸੀ। ਸਨਾਤਨ ਧਰਮ ਵਿੱਚ ਫੈਲੀ ਜਾਤਵਾਦੀ ਜ਼ਹਿਰ ਤੇ ਸਮਾਜਿਕ ਅਸਮਾਨਤਾ ਕਾਰਨ ਅੱਜ ਅਨੇਕਾਂ ਹਿੰਦੂ ਈਸਾਈ ਧਰਮ ਅਪਨਾ ਚੁੱਕੇ ਹਨ।

ਗੁਰੂ ਗਰੰਥ ਸਾਹਿਬ ਦਾ ਫਲਸਫਾ, ਸਿਧਾਂਤ ਭਾਰਤ ਦੇ ਲੋਕਾਂ ਨੂੰ ਸਾਂਝੀਵਾਲਤਾ ਦੇ ਸੂਤਰ ਨਾਲ ਜੋੜਦਾ ਹੈ। ਗੁਰੂ ਗਰੰਥ ਸਾਹਿਬ ਨਾ ਵਨ ਨੇਸ਼ਨ ਦਾ ਹਾਮੀ ਹੈ, ਨਾ ਨੇਸ਼ਨ ਸਟੇਟ ਦਾ ਤੇ ਨਾ ਸਨਾਤਨ ਵਾਦ ਦਾ। ਗੁਰੂ ਗਰੰਥ ਸਾਹਿਬ ਹਲੇਮੀ ਰਾਜ ਤੇ ਬੇਗਮਪੁਰਾ ਸਮਾਜ ਦਾ ਸੰਕਲਪ ਉਭਾਰਦੇ ਹਨ ਜੋ ਸਮੁੱਚੀ ਮਨੁੱਖਤਾ ਦਾ ਏਜੰਡਾ ਹੈ।

ਜਾਤ ਪਾਤ ਹਿੰਦੂ ਧਰਮ ਦਾ ਥੰਮ੍ਹ ਹੈ ਜਿਸ ਨੇ ਸਮਾਜ ਨੂੰ ਬ੍ਰਾਹਮਣ, ਖੱਤਰੀ, ਸ਼ੂਦ ਅਤੇ ਵੈਸ਼ ਚਾਰ ਵਰਣਾਂ ਵਿੱਚ ਵੰਡਿਆ ਹੈ। ਜਦੋਂ ਕਿ ਸਿੱਖ ਧਰਮ ਜਾਤਪਾਤ ਦੇ ਕੋਹੜ ਨੂੰ ਮੁੱਢ ਤੋਂ ਹੀ ਰਦ ਕਰਦਾ ਹੈ

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥
(ਭੈਰਉ ਮਃ 3 ਪੰਨਾ 1127)

ਕੁੱਲ ਮਿਲਾ ਕੇ ਅਗਲੀਆਂ ਚੋਣਾਂ ਤੋਂ ਪਹਿਲਾਂ ਜਿਸ ਤਰ੍ਹਾਂ ਸੱਭਿਆਚਾਰ, ਪਰੰਪਰਾ, ਭਾਸ਼ਾ ਆਦਿ ਦੇ ਸਵਾਲ ਉਠਾਏ ਜਾ ਰਹੇ ਹਨ ਜਾਂ ਆਪਣੇ ਆਪ ਹੀ ਸਿਆਸੀ ਅਤੇ ਸਮਾਜਿਕ ਚਰਚਾ ਦੇ ਕੇਂਦਰ ਵਿੱਚ ਆ ਰਹੇ ਹਨ, ਉਸ ਤੋਂ ਲੱਗਦਾ ਹੈ ਕਿ ਅਗਲੀਆਂ ਚੋਣਾਂ ਵਿੱਚ ਇਹ ਵੱਡੀ ਭੂਮਿਕਾ ਨਿਭਾਉਣਗੇ। ਰਾਜਨੀਤੀ ਨਾਲ ਜੁੜੇ ਮੁੱਦੇ ਆਪਣੀ ਥਾਂ 'ਤੇ ਹੋਣਗੇ, ਸਰਕਾਰ ਆਪਣੀਆਂ ਪ੍ਰਾਪਤੀਆਂ ਦੱਸੇਗੀ ਅਤੇ ਵਿਰੋਧੀ ਧਿਰ ਆਪਣੀਆਂ ਕਮੀਆਂ ਵੱਲ ਧਿਆਨ ਦੇਵੇਗੀ। ਭ੍ਰਿਸ਼ਟਾਚਾਰ, ਮਹਿੰਗਾਈ, ਗਰੀਬੀ, ਬੇਰੁਜ਼ਗਾਰੀ ਆਦਿ ਦੇ ਇਲਜ਼ਾਮ ਵੀ ਲੱਗਣਗੇ। ਇਸ ਸਭ ਦੇ ਵਿਚਕਾਰ ਪਹਿਲੀ ਵਾਰ ਅਜਿਹਾ ਹੋਵੇਗਾ ਕਿ ਸੱਭਿਆਚਾਰ ਦਾ ਸਵਾਲ ਰਾਜਨੀਤੀ ਦੀ ਦਿਸ਼ਾ ਤੈਅ ਕਰੇਗਾ। ਭਾਜਪਾ ਅਤੇ ਵਿਰੋਧੀ ਧਿਰ ਦੋਵਾਂ ਲਈ ਇਹ ਖੰਡੇ ਦੀ ਧਾਰ 'ਤੇ ਚੱਲਣ ਵਾਂਗ ਹੈ। ਭਾਜਪਾ ਨੂੰ ਉਮੀਦ ਹੈ ਕਿ ਸਨਾਤਨ, ਬ੍ਰਾਹਮਣ, ਹਿੰਦੀ, ਸ਼ਾਕਾਹਾਰੀ, ਭਾਰਤ ਅਤੇ ਰਾਮ ਦਾ ਨਾਮ ਆਖਰਕਾਰ ਵਿਆਪਕ ਹਿੰਦੂ ਸਮਾਜ ਨੂੰ ਵੋਟ ਪਾਉਣ ਲਈ ਮਜਬੂਰ ਕਰੇਗਾ, ਜਦਕਿ ਦੂਜੇ ਪਾਸੇ ਵਿਰੋਧੀ ਧਿਰ ਮਹਿਸੂਸ ਕਰ ਰਹੀ ਹੈ ਕਿ ਸਨਾਤਨ ਦਾ ਵਿਰੋਧ, ਇੰਡੀਆ ਤੇ ਭਾਰਤ ਆਦਿ ਮੁੱਦੇ ਸਾਰੇ ਆਰਥਿਕ, ਸਮਾਜਿਕ ਅਤੇ ਵਿੱਦਿਅਕ ਤੌਰ 'ਤੇ ਪਛੜੇ ਲੋਕਾਂ ,ਦਲਿਤਾਂ , ਘੱਟਗਿਣਤੀਆਂ ਨੂੰ ਭਾਜਪਾ ਦੇ ਖ਼ਿਲਾਫ਼ ਇਕਜੁੱਟ ਕਰਨਗੇ।

***

## ਨਸ਼ਿਆਂ ਪਰ ਕਾਬੂ ਪਾਉਣ 'ਚ

ਸਿਰਫ਼ ਉਥੋਂ ਬਰਾਮਦਗੀ ਵਾਸਤੇ ਗਏ ਸਨ।ਉਹਨਾਂ ਕਿਹਾ ਕਿ ਐੱਸਐੱਸਪੀ ਦਾ ਬਿਆਨ ਵੀ ਹੈਰਾਨੀਜਨਕ ਹੈ ਜੋ ਕਹਿ ਰਹੇ ਹਨ ਕਿ ਬੋਨਟ ਹੇਠਾਂ ਹੈਰੋਇਨ ਤਾਂ ਰੱਖੀ ਸੀ ਤਾਂ ਜੋ ਕੋਈ ਪੁਲਿਸ ਮੁਲਾਜ਼ਮਾਂ ਤੋਂ ਹੈਰੋਇਨ ਖੋਹ ਨਾ ਲਵੇ। ਉਹਨਾਂ ਹੈਰਾਨੀ ਪ੍ਰਗਟਾਈ ਕਿ ਜਦੋਂ ਪੁਲਿਸ ਵਾਲੇ ਹੀ ਡਰ ਰਹੇ ਹਨ ਤਾਂ ਫਿਰ ਪੰਜਾਬੀ ਆਪਣੀ ਸੁਰੱਖਿਆ ਲਈ ਕਿਸ 'ਤੇ ਭਰੋਸਾ ਕਰ ਸਕਦੇ ਹਨ। ਉਹਨਾਂ ਦੋਸ਼ ਲਾਇਆ ਕਿ ਪੁਲਿਸ ਮਾਮਲੇ ਨੂੰ ਰਫਾ ਦਫ਼ਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਜਦ ਕਿ ਪੁਲਿਸ ਆਪ ਨਸ਼ੇ ਧੰਦੇ ਵਿੱਚ ਸ਼ਾਮਲ ਹੈ।

ਵਲਟੋਹਾ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਡੀਜੀਪੀ ਗੌਰਵ ਯਾਦਵ ਨੂੰ ਆਖਿਆ ਕਿ ਉਹ ਦੱਸਣ ਕਿ ਪੁਲਿਸ ਮੁਲਾਜ਼ਮਾਂ ਵੱਲੋਂ ਕੀਤੇ ਜਾ ਰਹੇ ਨਸ਼ੇ ਦੇ ਕਾਰੋਬਾਰ ਦੀ ਪੁਸ਼ਤ ਪਨਾਹੀ ਕੌਣ ਕਰ ਰਿਹਾ ਹੈ ? ਉਹਨਾਂ ਕਿਹਾ ਕਿ ਗ੍ਰਹਿ ਮੰਤਰੀ ਦੱਸਣ ਕਿ ਪੁਲਿਸ ਵਿੱਚ ਇਹ ਨਸ਼ਾ ਕਾਰੋਬਾਰ ਕੌਣ ਚਲਾ ਰਿਹਾ ਹੈ। ਉਹਨਾਂ ਕਿਹਾ ਕਿ ਉਹਨਾਂ ਨੇ ਪਹਿਲਾਂ ਤਤਕਾਲੀ ਏ ਆਈ ਜੀ ਰਾਜਜੀਤ ਸਿੰਘ ਵੱਲੋਂ ਕੀਤੇ ਜਾ ਰਹੇ ਗੁਨਾਹਾਂ ਬਾਰੇ ਆਵਾਜ਼ ਬੁਲੰਦ ਕੀਤੀ ਸੀ ਤੇ ਹੁਣ ਅਜਿਹਾ ਜਾਪਦਾ ਹੈ ਕਿ ਕਈ ਰਾਜਜੀਤ ਹਾਲੇ ਵੀ ਪੰਜਾਬ ਪੁਲਿਸ ਵਿੱਚ ਹਨ ਜੋ ਇਹ ਨਸ਼ੇ ਦਾ ਕਾਰੋਬਾਰ ਕਰ ਰਹੇ ਹਨ।ਉਹਨਾਂ ਕਿਹਾ ਕਿ ਭਗਵੰਤ ਮਾਨ ਪਹਿਲਾਂ ਆਖਦੇ ਹੁੰਦੇ ਸਨ ਕਿ ਸਰਕਾਰਾਂ ਹੀ ਨਸ਼ਾ ਮਾਫੀਆ ਦੀ ਪੁਸ਼ਤ ਪਨਾਹੀ ਕਰਦੀਆਂ ਹਨ ਤੇ ਹੁਣ ਉਹ ਦੱਸਣ ਕਿ ਉਹਨਾਂ ਦੀ ਸਰਕਾਰ ਵਿੱਚ ਇਸ ਨਸ਼ਾ ਕਾਰੋਬਾਰ ਦੀ ਪੁਸ਼ਤ ਪਨਾਹੀ ਕੌਣ ਕਰ ਰਿਹਾ ਹੈ।

***

## ਜਾਰਜੀਆ 'ਚ ਦੱਖਣੀ ਕੋਰੀਆਈ ਔਰਤ ਦੀ ਮੌਤ

ਜੋਨਹੋ ਲੀ (26), ਹਿਊਨਜੀ ਲੀ (25) ਤੇ ਝੂਨਹਾਉਮ ਲੀ (22) ਵਜੋਂ ਹੋਈ ਹੈ ਜਦ ਕਿ ਇਕ ਸ਼ੱਕੀ ਦੀ ਉਮਰ 15 ਸਾਲਾ ਹੈ ਜਿਸ ਦਾ ਨਾਂ 'ਤੇ ਤਸਵੀਰ ਜਾਰੀ ਨਹੀਂ ਕੀਤੀ ਗਈ। ਪੁਲਿਸ ਅਨੁਸਾਰ ਗ੍ਰਿਫ਼ਤਾਰ ਸਾਰੇ ਸ਼ੱਕੀ ਦੋਸ਼ੀਆਂ ਨੂੰ ਹੱਤਿਆ, ਬੰਦੀ ਬਣਾਉਣ, ਸਬੂਤਾਂ ਨਾਲ ਛੇੜਛਾੜ ਕਰਨ ਸਮੇਤ ਹੋਰ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ।

***

## ਧਰਤੀ ਦੇ ਬਾਹਰੀ ਵਾਯੂਮੰਡਲ

ਯੂ.ਐਫ.ਓ. ਦਾ ਬਿਹਤਰ ਅਧਿਐਨ ਅਤੇ ਵਿਸ਼ਲੇਸ਼ਣ ਕਰ ਸਕਦਾ ਹੈ। ਰਿਪੋਰਟ ਦੇ ਆਖਰੀ ਪੰਨੇ ਵਿੱਚ ਕਿਹਾ ਗਿਆ ਹੈ ਕਿ ਇਹ ਸਿੱਟਾ ਕੱਢਣ ਦਾ ਕੋਈ ਕਾਰਨ ਨਹੀਂ ਹੈ ਕਿ ਨਾਸਾ ਦੁਆਰਾ ਰਿਪੋਰਟ ਕੀਤੇ ਗਏ ਸੈਂਕੜੇ ਯੂ.ਐਫ.ਓ. ਦੇ ਪਿੱਛੇ ਕੋਈ ਅਲੌਕਿਕ ਸ਼ਕਤੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਇਹ ਰਹੱਸਮਈ ਚੀਜ਼ ਸੋਲਰ ਸਿਸਟਮ ਰਾਹੀਂ ਇੱਥੇ ਪਹੁੰਚੀ ਹੈ। ਨਾਸਾ ਦੇ ਵਿਗਿਆਨ ਮਿਸ਼ਨ ਡਾਇਰੈਕਟੋਰੇਟ ਨਾਲ ਜੁੜੇ ਨਿਕੋਲਾ ਫੌਕਸ ਦੇ ਅਨੁਸਾਰ, ਯੂ.ਐਫ.ਓ. ਗ੍ਰਹਿ ਧਰਤੀ ਦੇ ਸਭ ਤੋਂ ਵੱਡੇ ਰਹੱਸਾਂ ਵਿੱਚੋਂ ਇੱਕ ਹੈ। ਇਸ ਦਾ ਮੁੱਖ ਕਾਰਨ ਉੱਚ ਗੁਣਵੱਤਾ ਵਾਲੇ ਡੇਟਾ ਦੀ ਕਮੀ ਹੈ।

***

## ਅਖਬਾਰਾਂ ਵਿੱਚ ਪਾਠਕਾਂ ਦਾ ਭਰੋਸਾ

ਹੁਣ ਅੰਗਰੇਜ਼ੀ ਅਖ਼ਬਾਰਾਂ ਨਾਲੋਂ ਵੱਧ ਮੁਨਾਫ਼ੇ ਵਾਲੀਆਂ ਹਨ।ਇਸ ਦੌਰਾਨ, ਏਬੀਪੀ ਗਰੁੱਪ ਦੇ ਸੀਈਓ ਧਰੁਬਾ ਮੁਖਰਜੀ ਨੇ ਕਿਹਾ ਕਿ ਲੋਕ ਆਪਣੇ ਸ਼ਹਿਰ ਅਤੇ ਆਲੇ-ਦੁਆਲੇ ਦੀਆਂ ਖ਼ਬਰਾਂ ਪੜ੍ਹਨਾ ਚਾਹੁੰਦੇ ਹਨ, ਜੋ ਕਿ ਡਿਜੀਟਲ ਪਲੇਟਫਾਰਮ 'ਤੇ ਉਪਲਬਧ ਨਹੀਂ ਹੈ। ਅਖ਼ਬਾਰ ਹਾਈਪਰਲੋਕਲ ਖ਼ਬਰਾਂ ਪ੍ਰਦਾਨ ਕਰਕੇ ਇਸ ਲੋੜ ਨੂੰ ਪੂਰਾ ਕਰਦੇ ਹਨ। ਇਹੀ ਕਾਰਨ ਹੈ ਕਿ ਸਥਾਨਕ ਭਾਸ਼ਾਵਾਂ ਵਿੱਚ ਛਪਦੇ ਅਖ਼ਬਾਰ ਛੋਟੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿੱਚ ਮਜ਼ਬੂਤੀ ਨਾਲ ਜੜ੍ਹ ਫੜ ਰਹੇ ਹਨ। ਅਮਰ ਉਜਾਲਾ ਦੇ ਮੈਨੇਜਿੰਗ ਡਾਇਰੈਕਟਰ ਤਨਮਯ ਮਹੇਸ਼ਵਰੀ ਅਤੇ ਈਨਾਡੂ ਦੇ ਡਾਇਰੈਕਟਰ ਆਈ ਵੈਂਕਟ ਨੇ ਵੀ ਚਰਚਾ ਵਿੱਚ ਹਿੱਸਾ ਲਿਆ।

ਡੀਬੀ ਗਰੁੱਪ ਦੇ ਚੀਫ਼ ਕਾਰਪੋਰੇਟ ਸੇਲਜ਼ ਅਤੇ ਮਾਰਕੀਟਿੰਗ ਅਫਸਰ ਸੱਤਿਆਜੀਤ ਸੇਨਗੁਪਤਾ ਨੇ ਕਿਹਾ ਕਿ ਇਸ਼ਤਿਹਾਰਬਾਜ਼ੀ ਰਾਹੀਂ ਹੋਣ ਵਾਲੀ ਆਮਦਨ ਲਗਾਤਾਰ ਵਧ ਰਹੀ ਹੈ। ਪਿਛਲੇ ਸਾਲ ਦੈਨਿਕ ਭਾਸਕਰ ਨੇ 17 ਫੀਸਦੀ ਵਾਧਾ ਹਾਸਲ ਕੀਤਾ ਸੀ। 65 ਤੋਂ 75 ਫੀਸਦੀ ਮਾਲੀਆ ਪ੍ਰਚੂਨ ਬਾਜ਼ਾਰ ਤੋਂ ਆ ਰਿਹਾ ਹੈ। ਕੌਸਤਵ ਚੈਟਰਜੀ, ਬ੍ਰਾਂਡ ਡਾਇਰੈਕਟਰ, ਟਾਈਮਜ਼ ਆਫ਼ ਇੰਡੀਆ ਅਤੇ ਸੁਸ਼ਾਂਤ ਕੁਮਾਰ, ਮਾਰਕੀਟਿੰਗ ਹੈੱਡ, ਆਕਾਸ਼ ਬਾਈਜੂ ਨੇ ਵੀ ਮੀਡੀਆ ਵਿੱਚ ਵਿਗਿਆਪਨ ਦੇ ਬਦਲਦੇ ਰੁਝਾਨਾਂ ਅਤੇ ਆਮਦਨੀ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਦੌਰਾਨ ਮੀਡੀਆ ਦੀ ਬੋਲਣ ਦੀ ਆਜ਼ਾਦੀ ਦਾ ਮੁੱਦਾ ਵੀ ਉਠਾਇਆ ਗਿਆ।

***

## ਵਿਰੋਧੀ ਧਿਰਾਂ ਵੱਲੋਂ 14 ਪੱਤਰਕਾਰਾਂ

ਟੀ. ਵੀ. ਚੈਨਲ ਸਰਕਾਰੀ ਭੌਂਪੂ ਬਣੇ ਹੋਏ ਹਨ, ਜਿਸ ਕਾਰਨ ਹੁਣ ਸਾਰੇ ਹੀ ਨਿਊਜ਼ ਚੈਨਲਾਂ ਦੀ ਭਰੋਸੇਯੋਗਤਾ 'ਤੇ ਸਵਾਲ ਖੜੇ ਹੋ ਰਹੇ ਹਨ। ਜਿਹੜੇ ਪੱਤਰਕਾਰਾਂ ਦਾ ਬਾਈਕਾਟ ਵਿਰੋਧੀ ਧਿਰ ਵੱਲੋਂ ਕੀਤਾ ਗਿਆ ਹੈ, ਉਹਨਾਂ ਦੇ ਟੀ.ਵੀ. ਚੈਨਲਾਂ ਦੇ ਮਾਲਕਾਂ ਅੱਗੇ ਵੀ ਵੱਡੀ ਸਮੱਸਿਆ ਖੜੀ ਹੋ ਗਈ ਹੈ ਕਿਉਂਕਿ ਜੇ ਉਹ ਇਹਨਾਂ ਪੱਤਰਕਾਰਾਂ ਨੂੰ ਨੌਕਰੀ ਤੋਂ ਕੱਢਦੇ ਹਨ ਤਾਂ ਵੀ ਮੀਡੀਆ ਜਗਤ ਵਿੱਚ ਉਹਨਾਂ ਦੀ ਬਦਨਾਮੀ ਹੋਵੇਗੀ ਜੇ ਉਹ ਇਹਨਾਂ ਪੱਤਰਕਾਰਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰਦੇ ਤਾਂ ਵੀ ਵਿਰੋਧੀ ਧਿਰ ਦੇ ਇਲਜ਼ਾਮਾਂ ਵਿੱਚ ਸੱਚਾਈ ਨਜ਼ਰ ਆਵੇਗੀ। ਇਸ ਤਰਾਂ ਇਹਨਾਂ ਚੈਨਲਾਂ ਦੇ ਮਾਲਕਾਂ ਅੱਗੇ ਸੱਪ ਦੇ ਮੂੰਹ ਕੋਹੜ ਕਿਰਲੀ ਵਾਲੀ ਹਾਲਤ ਬਣੀ ਹੋਈ ਹੈ। ਇਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਹ ਪੱਤਰਕਾਰ/ਐਂਕਰ ਟੀ ਵੀ ਚੈਨਲਾਂ 'ਤੇ ਆਪਣੀ ਮਰਜ਼ੀ ਨਾਲ ਹੀ ਵਿਰੋਧੀ ਧਿਰ ਦੀ ਹਰ ਗਲ ਦੇ ਆਲੋਚਨਾ ਅਤੇ ਸਰਕਾਰ ਦੀ ਸ਼ਲਾਘਾ ਕਰਦੇ ਸਨ ਜਾਂ ਫਿਰ ਉਹ ਆਪਣੇ ਚੈਨਲਾਂ ਦੀ ਪਾਲਿਸੀ ਅਨੁਸਾਰ ਅਜਿਹਾ ਕਰਦੇ ਸਨ। ਇਹ ਤਾਂ ਸਭ ਨੂੰ ਪਤਾ ਹੈ ਕਿ ਕੋਈ ਵੀ ਪੱਤਰਕਾਰ/ਐਂਕਰ ਆਪਣੀ ਮਰਜ਼ੀ ਨਾਲ ਕੋਈ ਪ੍ਰੋਗਰਾਮ ਪੇਸ਼ ਨਹੀਂ ਕਰ ਸਕਦਾ, ਇਸ ਵਿੱਚ ਚੈਨਲਾਂ ਦੇ ਮਾਲਕਾਂ ਦੀ ਰਜਾਮੰਦੀ ਜ਼ਰੂਰੀ ਹੁੰਦੀ ਹੈ। ਹੁਣ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਇਹਨਾਂ ਪੱਤਰਕਾਰਾਂ/ਐਂਕਰਾਂ ਖ਼ਿਲਾਫ਼ ਸਬੰਧਿਤ ਚੈਨਲਾਂ ਦੇ ਮਾਲਕਾਂ ਵੱਲੋਂ ਕੀ ਕਾਰਵਾਈ ਕੀਤੀ ਜਾਵੇਗੀ ਜਾਂ ਇਸ ਮਾਮਲੇ ਨੂੰ ਠੰਡੇ ਬਸਤੇ ਵਿੱਚ ਪਾਉਣ ਦੇ ਯਤਨ ਕੀਤੇ ਜਾਣਗੇ।

***

## ਪੰਜਾਬੀ ਮੂਲ ਦੇ ਸਾਂਸਦਾਂ ਰਣਦੀਪ ਸਿੰਘ ਸਰਾਏ,

ਓਨਟਾਰੀਓ ਸੂਬੇ ਵਿੱਚ ਪੰਜਾਬ ਮੂਲ ਦੇ ਤਿੰਨ ਲੀਡਰਾਂ ਨੂੰ ਮੰਤਰੀ ਬਣਾਇਆ ਗਿਆ ਸੀ। ਮੰਤਰੀ ਮੰਡਲ ਵਿੱਚ ਇਹ ਫੇਰਬਦਲ ਗ੍ਰੀਨ ਬੈਲਟ ਘੁਟਾਲੇ 'ਚ ਸ਼ਾਮਲ ਹੋਣ ਦੇ ਦੋਸ਼ ਵਿੱਚ ਇੱਕ ਮੰਤਰੀ ਦੇ ਅਸਤੀਫ਼ੇ ਕਾਰਨ ਕੀਤਾ ਗਿਆ। ਮੰਤਰੀ ਬਣਨ ਵਾਲਿਆਂ ਵਿੱਚ ਮੋਗਾ, ਪੰਜਾਬ ਵਿੱਚ ਪੈਦਾ ਹੋਏ 47 ਸਾਲਾ ਪਰਮ ਗਿੱਲ, 30 ਸਾਲਾ ਪ੍ਰਭਮੀਤ ਸਰਕਾਰੀਆ ਅਤੇ ਜਲੰਧਰ ਦੇ ਬਿਲਗਾ ਦੀ ਰਹਿਣ ਵਾਲੀ ਨੀਨਾ ਤਾਂਗੜੀ ਸ਼ਾਮਲ ਹਨ। ਪ੍ਰਭਮੀਤ ਸਰਕਾਰੀਆ ਨੂੰ ਤਰੱਕੀ ਦੇ ਕੇ ਖ਼ਜ਼ਾਨਾ ਬੋਰਡ ਦਾ ਚੇਅਰਮੈਨ ਬਣਾਇਆ ਗਿਆ। ਹੁਣ ਉਹ ਓਨਟਾਰੀਓ ਸੂਬੇ ਦੇ ਟਰਾਂਸਪੋਰਟ ਮੰਤਰੀ ਹੋਣਗੇ।

## 1947 ਦੇ ਪੰਜਾਬ ਤੋਂ ਮੌਜੂਦਾ

ਇਸ ਦੇ ਨਿਰਮਾਤਾ ਪੰਨਾਂ ਲਾਲ ਮਹੇਸ਼ਵਰੀ ਸਨ ਜਦ ਕਿ ਨਿਰਦੇਸ਼ਕ ਰਾਮ ਲਾਲ ਮਹੇਸ਼ਵਰੀ ਸਨ। ਇਸ ਫ਼ਿਲਮ ਦੇ ਹਿੱਟ ਹੋਣ ਤੋਂ ਬਾਅਦ ਦਾਰਾ ਸਿੰਘ ਤੇ ਬਲਰਾਜ ਸਾਹਨੀ ਦੀ 'ਨਾਨਕ ਦੁਖੀਆ ਸਭ ਸੰਸਾਰ' (1970) ਵਿੱਚ ਆਈ ਤੇ ਉਸ ਤੋਂ ਬਾਅਦ ਸੁਨੀਲ ਦੱਤ ਤੇ ਰਜਿੰਦਰ ਕੁਮਾਰ ਦੀ 'ਮਨ ਜੀਤੇ ਜਗ ਜੀਤ' ਆਈ, ਜਿਸ ਤੋਂ ਬਾਅਦ ਦਾਰਾ ਸਿੰਘ ਦੀ ਭਗਤ ਧੰਨਾ ਜੱਟ, ਸ਼ਮਿੰਦਰ ਸਿੰਘ ਦੀ 'ਦੁੱਖ ਭੰਜਨ ਤੇਰਾ ਨਾਮ' 'ਮਾਤਾ ਸ਼ੇਰਾਂਵਾਲੀ', 'ਧਿਆਨੂੰ ਭਗਤ' ਸਮੇਤ ਕਈ ਫ਼ਿਲਮਾਂ ਆਈਆਂ। ਇਹ ਉਹ ਦੌਰ ਸੀ, ਜਦੋਂ ਹਿੰਦੀ ਫ਼ਿਲਮਾਂ ਦੀ ਦੁਨੀਆ ਵਿੱਚ ਆਪਣਾ ਨਾਂਅ ਬਣਾ ਚੁੱਕੇ ਕਈ ਵੱਡੇ 'ਹਿੰਦੂ' ਕਲਾਕਾਰ ਆਪਣੀ ਮਾਦਰੀ ਜ਼ਬਾਨ ਪੰਜਾਬੀ ਨਾਲ ਵਫ਼ਾ ਕਰ ਰਹੇ ਸਨ ਅਤੇ ਮੁੱਲ ਮੋੜ ਰਹੇ ਸਨ। ਇਨ੍ਹਾਂ ਵਿੱਚ ਸੁਨੀਲ ਦੱਤ ਤੇ ਰਜਿੰਦਰ ਕੁਮਾਰ ਪ੍ਰਮੁੱਖ ਸਨ, ਜਿਨ੍ਹਾਂ 6 ਪੰਜਾਬੀ ਫ਼ਿਲਮਾਂ ਕੀਤੀਆਂ।

1970-80 ਦੇ ਦਹਾਕੇ ਵਿੱਚ ਕੋਈ 100 -125 ਪੰਜਾਬੀ ਫ਼ਿਲਮਾਂ ਰਿਲੀਜ਼ ਹੋਈਆਂ, ਜਿਨ੍ਹਾਂ ਕਰਕੇ ਪੰਜਾਬ ਦੇ ਛੋਟੇ-ਛੋਟੇ ਕਸਬਿਆਂ ਤੇ ਮੰਡੀਆਂ ਵਿੱਚ ਵੀ ਸਿਨੇਮਾ ਘਰ ਖੁੱਲ੍ਹਣ ਲੱਗੇ ਅਤੇ ਫ਼ਿਲਮਾਂ ਵੇਖਣਾ ਇੱਕ ਆਮ ਵਰਤਾਰਾ ਬਣ ਗਿਆ। 1975 ਵਿੱਚ ਨਿਰਮਾਤਾ-ਨਿਰਦੇਸ਼ਕ ਵਰਿੰਦਰ ਦੇ ਆਉਣ ਤੋਂ ਬਾਅਦ ਪੰਜਾਬੀ ਫ਼ਿਲਮਾਂ ਦਾ ਇੱਕ ਨਵਾਂ ਦੌਰ ਸ਼ੁਰੂ ਹੁੰਦਾ ਹੈ। ਦਰਅਸਲ ਮਸ਼ਹੂਰ ਅਦਾਕਾਰ ਅਤੇ ਉਸ ਸਮੇਂ ਦੇ ਸੁਪਰ-ਸਟਾਰ ਧਰਮਿੰਦਰ ਨੇ ਆਪਣੇ ਛੋਟੇ ਭਰਾ ਵਰਿੰਦਰ ਦੇ ਪੈਰ ਲਵਾਉਣ ਲਈ ਪੰਜਾਬੀ-ਫ਼ਿਲਮ 'ਤੇਰੀ-ਮੇਰੀ ਇਕ ਜਿੰਦੜੀ' ਬਣਾਈ। ਉਸ ਤੋਂ ਬਾਅਦ ਵਰਿੰਦਰ ਨੇ ਦੇਸੀ ਪੰਜਾਬੀ ਫ਼ਿਲਮਾਂ ਦੀ ਲਾਈਨ ਲਗਾ ਦਿੱਤੀ ਜਿਸ ਵਿੱਚ 'ਲੰਬੜਦਾਰਨੀ', 'ਸੰਤੋ-ਬੰਤੋ', ਟਾਕਰਾ, ਜਿੰਦੜੀ ਯਾਰ ਦੀ, ਸੈਦਾਂ ਜੋਗਨ, ਸਰਦਾਰਾ - ਕਰਤਾਰਾ ਆਦਿ ਪ੍ਰਮੁੱਖ ਸਨ।

ਫਿਰ 1981 ਵਿੱਚ ਆਈ ਪੰਜਾਬੀ ਦੀ ਸਭ ਤੋਂ ਸ਼ਾਹਕਾਰ ਫ਼ਿਲਮ ਚੰਨ ਪਰਦੇਸੀ। ਇਸ ਫ਼ਿਲਮ ਦੇ ਨਿਰਮਾਤਾ ਸਨ ਸਵਰਨ ਸੇਢਾਂ ਅਤੇ ਯੋਗਰਾਜ ਸੇਢਾਂ ਜਦ ਕਿ ਫ਼ਿਲਮ ਦਾ ਨਿਰਦੇਸ਼ਨ ਚਿਤਰਥਾ ਸਿੰਘ ਨੇ ਕੀਤਾ ਸੀ। ਫ਼ਿਲਮ ਚੰਨ ਪਰਦੇਸੀ ਪੰਜਾਬੀ ਫ਼ਿਲਮ ਸਨਅਤ ਨੂੰ ਨਵੀਆਂ ਬੁਲੰਦੀਆਂ 'ਤੇ ਲੈ ਗਈ। ਇਸ ਫ਼ਿਲਮ 'ਚ ਰਾਜ ਬੱਬਰ, ਅਮਰੀਸ਼ ਪੁਰੀ, ਕੁਲਭੂਸ਼ਣ ਖਰਬੰਦਾ, ਰਮਾ ਵਿੱਜ ਤੇ ਓਮ ਪੁਰੀ ਮੁੱਖ ਕਿਰਦਾਰ ਨਿਭਾਅ ਰਹੇ ਸਨ ਅਤੇ ਫ਼ਿਲਮ ਦੀ ਸਾਰੀ ਕਹਾਣੀ ਪਿੰਡ ਦੇ ਇਕ ਜਗੀਰਦਾਰ ਤੇ ਉਸ ਵਲੋਂ ਕੀਤੇ ਜਬਰ-ਜਨਾਹ ਦੇ ਆਲੇ-ਦੁਆਲੇ ਘੁੰਮਦੀ ਸੀ। ਇਸ ਫ਼ਿਲਮ ਨੂੰ ਵੀ ਕਈ ਕੌਮੀ ਫ਼ਿਲਮ ਪੁਰਸਕਾਰ ਮਿਲੇ ਅਤੇ ਇਸ ਨੂੰ ਤੇਲਗੂ ਤੇ ਹਿੰਦੀ 'ਚ ਵੀ ਵੱਖਰੇ ਨਾਵਾਂ ਤੇ ਅਦਾਕਾਰਾਂ ਨਾਲ ਬਣਾਇਆ ਗਿਆ। 1982-83 ਤੋਂ ਬਾਅਦ ਪੰਜਾਬੀ ਫ਼ਿਲਮ ਸਨਅਤ ਨੇ ਇਕ ਹੋਰ ਮੋੜ ਲਿਆ ਤੇ ਫ਼ਿਲਮਾਂ ਵਿੱਚ ਜੱਟਵਾਦ ਭਾਰੂ ਰਹਿਣ ਲੱਗਿਆ। ਇਸ ਦੌਰ 'ਚ ਬਣੀ ਪੁੱਤ ਜੱਟਾਂ ਦੇ ਇੱਕ ਬਾਕਮਾਲ ਫ਼ਿਲਮ ਸੀ ਪਰ ਉਸ ਤੋਂ ਬਾਅਦ ਜੱਟ ਸ਼ਬਦ ਨੇ ਪੰਜਾਬੀ ਫ਼ਿਲਮਾਂ 'ਚ ਅੱਤ ਕਰਵਾ ਦਿੱਤੀ ਅਤੇ ਇਕ ਤੋਂ ਬਾਅਦ ਇੱਕ ਦਰਜਨਾਂ ਫ਼ਿਲਮਾਂ ਜੱਟ 'ਤੇ ਬਣਨ ਲੱਗੀਆਂ, ਜਿਨ੍ਹਾਂ 'ਚ ਜ਼ੋਰ ਜੱਟ ਦਾ, ਅਣਖ ਜੱਟ ਦੀ, ਲਲਕਾਰਾ ਜੱਟੀ ਦਾ, ਜਿਗਰਾ ਜੱਟ ਦਾ, ਕੁਰਬਾਨੀ ਜੱਟ ਦੀ, ਗਵਾਹੀ ਜੱਟ ਦੀ, ਜੱਟ ਦਾ ਗੰਡਾਸਾ, ਬਦਲਾ ਜੱਟੀ ਦਾ ਵਰਗੀਆਂ ਫ਼ਿਲਮਾਂ ਪ੍ਰਮੁੱਖ ਸਨ, ਜਿਨ੍ਹਾਂ ਦੀਆਂ ਕਹਾਣੀਆਂ ਤੇ ਸੰਵਾਦ ਪਾਕਿਸਤਾਨ ਵਿੱਚ ਬਣਨ ਵਾਲੀਆਂ ਸੁਲਤਾਨ ਰਾਹੀ ਤੇ ਮੁਸਤਫਾ ਕੁਰੈਸ਼ੀ ਦੀਆਂ ਪੰਜਾਬੀ ਫ਼ਿਲਮਾਂ ਦੀਆਂ ਨਕਲ ਹੁੰਦੇ ਸਨ ਤੇ ਅਦਾਕਾਰੀ 'ਚ ਚੀਕ-ਚਿਹਾੜੇ ਤੋਂ ਇਲਾਵਾ ਇਨ੍ਹਾਂ ਵਿੱਚ ਕੁਝ ਨਹੀਂ ਸੀ ਹੁੰਦਾ। ਹਾਲਾਂ ਕਿ ਇਸ ਦੌਰਾਨ ਮਾਮਲਾ ਗੜਬੜ ਹੈ, ਲੌਂਗ ਦਾ ਲਿਸ਼ਕਾਰਾ, ਤਬਾਹੀ, ਬਾਗ਼ੀ ਸੂਰਮੇ ਵਰਗੀਆਂ ਹਟਵੀਆਂ ਫ਼ਿਲਮਾਂ ਵੀ ਆਈਆਂ ਪਰ ਉਨ੍ਹਾਂ ਦੀ ਗਿਣਤੀ ਬਹੁਤ ਘੱਟ ਸੀ।

ਇਸੇ ਦੌਰਾਨ ਮੜ੍ਹੀ ਦਾ ਦੀਵਾ ਵਰਗੀ ਫ਼ਿਲਮ ਵੀ ਆਈ, ਜਿਸ ਵਿੱਚ ਰਾਜ ਬੱਬਰ, ਪੰਕਜ ਕਪੂਰ ਤੇ ਦੀਪਤੀ ਨਵਲ ਦੀ ਬਿਹਤਰੀਨ ਅਦਾਕਾਰੀ ਸੀ। ਇਨ੍ਹਾਂ ਤੋਂ ਬਾਅਦ ਕੁਝ ਸਾਲ ਪੰਜਾਬ ਦਾ ਮਾਹੌਲ ਵੀ ਖ਼ਰਾਬ ਰਿਹਾ ਤੇ ਅਗਲੇ ਕਈ ਸਾਲ ਬਿਲਕੁਲ ਹੀ ਸੁੱਕੇ ਲੰਘ ਗਏ। ਨਤੀਜੇ ਵਜੋਂ ਕਈ ਛੋਟੇ ਕਸਬਿਆਂ ਤੇ ਮੰਡੀਆਂ 'ਚ ਬਣੇ ਸਿਨੇਮੇ ਬੰਦ ਹੋਣੇ ਸ਼ੁਰੂ ਹੋ ਗਏ।

ਫਿਰ ਸੰਨ 2000 ਵਿੱਚ ਆਈ ਨਿਰਮਾਤਾ ਇਕਬਾਲ ਸਿੰਘ ਢਿੱਲੋਂ ਦੀ ਫ਼ਿਲਮ ਸ਼ਹੀਦ ਊਧਮ ਸਿੰਘ ਜਿਸ ਦਾ ਨਿਰਦੇਸ਼ਨ ਚਿਤ੍ਰਾਰਥ ਨੇ ਕੀਤਾ ਅਤੇ ਅਦਾਕਾਰ ਰਾਜ ਬੱਬਰ ਨੇ ਇਸ ਵਿਚ ਪ੍ਰਮੁੱਖ ਕਿਰਦਾਰ ਨਿਭਾਇਆ ਸੀ। ਜਸਪਾਲ ਭੱਟੀ ਦੀ ਫ਼ਿਲਮ ਮਾਹੌਲ ਠੀਕ ਹੈ ਵੀ ਪੰਜਾਬੀ ਸਨਅਤ ਲਈ ਠੰਡੀ ਹਵਾ ਦੇ ਬੁੱਲ੍ਹੇ ਵਾਂਗ ਸੀ। ਉਸ ਤੋਂ ਬਾਅਦ 2002 'ਚ ਗੁਲਸ਼ਨ ਕੁਮਾਰ ਦੇ ਪੁੱਤਰ ਭੂਸ਼ਣ ਕੁਮਾਰ ਤੇ ਮਨਮੋਹਨ ਸਿੰਘ ਵੱਲੋਂ ਨਿਰਦੇਸ਼ਤ ਫ਼ਿਲਮ ਜੀ ਆਇਆ ਨੂੰ ਆਈ ਜੋ ਪੰਜਾਬੀਆਂ ਨੂੰ ਦੁਬਾਰਾ ਸਿਨੇਮਾ ਘਰਾਂ ਵੱਲ ਮੋੜ ਲਿਆਈ। ਇਸ ਤੋਂ ਇਲਾਵਾ ਮਨੋਜ ਪੁੰਜ ਦੀਆਂ ਫ਼ਿਲਮਾਂ ਸ਼ਹੀਦ-ਏ-ਮੁਹੱਬਤ ਤੇ ਵਾਰਿਸ ਸ਼ਾਹ ਵੀ ਬਿਹਤਰੀਨ ਫ਼ਿਲਮਾਂ ਸਨ, ਜੋ ਪੰਜਾਬੀ ਸਨਅਤ ਨੂੰ ਨਵੀਆਂ ਮੰਜ਼ਿਲਾਂ ਵੱਲ ਲੈ ਗਈਆਂ।

ਫਿਰ ਅੱਜ ਦਾ ਮੌਜੂਦਾ ਦੌਰ ਆਉਂਦਾ ਹੈ, ਜਿੱਥੇ ਜਤਿੰਦਰ ਮੌਹਰ ਵਰਗੇ ਨਿਰਦੇਸ਼ਕ ਮਿੱਟੀ, ਸਿਕੰਦਰ, ਕਿੱਸਾ ਪੰਜਾਬ, ਸਾਡੇ ਵਾਲੇ ਅਤੇ ਮੌੜ੍ਹ ਵਰਗੀਆਂ ਸੰਜੀਦਾ ਫ਼ਿਲਮਾਂ ਬਣ ਰਹੀਆਂ ਹਨ ਤੇ ਨਾਲ ਹੀ ਜੱਟ ਐਂਡ ਜੁਲੀਅਟ, ਕੈਰੀ ਆਨ ਜੱਟਾ, ਨਿੱਕਾ ਜ਼ੈਲਦਾਰ, ਚੱਲ ਮੇਰਾ ਪੁੱਤ ਵਰਗੀਆਂ ਕਾਮੇਡੀ ਫ਼ਿਲਮਾਂ ਵੀ ਬਣ ਰਹੀਆਂ ਹਨ, ਜੋ ਪੰਜਾਬੀ ਫ਼ਿਲਮ ਸਨਅਤ ਵੱਲ ਨਵਾਂ ਟੈਲੇਂਟ (ਹੁਨਰ) ਖਿੱਚ ਰਹੀਆਂ ਹਨ ਅਤੇ ਫ਼ਿਲਮਾਂ ਦੀ ਕਮਾਈ 50-100 ਕਰੋੜ ਵੱਲ ਲਿਜਾ ਰਹੀਆਂ ਹਨ। ਇਸ ਦੌਰਾਨ ਅੰਗਰੇਜ਼, ਲਵ ਪੰਜਾਬ, ਬੰਬੂਕਾਟ, ਕਲੀ-ਜੋਟਾ ਵਰਗੀਆਂ ਲੀਕ ਤੋਂ ਹਟਵੀਆਂ ਫ਼ਿਲਮਾਂ ਬਣ ਰਹੀਆਂ ਹਨ ਜਦ ਕਿ ਗੋਲਕ ਬੁਗਨੀ ਤੇ ਬਟੂਆ ਅਤੇ 15 ਲੱਖ ਕਦੋਂ ਆਊਗਾ ਵਰਗੀਆਂ ਸਿਆਸਤ 'ਤੇ ਤੰਨਜ਼ ਕੱਸਣ ਵਾਲੀਆਂ ਫ਼ਿਲਮਾਂ ਵੀ ਬਣ ਰਹੀਆਂ ਹਨ। ਫਿਰ ਪਿਛਲੇ ਦਿਨੀਂ ਹੀ ਰਿਲੀਜ਼ ਹੋਈ ਤਰਸੇਮ ਜੱਸੜ ਦੀ ਫ਼ਿਲਮ ਮਸਤਾਨੇ ਵੀ ਆਉਂਦੀ ਹੈ, ਜੋ ਪੰਜਾਬੀ ਫ਼ਿਲਮਾਂ ਦੇ ਕੈਨਵਸ ਨੂੰ ਬੇਹੱਦ ਬੁਲੰਦੀ 'ਤੇ ਲੈ ਜਾਂਦੀ ਹੈ ਤਾਂ ਕਿ ਇਤਿਹਾਸ ਬਾਰੇ ਗੱਲ ਹੋ ਸਕੇ ਅਤੇ ਕੁਝ ਸੰਜੀਦਾ ਕੰਮ ਵੇਖਿਆ ਜਾ ਸਕੇ। ਇਨ੍ਹਾਂ ਸਭ ਦੇ ਨਾਲ ਗੁਰਵਿੰਦਰ ਸਿੰਘ ਦੀਆਂ 'ਅੰਨ੍ਹੇ ਘੋੜੇ ਦਾ ਦਾਨ', ਚੌਥੀ ਕੂਟ ਤੇ ਰਾਜੀਵ ਸ਼ਰਮਾ ਦੀਆਂ ਚੰਮ, ਨਾਬਰ ਵਰਗੀਆਂ ਸੰਜੀਦਾ ਤੇ ਲੀਕ ਤੋਂ ਹਟਵੀਆਂ ਫ਼ਿਲਮਾਂ ਵੀ ਬਣ ਰਹੀਆਂ ਹਨ, ਜੋ ਦਰਜਨਾਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੁਰਸਕਾਰ ਜਿੱਤ ਰਹੀਆਂ ਹਨ।

***

## ਭਾਰਤੀ ਅਰਥਵਿਵਸਥਾ ਦੇ ਵਿਕਾਸ ਦੀ ਕਹਾਣੀ

ਘੜੀਆਂ, ਅਤੇ ਡਿਜ਼ਾਈਨਰ ਹੈਂਡਬੈਗ ਖਰੀਦ ਰਹੇ ਹਨ ਜਦੋਂ ਕਿ ਵੱਡੀ ਬਹੁਗਿਣਤੀ ਆਮ ਲੋੜਾਂ ਖਰੀਦਣ ਲਈ ਸੰਘਰਸ਼ ਕਰਦੀ ਹੈ।

ਭਾਰਤੀ ਅਰਥਵਿਵਸਥਾ ਨੌਕਰੀਆਂ ਪੈਦਾ ਕਰਨ ਵਿੱਚ ਅਸਫਲ ਹੋ ਰਹੀ ਹੈ, ਖਾਸ ਤੌਰ 'ਤੇ ਉਹ ਜੋ ਜੀਵਨ ਦੇ ਇੱਕ ਸਨਮਾਨਜਨਕ ਮਿਆਰ ਦਾ ਸਮਰਥਨ ਕਰਨਗੀਆਂ। ਜਨਤਕ ਪ੍ਰਸ਼ਾਸਨ ਤੋਂ ਇਲਾਵਾ, ਇਸ ਪਿਛਲੀ ਤਿਮਾਹੀ (12.1% 'ਤੇ) ਹੁਣ ਤੱਕ ਸਭ ਤੋਂ ਤੇਜ਼ ਆਮਦਨੀ ਵਾਧਾ ਵਿੱਤ ਅਤੇ ਰੀਅਲ ਅਸਟੇਟ ਵਿੱਚ ਸੀ। ਭਾਰਤੀ

ਵਿਕਾਸ, ਜੋ ਹੁਣ ਫਿਨਟੈਕਸ ਦੁਆਰਾ ਵਧਾਇਆ ਗਿਆ ਹੈ, ਉੱਚ ਯੋਗਤਾ ਪ੍ਰਾਪਤ ਭਾਰਤੀਆਂ ਲਈ ਸਿਰਫ਼ ਮੁੱਠੀ ਭਰ ਨੌਕਰੀਆਂ ਪੈਦਾ ਕਰਦਾ ਹੈ। ਜਨਤਕ ਪ੍ਰਸ਼ਾਸਨ ਵੀ ਮਜ਼ਬੂਤੀ ਨਾਲ ਵਧ ਰਿਹਾ ਹੈ, ਪਰ ਇਹ ਵੀ ਸਿਰਫ਼ ਸੀਮਤ ਰੁਜ਼ਗਾਰ ਦੇ ਮੌਕੇ ਪੈਦਾ ਕਰਦਾ ਹੈ। ਨਿਰਮਾਣ ਖੇਤਰ ਹਰ ਸਫਲ ਵਿਕਾਸਸ਼ੀਲ ਅਰਥਵਿਵਸਥਾ ਵਿੱਚ ਰੁਜ਼ਗਾਰ ਦਾ ਮੁੱਖ ਸਰੋਤ ਹੈ। ਦਹਾਕਿਆਂ ਦੇ ਨਿਰਾਸ਼ਾਜਨਕ ਵਾਧੇ ਤੋਂ ਬਾਅਦ, ਭਾਰਤ ਦਾ ਕੋਵਿਡ ਤੋਂ ਬਾਅਦ ਨਿਰਮਾਣ ਪ੍ਰਦਰਸ਼ਨ ਖਾਸ ਤੌਰ 'ਤੇ ਕਮਜ਼ੋਰ ਰਿਹਾ ਹੈ। ਇਹ ਦੇਸ਼ ਦੀ ਲੇਬਰ-ਸਹਿਤ ਉਤਪਾਦਾਂ ਲਈ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਮੁਕਾਬਲਾ ਕਰਨ ਵਿੱਚ ਪੁਰਾਣੀ ਅਸਮਰੱਥਾ ਨੂੰ ਦਰਸਾਉਂਦਾ ਹੈ। ਇੱਕ ਸਮੱਸਿਆ ਵਿਸ਼ਵ ਵਪਾਰ ਵਿੱਚ ਮੰਦੀ ਅਤੇ ਨਿਰਮਿਤ ਉਤਪਾਦਾਂ ਦੀ ਕਮਜ਼ੋਰ ਘਰੇਲੂ ਮੰਗ, ਭਿਆਨਕ ਆਮਦਨੀ ਅਸਮਾਨਤਾ ਦੇ ਕਾਰਨ ਬਦਤਰ ਬਣ ਗਈ ਹੈ।

ਭਾਰਤੀ ਅਧਿਕਾਰੀ ਅਸੁਵਿਧਾਜਨਕ ਤੱਥਾਂ ਨੂੰ ਖਾਰਜ ਕਰਨ ਦੀ ਚੋਣ ਕਰ ਰਹੇ ਹਨ ਤਾਂ ਜੋ ਉਹ ਚਾਪਲੂਸੀ ਕਰਨ ਵਾਲੀਆਂ ਤਸਵੀਰਾਂ ਅਤੇ ਸੁਰਖ਼ੀਆਂ ਦੇ ਅੰਕੜਿਆਂ ਦੀ ਪਰੇਡ ਕਰ ਸਕਣ। ਭਾਰਤ ਸਰਕਾਰ ਇੱਕ ਸਨਕੀ, ਖਤਰਨਾਕ ਖੇਡ ਖੇਡ ਰਹੀ ਹੈ। ਤਿਲਕਣ ਵਾਲੇ ਰਾਸ਼ਟਰੀ ਖਾਤੇ ਦੇ ਅੰਕੜੇ, ਹੌਲੀ ਹੋ ਰਹੀ ਵਿਕਾਸ ਦਰ, ਵਧ ਰਹੀਆਂ ਅਸਮਾਨਤਾਵਾਂ, ਅਤੇ ਨੌਕਰੀ ਦੀਆਂ ਗੰਭੀਰ ਸੰਭਾਵਨਾਵਾਂ ਨੂੰ ਦੂਰ ਕਰਨ ਦੀ ਇੱਛਾ ਨੂੰ ਧੋਖਾ ਦਿੰਦੇ ਹਨ।

ਅਧਿਕਾਰੀਆਂ ਲਈ ਚੰਗਾ ਹੋਵੇਗਾ ਕਿ ਉਨ੍ਹਾਂ ਨੇ ਭਾਰਤ ਨੂੰ ਜਿਸ ਰਾਹ 'ਤੇ ਚਲਾਇਆ ਹੈ, ਉਸ ਨੂੰ ਪਛਾਣਨ ਅਤੇ ਉਸ ਉੱਪਰ ਮੁੜ ਵਿਚਾਰ ਕਰਨ।

***

## ਮਹਾਤਮਾ ਬੁੱਧ ਦਾ ਧਰਮ !

ਇਸ ਆਮ ਪ੍ਰਚਲਤ ਜਵਾਬ ਨੂੰ ਸਵੀਕਾਰ ਕਰਨਾ ਅਸੰਭਵ ਹੈ ਕਿ ਇਹ ਤਿੰਨ ਦ੍ਰਿਸ਼ ਉਸ ਨੇ ਪਹਿਲੀ ਵਾਰ ਵੇਖੇ ਹੋਣ। ਇਹ ਜਵਾਬ ਮੰਨਣਯੋਗ ਨਹੀਂ ਤੇ ਇਹ ਦਲੀਲ ਦੀ ਕਸੌਟੀ ਉੱਤੇ ਵੀ ਪੂਰਾ ਨਹੀਂ ਉੱਤਰਦਾ।"

ਯਕੀਨਨ ਬਾਬਾ ਸਾਹਿਬ ਡਾ. ਅੰਬੇਡਕਰ ਬੁੱਧ ਧਰਮ ਦੀ ਰੂਹ ਨੂੰ ਫੜ ਕੇ ਆਪਣੇ ਬੋਧੀ ਪੈਰੋਕਾਰਾਂ ਦੀ ਨਿਜੀ ਜਿੰਦਗੀ ਦਾ ਅੰਗ ਨਾ ਬਣਾ ਸਕੇ ਤੇ ਨਾ ਹੀ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਦੇ ਧਾਰਮਿਕ ਦਸਤੂਰ ਨੂੰ ਬਦਲ ਸਕੇ। ਨਾ ਹੀ ਉਹ ਆਪਣੇ ਬੋਧੀ ਪੈਰੋਕਾਰਾਂ ਨੂੰ ਤਥਾਗਤ ਬੁੱਧ ਦੀ ਭਾਸ਼ਾ ਇਹ ਜ਼ੋਰਦਾਰ ਸੰਦੇਸ਼ ਦੇ ਸਕੇ। ਭਾਈਓ! ਜਾਓ! ਸਰਬਤ ਦੇ ਭਲੇ ਲਈ ਦਇਆਵਾਨ ਹੋ ਕੇ ਧਰਮ ਦਾ ਪ੍ਰਚਾਰ ਕਰੋ। ਧਰਮ, ਜਿਹੜਾ ਕਿ ਆਦਿ ਮੱਧ ਤੇ ਅੰਤ ਵਿੱਚ ਸੁਖਦਾਈ ਹੈ। ਸ਼ੁੱਧ ਆਚਾਰ ਤੇ ਪੂਰਨ ਜੀਵਨ ਜਾਚ ਦਾ ਪ੍ਰਚਾਰ ਕਰੋ। ਕਾਮਨਾਵਾਂ ਦੀ ਅਗਨੀ ਨਾਲ ਮਨੁੱਖ ਦਾ ਸਰੀਰ ਤੇ ਮਨ ਬਲ ਰਹੇ ਹਨ। ਤ੍ਰਿਸ਼ਨਾ ਦੀ ਇਸ ਅਗਨੀ ਤੋਂ ਸਰੀਰ ਤੇ ਮਨ ਦਾ ਬਚਾਅ ਕਰਨਾ ਹੀ ਪਰਮ ਧਰਮ ਹੈ। ਕਰਮ ਕਾਂਡ, ਯੱਗ, ਹਵਨ ਮੁਕਤੀ ਦਾ ਮਾਰਗ ਨਹੀਂ ਹਨ। ਨਿਰਵਾਣ ਦੀ ਪ੍ਰਾਪਤੀ ਮਨ ਦੀ ਸ਼ੁੱਧੀ ਨਾਲ ਹੁੰਦੀ ਹੈ।

ਇਸੇ ਕਰ ਕੇ ਬਾਬਾ ਸਾਹਿਬ ਤੋਂ ਬਾਅਦ ਬਣਿਆ ਬੋਧੀ ਲਾਣਾ ਬਾਬਾ ਸਾਹਿਬ ਦੀਆਂ ਰਿਜ਼ਰਵੇਸ਼ਨ ਦੀਆਂ ਪ੍ਰਾਪਤੀਆਂ ਨੂੰ ਤਾਂ ਚੂੰਡਦੇ ਰਹੇ ਪਰ ਕਦੇ ਵੀ ਬਾਬਾ ਸਾਹਿਬ ਜਿੰਨੀ ਸ਼ਿੱਦਤ ਨਾਲ ਆਪਣੇ ਗਰੀਬ ਦਲਿਤਾਂ ਦੀ ਜਿੰਦਗੀ ਨਾ ਬਦਲ ਸਕੇ। ਜੇ ਸਾਹਿਬ ਕਾਂਸ਼ੀ ਰਾਮ ਨੇ ਦਲਿਤਾਂ ਨੂੰ ਰਾਜਸੀ ਪੱਧਰ ਉੱਤੇ ਜਾਗ੍ਰਿਤ ਕਰ ਕੇ ਬਹੁਜਨ ਸਮਾਜ ਦੀ ਕੋਈ ਲਹਿਰ ਬਣਾਉਣ ਦਾ ਯਤਨ ਕੀਤਾ ਤਾਂ ਇਸ ਆਰੀਆਂ ਸਮਾਜੀ ਬੋਧੀ ਲਾਣੇ ਸਾਹਿਬ ਕਾਂਸ਼ੀਂ ਰਾਮ ਨੂੰ ਬਦਨਾਮ ਕਰਨ ਦਾ ਹਰੇਕ ਸੰਭਵ ਯਤਨ ਕੀਤਾ।

***

## ਕੰਜ਼ਰਵੇਟਿਵ ਪਾਰਟੀ ਦੇ ਆਗੂ

ਆਪਣੇ ਲੀਡਰ ਨੂੰ ਲੈ ਕੇ ਟੋਰਾਂਟੋ ਦੇ ਇੱਕ ਅਜਿਹੇ ਸਮਾਗਮ ਵਿੱਚ ਤਾਂ ਜਾਂਦੇ ਹਨ, ਜਿੱਥੇ ਭਾਰਤ ਵਿੱਚ ਬੇਦੋਸ਼ਿਆਂ ਤੇ ਮੁਸਲਿਮ ਨਸਲਕੁਸ਼ੀ ਦੀਆਂ ਗੱਲਾਂ ਕਰਨ ਵਾਲੇ ਅਤੇ ਪੱਤਰਕਾਰਾਂ ਦੇ ਉੱਪਰ ਤਸ਼ੱਦਦ ਕਰਵਾਉਣ ਵਾਲੇ ਦੇਵਕੀਨੰਦਨ ਵਰਗੇ ਬਦਨਾਮ ਵਿਅਕਤੀ ਨੂੰ ਸਨਮਾਨ ਕੀਤਾ ਜਾਂਦਾ ਹੈ, ਪਰ ਇਹ ਨਹੀਂ ਦੱਸਦੇ ਕਿ ਸਿੱਖ ਨਸਲਕੁਸ਼ੀ ਵੀ ਹੋਈ ਹੈ। ਇਸ ਤੋਂ ਇਲਾਵਾ ਕੈਲਗਰੀ ਤੋਂ ਕੰਜ਼ਰਟਿਵ ਐਮਪੀ ਅਤੇ ਸਿੱਖ ਵਿਰੋਧੀ ਕੱਟੜਪੰਥੀ ਮਜੂਮਦਾਰ ਸਿੱਖਾਂ ਖ਼ਿਲਾਫ਼ ਜ਼ਹਿਰ ਉਗਲਦਾ ਹੈ, ਕੀ ਪਾਰਟੀ ਲੀਡਰ ਨੂੰ ਇਸ ਬਾਰੇ ਨਹੀਂ ਪਤਾ? ਇਹ ਰਾਜਨੀਤਕ ਮੌਕਾਪ੍ਰਸਤਾਂ ਦਾ ਕਿਰਦਾਰ ਹੈ ਕਿ ਉਹ ਗਿਰਗਟ ਵਾਂਗੂ ਰੰਗ ਬਦਲਦੇ ਹਨ। ਵੋਟਾਂ ਦੀ ਰਾਜਨੀਤੀ ਲਈ ਇਹ ਪੰਜਾਬੀ ਸੂਟ ਵੀ ਪਾ ਲੈਂਦੇ ਹਨ, ਸਿਰਾਂ 'ਤੇ ਪੱਗਾਂ ਵੀ ਬੰਨ੍ਹ ਲੈਂਦੇ ਹਨ, ਫਤਿਹ ਵੀ ਬੁਲਾ ਲੈਂਦੇ ਹਨ, ਪਰ ਜਦੋਂ ਗੱਲ ਮੁੱਦਿਆਂ ਦੀ ਆਉਂਦੀ ਹੈ, ਤਾਂ ਪੱਲਾ ਝਾੜ ਦਿੰਦੇ ਹਨ ਕਿ ਸਾਨੂੰ ਤਾਂ ਕੁਝ ਵੀ ਪਤਾ ਨਹੀਂ। ਇਹ ਮੌਕਾਪ੍ਰਸਤ ਰਾਜਨੀਤੀ ਹੈ।

***

## ਗੂਗਲ ਦੀ ਮੂਲ ਕੰਪਨੀ

ਕੰਪਨੀਆਂ ਨੇ ਆਰਥਿਕ ਚੁਨੌਤੀਆਂ ਦੇ ਕਾਰਨ 2023 ਦੇ ਸ਼ੁਰੂ ਵਿੱਚ ਆਪਣੇ ਕਰਮਚਾਰੀਆਂ ਦੀ ਕਟੌਤੀ ਕਰ ਦਿੱਤੀ ਸੀ, ਜਿਸ ਨਾਲ ਉਨ੍ਹਾਂ ਦੀ ਭਰਤੀ ਵੀ ਘਟ ਗਈ ਸੀ। ਅਧਾਰਤ ਅਲਫਾਬੇਟ ਨੇ ਜਨਵਰੀ ਵਿੱਚ ਲਗਭਗ 12,000 ਨੌਕਰੀਆਂ ਨੂੰ ਖਤਮ ਕਰਕੇ ਆਪਣੇ ਕਰਮਚਾਰੀਆਂ ਵਿੱਚ 6% ਦੀ ਕਟੌਤੀ ਕੀਤੀ। ਫਰਵਰੀ ਵਿੱਚ, ਗੂਗਲ ਨੇ ਆਪਣੇ ਭਾਰਤ ਦੇ ਦਫ਼ਤਰਾਂ ਤੋਂ ਲਗਭਗ 450 ਕਰਮਚਾਰੀਆਂ ਨੂੰ ਕੱਢ ਦਿੱਤਾ ਸੀ। ਰਿਪੋਰਟਾਂ ਦੇ ਅਨੁਸਾਰ, ਜੁਲਾਈ ਦੇ ਮੁਕਾਬਲੇ ਅਗਸਤ ਵਿੱਚ ਅਮਰੀਕਾ ਵਿੱਚ ਛਾਂਟੀ 3 ਗੁਣਾ ਤੋਂ ਵੱਧ ਵਧੀ ਹੈ ਅਤੇ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ ਲਗਭਗ ਚਾਰ ਗੁਣਾ ਵੱਧ ਹੈ।

ਰਾਇਟਰਜ਼ ਇਕਨਾਮਿਸਟ ਦੇ ਸਰਵੇਖਣ ਅਨੁਸਾਰ, 9 ਸਤੰਬਰ ਨੂੰ ਖ਼ਤਮ ਹੋਣ ਵਾਲੇ ਹਫ਼ਤੇ ਵਿੱਚ ਅਮਰੀਕਾ ਵਿੱਚ ਬੇਰੁਜ਼ਗਾਰੀ ਲਗਭਗ 9% ਵਧੇਗੀ, ਜੋ ਪਿਛਲੇ ਸੱਤ ਦਿਨਾਂ ਦੀ ਮਿਆਦ ਵਿੱਚ 13,000 ਤੋਂ ਘੱਟ ਕੇ 2,16,000 ਰਹਿ ਗਈ ਹੈ।

***

## ਸੰਸਦ ਮੈਂਬਰਾਂ ਨੂੰ ਦਿੱਤੀ ਸੰਵਿਧਾਨ

ਇਸ ਤੋਂ ਪਹਿਲਾਂ ਮੰਗਲਵਾਰ ਨੂੰ ਲੋਕ ਸਭਾ 'ਚ ਬੋਲਦੇ ਹੋਏ ਕਾਂਗਰਸ ਨੇਤਾ ਅਧੀਰ ਰੰਜਨ ਚੌਧਰੀ ਨੇ ਕਿਹਾ ਸੀ ਕਿ ਕਿਸੇ ਨੂੰ ਵੀ ਇੰਡੀਆ ਅਤੇ ਭਾਰਤ ਵਿਚਾਲੇ ਬੇਲੋੜੀ ਦਰਾਰ ਪੈਦਾ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਭਾਰਤ ਦੇ ਸੰਵਿਧਾਨ ਅਨੁਸਾਰ ਦੋਵਾਂ ਵਿੱਚ ਕੋਈ ਅੰਤਰ ਨਹੀਂ ਹੈ।ਉਨ੍ਹਾਂ ਅੱਗੇ ਕਿਹਾ ਕਿ ਇਹ ਸੰਵਿਧਾਨ ਸਾਡੇ ਲਈ ਗੀਤਾ, ਕੁਰਾਨ ਅਤੇ ਬਾਈਬਲ ਤੋਂ ਘੱਟ ਨਹੀਂ ਹੈ। ਆਰਟੀਕਲ 1 ਕਹਿੰਦਾ ਹੈ ਕਿ ਇੰਡੀਆ ਭਾਵ, ਭਾਰਤ, ਰਾਜਾਂ ਦਾ ਸੰਘ ਹੋਵੇਗਾ..., ਜਿਸਦਾ ਮਤਲਬ ਹੈ ਕਿ ਇੰਡੀਆ ਅਤੇ ਭਾਰਤ ਵਿੱਚ ਕੋਈ ਅੰਤਰ ਨਹੀਂ ਹੈ। ਬਿਹਤਰ ਹੋਵੇਗਾ ਜੇਕਰ ਕੋਈ ਵੀ ਦੋਹਾਂ ਵਿਚਕਾਰ ਬੇਲੋੜੀ ਦਰਾਰ ਪੈਦਾ ਕਰਨ ਦੀ ਕੋਸ਼ਿਸ਼ ਨਾ ਕਰੇ।

## ਲੀਬੀਆ 'ਚ ਭਿਆਨਕ ਹੜ੍ਹ

ਮੁਰਦਾਘਰ ਸਮਰੱਥਾ ਨਾਲ ਭਰੇ ਹੋਏ ਸਨ। ਬਾਕੀ ਲਾਸ਼ਾਂ ਨੂੰ ਬਾਹਰ ਫੁੱਟਪਾਥ 'ਤੇ ਛੱਡ ਦਿੱਤਾ ਗਿਆ ਹੈ।ਅਧਿਕਾਰੀਆਂ ਨੇ ਕਿਹਾ ਕਿ ਦੋ ਡੈਮਾਂ ਦੇ ਟੁੱਟਣ ਨਾਲ ਵੀ ਹੜ੍ਹ ਵਧ ਗਿਆ ਹੈ, ਜਿਸ ਕਾਰਨ ਪਾਣੀ ਤੇਜ਼ੀ ਨਾਲ ਡੇਰਨਾ ਸ਼ਹਿਰ ਵੱਲ ਵਧ ਰਿਹਾ ਹੈ।

ਲੀਬੀਆ ਕੁਦਰਤੀ ਆਫ਼ਤਾਂ ਦੇ ਪ੍ਰਭਾਵ ਲਈ ਵਿਸ਼ੇਸ਼ ਤੌਰ 'ਤੇ ਕਮਜ਼ੋਰ ਹੈ ਕਿਉਂਕਿ ਇਸਦੀ ਕੋਈ ਏਕੀਕ੍ਰਿਤ ਸਰਕਾਰ ਨਹੀਂ ਹੈ, ਸਗੋਂ ਦੋ ਵਿਰੋਧੀ ਪ੍ਰਸ਼ਾਸਨ ਹਨ ਜੋ 2014 ਵਿੱਚ ਸ਼ੁਰੂ ਹੋਏ ਘਰੇਲੂ ਯੁੱਧ ਤੋਂ ਬਾਅਦ ਇੱਕ ਰਾਜਨੀਤਿਕ ਰੁਕਾਵਟ ਵਿੱਚ ਹਨ।

2011 ਵਿੱਚ ਇੱਕ ਨਾਟੋ ਸਮਰਥਿਤ ਵਿਦਰੋਹ ਦੁਆਰਾ ਲੰਬੇ ਸਮੇਂ ਤੋਂ ਤਾਨਾਸ਼ਾਹ ਮੁਅੱਮਰ ਗੱਦਾਫੀ ਨੂੰ ਸੱਤਾ ਤੋਂ ਬੇਦਖਲ ਕਰਨ ਤੋਂ ਬਾਅਦ ਦੇਸ਼ ਅਰਾਜਕਤਾ ਵਿੱਚ ਹੈ।

ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਕੁਦਰਤੀ ਆਫ਼ਤਾਂ ਨਾਲ ਨਜਿੱਠਣ ਲਈ ਲੀਬੀਆ ਦੀ ਤਿਆਰੀ ਦੀ ਘਾਟ ਕਾਰਨ ਵੀ ਨਾਕਾਫ਼ੀ ਪ੍ਰਤੀਕਿਰਿਆ ਆਉਂਦੀਹੈ, ਜਿਸ ਨੂੰ ਐਲਐਨਏ ਦੇ ਸਾਬਕਾ ਬੁਲਾਰੇ ਮੇਜਰ ਜਨਰਲ ਅਹਿਮਦ ਅਲ-ਮਿਸਮਰੀ ਨੇ ਮੰਗਲਵਾਰ ਨੂੰ ਸਵੀਕਾਰ ਕੀਤਾ।

ਅਲ-ਮਿਸਮਾਰੀ ਨੇ ਅਲ-ਅਰਬੀਆ ਟੀਵੀ ਨੂੰ ਦੱਸਿਆ ਕਿ ਲੀਬੀਆ ਅਤੇ ਪੂਰਬੀ ਅਧਿਕਾਰੀ ਇਸ ਪੱਧਰ ਦੇ ਨੁਕਸਾਨ ਨੂੰ ਸੰਭਾਲਣ ਲਈ ਤਿਆਰ ਨਹੀਂ ਹਨ, ਉਨ੍ਹਾਂ ਨੇ ਕਿਹਾ ਕਿ ਘੱਟੋ-ਘੱਟ ਤਿੰਨ ਵੱਖ-ਵੱਖ ਮਾਹਰ ਬਚਾਅ ਟੀਮਾਂ ਦੀ ਲੋੜ ਸੀ।

ਅੱਜ ਦੇਸ਼ 'ਤੇ ਕਾਬਜ਼ ਹੋਣ ਲਈ ਦੋ ਲੜਾਕੂ ਧਿਰਾਂ ਲਗਾਤਾਰ ਆਪਸ ਵਿੱਚ ਲੜ ਰਹੀਆਂ ਹਨ। ਅਬਦੁਲਹਾਮਿਦ ਦਬੀਹ ਦੀ ਅਗਵਾਈ ਵਾਲੀ ਸੰਯੁਕਤ ਰਾਸ਼ਟਰ-ਸਮਰਥਿਤ ਸਰਕਾਰ ਦੀ ਰਾਸ਼ਟਰੀ ਏਕਤਾ (ਜੀਐਨਯੂ), ਉੱਤਰ-ਪੱਛਮੀ ਲੀਬੀਆ ਵਿੱਚ ਤ੍ਰਿਪੋਲੀ ਵਿੱਚ ਬੈਠੀ ਹੈ, ਜਦੋਂ ਕਿ ਓਸਾਮਾ ਹਮਦ ਦੀ ਅਗਵਾਈ ਵਿੱਚ ਖਲੀਫਾ ਹਫ਼ਤਾਰ ਦੁਆਰਾ ਨਿਯੰਤਰਿਤ ਲੀਬੀਅਨ ਨੈਸ਼ਨਲ ਆਰਮੀ (ਐਲਐਨਏ) ਪੂਰਬੀ ਖੇਤਰ ਵਿੱਚ ਬੈਠੀ ਹੈ।

ਸੀਐਨਐਨ ਦੇ ਅਨੁਸਾਰ, ਹੜ੍ਹ ਪ੍ਰਭਾਵਿਤ ਡੇਰਨਾ ਅਤੇ ਆਸ ਪਾਸ ਦੇ ਸ਼ਹਿਰ ਹਫਤਾਰ ਅਤੇ ਉਸਦੀ ਪੂਰਬੀ ਸਰਕਾਰ ਦੇ ਨਿਯੰਤਰਣ ਵਿੱਚ ਹਨ, ਜਿਸ ਨੂੰ ਅੰਤਰਰਾਸ਼ਟਰੀ ਭਾਈਚਾਰੇ ਦੁਆਰਾ ਮਾਨਤਾ ਨਹੀਂ ਦਿੱਤੀ ਗਈ ਹੈ।

ਵਿਸ਼ਲੇਸ਼ਕਾਂ ਨੇ ਕਿਹਾ ਕਿ ਜਲਵਾਯੂ ਭਵਿੱਖਬਾਣੀ ਕਰਨ ਵਾਲਿਆਂ ਨੇ ਲੀਬੀਆ ਵਿੱਚ ਤੂਫਾਨ ਆਉਣ ਤੋਂ ਕੁਝ ਦਿਨ ਪਹਿਲਾਂ ਚਿਤਾਵਨੀ ਦਿੱਤੀ ਸੀ, ਪਰ ਪੂਰਬ ਵਿੱਚ ਅਧਿਕਾਰੀਆਂ ਨੇ ਜਲਦੀ ਕਾਰਵਾਈ ਨਹੀਂ ਕੀਤੀ। ਸਹਾਇਤਾ ਕਰਮਚਾਰੀ ਜੋ ਕਾਫ਼ੀ ਕੋਸ਼ਿਸ਼ਾਂ ਤੋਂ ਬਾਅਦ ਡੇਰਨਾ ਸ਼ਹਿਰ ਵਿੱਚ ਪਹੁੰਚਣ ਵਿੱਚ ਕਾਮਯਾਬ ਹੋਏ, ਨੇ ਤਬਾਹੀ ਨੂੰ ਭਿਆਨਕ ਦੱਸਿਆ। ਖੋਜ ਅਤੇ ਬਚਾਅ ਟੀਮਾਂ ਨੇ ਤਬਾਹ ਹੋਏ ਅਪਾਰਟਮੈਂਟਾਂ ਦੀ ਤਲਾਸ਼ੀ ਲਈ ਅਤੇ ਕਿਨਾਰੇ ਤੋਂ ਤੈਰਦੀਆਂ ਲਾਸ਼ਾਂ ਬਰਾਮਦ ਕੀਤੀਆਂ।ਉਨ੍ਹਾਂ ਕਿਹਾ ਕਿ ਘਰਾਂ ਦੇ ਅੰਦਰ, ਸੜਕਾਂ 'ਤੇ ਅਤੇ ਸਮੁੰਦਰ 'ਚ ਹਰ ਪਾਸੇ ਲਾਸ਼ਾਂ ਹੀ ਦਿਖਾਈ ਦੇ ਰਹੀਆਂ ਸਨ।

***

## ਫਰਿਜ਼ਨੋ ਵਿਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ

ਅਖੀਰ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ। ਪੂਰੇ ਸਮਾਗਮ ਦੌਰਾਨ ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀ ਕੇ ਨੇ ਬਖ਼ੂਬੀ ਕੀਤਾ। ਇਸ ਮੌਕੇ ਖਾਲੜਾ ਮਿਸ਼ਨ ਲਈ ਫਾਰਮਰ ਅਜੀਤ ਸਿੰਘ ਗਿੱਲ ਨੇ ਇੱਕ ਹਜ਼ਾਰ ਡਾਲਰ ਦਾ ਚੈੱਕ ਭੇਂਟ ਕੀਤਾ। ਫਾਰਮਰ ਚਰਨਜੀਤ ਸਿੰਘ ਬਾਂਸ ਅਤੇ ਟਰਾਂਸਪੋਰਟਰ ਜਸਪਾਲ ਸਿੰਘ ਧਾਲੀਵਾਲ ਨੇ ਵੀ ਪ੍ਰਬੰਧਕਾਂ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## ਜ਼ਿੰਦਗੀ ਦੀ ਨੀਂਹ ਹੈ ਬਚਪਨ

ਸਿਆਸਤਦਾਨ, ਸੰਵੇਦਨਸ਼ੀਲ, ਭਾਵੁਕ, ਨਰਮ ਦਿਲ ਬੱਚਿਆਂ ਨੂੰ ਡਾਕਟਰ ਬਣਾਉਣਾ, ਚਿੰਤਨਸ਼ੀਲ ਦਾਰਸ਼ਨਿਕ ਚਿੰਤਕ ਬੱਚਿਆਂ ਨੂੰ ਤੋਲਣ ਵਾਲੇ ਪੈਮਾਨੇ ਦੀ ਦੁਕਾਨ 'ਤੇ ਬਿਠਾਉਣਾ ਮਾਪਿਆਂ ਦੀ ਵੱਡੀ ਭੁੱਲ ਹੈ। ਇਸ ਕਾਰਨ ਬੱਚਿਆਂ ਦੀਆਂ ਮੁੱਢਲੀਆਂ ਪ੍ਰਤਿਭਾਵਾਂ ਦਾ ਵਿਕਾਸ ਨਹੀਂ ਹੁੰਦਾ ਅਤੇ ਉਹ ਸਾਧਾਰਨ ਜੀਵਨ ਬਤੀਤ ਕਰਦੇ ਰਹਿੰਦੇ ਹਨ।

ਬੱਚਿਆਂ ਨੂੰ ਆਪਣੇ ਹਾਣੀਆਂ ਨਾਲ ਨਾ ਖੇਡਣ ਦੇਣਾ ਅਤੇ ਦੂਜੇ ਬੱਚਿਆਂ ਨੂੰ ਮਿਲਣ ਤੋਂ ਰੋਕਣਾ ਵੀ ਠੀਕ ਨਹੀਂ ਹੈ। ਬੱਚਿਆਂ ਦਾ ਵਿਕਾਸ ਦੂਜੇ ਬੱਚਿਆਂ ਨਾਲ ਗੱਲਬਾਤ ਕਰਕੇ ਹੀ ਹੁੰਦਾ ਹੈ। ਉਨ੍ਹਾਂ ਵਿੱਚ ਇਕਸੁਰਤਾ ਦੀ ਪ੍ਰਵਿਰਤੀ ਪੈਦਾ ਹੁੰਦੀ ਹੈ ਪਰ ਕਈ ਮਾਪੇ ਆਪਣੀ ਸੌੜੀ ਸੋਚ ਕਾਰਨ ਆਪਣੇ ਬੱਚਿਆਂ ਦੇ ਵਿਗੜ ਜਾਣ ਅਤੇ ਭਗੌੜੇ ਹੋ ਜਾਣ ਦੇ ਡਰ ਕਾਰਨ ਆਪਣੇ ਬੱਚਿਆਂ ਨੂੰ ਦੂਜੇ ਬੱਚਿਆਂ ਨੂੰ ਮਿਲਣ ਨਹੀਂ ਦਿੰਦੇ। ਉਹ ਉਨ੍ਹਾਂ ਨੂੰ ਵਾਰ-ਵਾਰ ਝਿੜਕਦੇ ਹਨ ਅਤੇ ਰੋਕਦੇ ਹਨ। ਇਸ ਨਾਲ ਬੱਚਿਆਂ ਵਿੱਚ ਕਈ ਮਾਨਸਿਕ ਵਿਕਾਰ ਪੈਦਾ ਹੋ ਜਾਂਦੇ ਹਨ। ਅਜਿਹੇ ਬੱਚੇ ਬਾਅਦ ਵਿੱਚ ਬੇਗਾਨਿਆਂ, ਇਕੱਲੇ ਅਤੇ ਸਮਾਜ ਵਿਰੋਧੀ ਹੋ ਜਾਂਦੇ ਹਨ। ਉਹ ਦੂਜਿਆਂ ਨੂੰ ਮਿਲਣ ਤੋਂ ਝਿਜਕਦੇ ਹਨ। ਦੁਨੀਆਂ ਉਨ੍ਹਾਂ ਨੂੰ ਜੇਲ੍ਹ ਵਰਗੀ ਲੱਗਦੀ ਹੈ। ਉਨ੍ਹਾਂ ਦੀਆਂ ਕੋਮਲ ਭਾਵਨਾਵਾਂ ਨਿਰਾਸ਼ ਹੋ ਜਾਂਦੀਆਂ ਹਨ। ਇਹ ਵੀ ਧਿਆਨ ਵਿੱਚ ਰੱਖਣ ਯੋਗ ਹੈ ਕਿ ਬੱਚਿਆਂ ਨੂੰ ਅਜਿਹੇ ਬੱਚਿਆਂ ਨਾਲ ਹੀ ਮੇਲ-ਮਿਲਾਪ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ ਜੋ ਸਭਿਅਕ ਘਰਾਂ ਵਿੱਚ ਪੈਦਾ ਹੋਏ ਹਨ, ਚੰਗੇ ਮਾਹੌਲ ਵਿੱਚ ਵੱਡੇ ਹੋਏ ਹਨ ਅਤੇ ਸੰਸਕ੍ਰਿਤ ਹਨ। ਬੱਚਿਆਂ ਨੂੰ ਬਦਚਲਨ, ਮਾੜੇ ਅਤੇ ਆਵਾਰਾ ਬੱਚਿਆਂ ਤੋਂ ਬਚਾਉਣਾ ਬਿਹਤਰ ਹੈ।

***

## ਧੀਆਂ

ਦੱਸਿਆ ਨਹੀਂ ਉਹਨੇ ਤਾਂ ਜ਼ਖਮ ਦਿਖਾਏ ਮੈਨੂੰ ਸਲਵਾਰ ਚੁੱਕ ਕੇ...ਹਾਏ ਹਾਏ ...ਜ਼ਾਲਮ ਨੇ ਦੰਦੀਆਂ ਵੱਢ ਵੱਢ ਕੇ ਸਾਰੇ ਪੱਟ ਖਾਧੇ ਹੋਏ...ਐਡੇ ਐਡੇ ਜ਼ਖਮ...ਇਹੋ ਹਾਲ ਛਾਤੀਆਂ ਦਾ ਕੀਤਾ ਹੋਇਆ...ਉਹ ਬੰਦਾ ਥੋੜੇ ਆ...ਉਹ ਤਾਂ ਕੁੱਤਾ ਆ...ਉਹ ਵੀ ਹਲਕਿਆ ਹੋਇਆ- ਇਕ ਹੋਰ ਗੱਲ..ਉਹ ਤਾਂ ਸਾਫ ਨਾਮਰਦ ਆ..ਤਾਰਨ ਕਹਿੰਦੀ ਜੇ ਉਹਦੇ ਨਾਲ ਗੱਲ ਕਰਾਂ ਤਾਂ ਦਵਾਈਆਂ ਲੈ ਕੇ ਬਹਿਜੂ...ਕਹੇਗਾ ਆਹੀ ਨਾਮਰਦੀ ਦੂਰ ਕਰਨ ਦੀ ਦੁਆਈ ਖਾ ਰਿਹਾਂ... ਤੂੰ ਦੱਸੀਂ ਨਾ ਕਿਸੇ ਨੂੰ...ਹਾਏ ਓਇ ਰੱਬਾ- ਆਹ ਗੱਲ ਆ?..ਇਹ ਗੱਲਾਂ ਉਹਨੇ ਕੁੜੀ ਨੇ ਸਾਨੂੰ ਪਹਿਲਾਂ ਕਿਓਂ ਨਈਂ ਦੱਸੀਆਂ, ਓਹਦਾ ਤਾਂ ਲਾਜ ਕਰ ਦਿੰਦਾ ਮੈਂ! ਕੁਲਤਾਰ ਦੁੱਖ ਨਾਲ ਈ ਨਹਿਰ ਦੇ ਕੰਢੇ 'ਤੇ ਬਹਿ ਗਿਆ।

ਚਲੋ ਉਠੋ..ਦੁੱਖ ਤਾਂ ਬਹੁਤ ਹੋਇਆ ...ਪਰ ਹੁਣ ਹਿੰਮਤ ਤੋਂ ਕੰਮ ਲੈਣਾ ਪੈਣਾ... ਕਹਿੰਦੀ ਹੋਈ ਮੰਗੀ ਨੇ ਕੁਲਤਾਰ ਦਾ ਹੱਥ ਫੜਿਆ ਤੇ ਕੁਲਤਾਰ ਨੂੰ ਉੱਠਣ 'ਚ ਆਸਰਾ ਦਿੱਤਾ।

ਏਸ ਬੰਦੇ ਦਾ ਤਾਂ ਕੋਈ ਲਾਜ ਕਰਨਾ ਈ ਪੈਣਾ...ਸਾਲੇ ਖੁਸਰੇ ਦਾ... ਕੁਲਤਾਰ ਉਠਦਾ ਹੋਇਆ ਬੋਲਿਆ।

ਤੁਸੀਂ ਜਾਂਦੇ ਜਾਂਦੇ ਐਦਾਂ ਕਰਨਾ, ਮੈਨੂੰ ਟੀ ਵੀ ਟਾਵਰ ਦੇ ਕੋਲ ਲਾਹ ਦੇਣਾ...ਮੈਂ ਡਾਕਟਰ ਰੇਖਾ ਨੂੰ ਮਿਲ ਕੇ ਇਹ ਪ੍ਰਾਬਲਮ ਓਹਦੇ ਧਿਆਨ 'ਚ ਲਿਆਵਾਂ...ਤੁਸੀਂ ਕੋਈ ਸਟੈਪ ਚੁੱਕੋ ਚਾਹੇ ਨਾ...ਮੈਂ ਨਹੀਂ ਪਿੱਛੇ ਹਟਣ ਵਾਲੀ... ਬਾਇ ਗੌਡ ਮੈਂ ਉਸ ਬੰਦੇ ਦਾ ਮਰਡਰ ਕਰ ਸਕਦੀ ਆਂ-

ਸ਼ਾਂਤ ਹੋ ਯਾਰ...ਜੋ ਵੀ ਕਰਾਂਗੇ ਮਿਲ ਕੇ ਈ ਕਰਾਂਗੇ...ਆ ਬੈਠ ਕੁਲਤਾਰ ਨੇ ਮੋਟਰ ਸਾਈਕਲ ਸਟਾਰਟ ਕਰ ਲਿਆ ਤੇ ਮੰਗੀ ਚੁੱਪ ਕਰ ਕੇ ਪਿੱਛੇ ਬਹਿ ਗਈ।

+++

ਡਾਕਟਰ ਰੇਖਾ ਕੋਲ ਘੰਟਾ ਭਰ ਬੈਠਣ ਬਾਅਦ ਇਹੋ ਫ਼ੈਸਲਾ ਹੋਇਆ ਕਿ ਤਾਰਨ ਦੇ ਪਤੀ ਨਾਲ ਕਿਸੇ ਕਿਸਮ ਦਾ ਲੜਾਈ ਝਗੜਾ ਨਹੀਂ ਕਰਨਾ। ਜੋ ਰਸਤਾ ਆਪਾਂ ਮਿੱਥ ਲਿਆ ਉਸੇ ਅਨੁਸਾਰ ਚੱਲਣਾ ਹੈ। ਡਾਕਟਰ ਰੇਖਾ ਨੇ ਕਿਹਾ ਕਿ ਕੱਲ੍ਹ ਸਵੇਰ ਤਾਰਨਵੀਰ ਨੂੰ ਲੈ ਕੇ ਸਿਵਿਲ ਹਸਪਤਾਲ ਪਹੁੰਚੋ...ਉਹਦਾ ਮੈਡੀਕਲ ਮੈਂ ਕਰਵਾਊਂਗੀ...ਲੇਟ ਨਹੀਂ ਹੋਣਾ। ਡਾਕਟਰ ਰੇਖਾ ਕੋਲੋਂ ਵਿਹਲੀ ਹੋ ਕੇ ਮੰਗੀ ਜਦੋਂ ਸੜਕ ਵੱਲ ਤੁਰੀ ਆਉਂਦੀ ਸੀ ਤਾਂ ਮਨ 'ਚ ਹੀ ਗੱਲਾਂ ਕਰਨ ਲਗੀ- ਇਹ ਡਾਕਟਰ ਲੋਕ ਬੜੇ ਪਹੁੰਚੇ ਹੋਏ ਬੰਦੇ ਹੁੰਦੇ ਆ...ਭਾਵੇਂ ਇਹ ਐੱਮ ਬੀ ਬੀ ਐੱਸ ਹੋਣ ਤੇ ਭਾਵੇਂ ਪੀਐੱਚਡੀ ਹੋਣ। ਇਕ ਨੇ ਮਰੀਜ਼ ਦਾ ਦੁਆਈਆਂ ਟੀਕਿਆਂ ਨਾਲ ਇਲਾਜ ਕਰਨਾ ਹੁੰਦਾ ਤੇ ਦੂਜੇ ਨੇ ਦੁਆਈਆਂ ਤੇ ਡਿਕਸ਼ਨਰੀਆਂ ਨਾਲ।? ਫੇਰ ਇਕ ਫੋਰ ਵ੍ਹੀਲਰ ਆ ਗਿਆ ਤੇ ਮੰਗੀ ਦੌੜ ਕੇ ਵਿੱਚ ਜਾ ਬੈਠੀ।

+++

ਮੰਗੀ ਦੀ ਡਾਕਟਰ ਰੇਖਾ ਨਾਲ ਬਚਪਨ ਵੇਲੇ ਦੀ ਸਾਂਝ ਸੀ। ਕਾਲਜ ਤੱਕ ਇਕੱਠੀਆਂ ਨੇ ਪੜ੍ਹਾਈ ਕੀਤੀ, ਦੋਨੋਂ ਇਕੱਠੀਆਂ ਡਿਬੇਟ 'ਤੇ ਜਾਂਦੀਆਂ ਰਹੀਆਂ ਤੇ ਦੋਨਾਂ ਨੇ ਗਿਣ-ਮਿੱਥ ਕੇ ਇਕੋ ਜ਼ਿਲ੍ਹੇ ਵਿੱਚ ਵਿਆਹ ਕਰਾਏ। ਦੋਹਾਂ ਦੇ ਪਤੀ ਵੀ ਦੋਸਤ ਬਣ ਗਏ ਪਰ ਫ਼ਰਕ ਇਹ ਸੀ ਕਿ ਡਾਕਟਰ ਰੇਖਾ ਦਾ ਪਤੀ ਫੌਜ ਵਿੱਚ ਸੀ ਤੇ ਮੰਗੀ ਦਾ ਪਤੀ ਐੱਮ ਏ ਕਰ ਕੇ ਵੀ ਜਿਮੀਦਾਰਾ ਕਰਦਾ ਸੀ। ਉਹਨੇ ਤਾਂ ਸਗੋਂ ਕਈ ਨਵੇਂ ਤਜਰਬੇ ਕਰਦਿਆਂ ਖੇਤੀਬਾੜੀ ਵਿੱਚ ਨਵੇਂ ਰਾਹ ਉਲੀਕ ਦਿੱਤੇ ਸਨ।

ਡਾਕਟਰ ਰੇਖਾ ਨੇ ਪੂਰੀ ਡਾਕਟਰਾਂ ਵਾਲੀ ਕਾਰਵਾਈ ਕੀਤੀ। ਤਾਰਨ ਦੀ ਪੂਰੀ ਡਾਕਟਰੀ ਰਿਪੋਰਟ ਤਿਆਰ ਕੀਤੀ ਤੇ ਨਾਲ ਹੀ ਉਹ ਰਿਪੋਰਟ ਪੁਲਿਸ ਥਾਣੇ ਜਾ ਪਹੁੰਚੀ। ਕਾਰਵਾਈ ਹੋਣ ਲੱਗੀ। ਪੁਲਿਸ ਦੇ ਮਾਰੇ ਦਬਕੇ ਨੇ ਤਾਰਨ ਦੇ ਪਤੀ ਦੇ ਹੋਸ਼ ਉਡਾਅ ਦਿੱਤੇ। ਪੁਲਿਸ ਵੱਲੋਂ ਦਿਖਾਈਆਂ ਰੰਗਦਾਰ ਫੋਟੋ ਦੇਖ ਕੇ ਤੇ ਐਨੇ ਵੱਡੇ ਵੱਡੇ ਜ਼ਖਮ ਦੇਖ ਕੇ ਹਾਇ ਹਾਇ ਕਰਦਾ ਉਹ ਖੁਦ ਵੀ ਜਿਵੇਂ ਹੈਰਾਨ ਹੋ ਗਿਆ। ਸੱਚੀ ਗੱਲ ਹੈ ਉਹ ਡਰ ਗਿਆ ਤੇ ਪੁਲਿਸ ਅਫਸਰ ਨੇ ਜਿੱਥੇ ਜਿੱਥੇ ਕਿਹਾ ਉਹਨੇ ਕਾਗਜ਼ਾਂ ਉਪਰ ਦਸਖਤ ਕਰ ਦਿੱਤੇ। ਫਿਰ ਕੀ ਹੋਣਾ ਸੀ ?...ਜੋ ਮੰਗੀ ਨੇ ਚਾਹਿਆ ਉਹੀ ਹੋਇਆ।

ਤਾਰਨਵੀਰ ਨੇ ਪਤੀ ਵੀ ਛੱਡਿਆ ਤੇ ਪਤੀ ਦਾ ਘਰ ਵੀ ਤਿਆਗ ਦਿੱਤਾ। ਉਸਨੇ ਉਸ ਘਰ ਵਿਚੋਂ ਆਪਣੇ ਪਹਿਨਣ ਵਾਲੇ ਕਪੜੇ ਹੀ ਚੁੱਕੇ ਹੋਰ ਕੋਈ ਚੀਜ਼ ਨਹੀਂ...ਨਾ ਗਹਿਣਾ-ਗੱਟਾ ਨਾ ਪੈਸਾ-ਧੇਲਾ।

ਹੁਣ ਉਹ ਦਫਤਰੋਂ ਛੁੱਟੀ ਕਰ ਕੇ ਆਉਂਦੀ ਤੇ ਭਾਈਆ ਜੀ ਕੋਲ ਬਹਿ ਜਾਂਦੀ..ਗੁੰਮ-ਸੁੰਮ, ਨਾ ਹੂੰ ਨਾ ਹਾਂ, ਜਿੱਦਾਂ ਗੁੰਗੀ ਹੋ ਗਈ ਹੋਵੇ, ਚੁੱਪ-ਗੜੁੱਪ। ਲਗਦਾ ਜਿਵੇਂ ਕੋਈ ਮੱਝ-ਗਾਂ ਭਾਈਆ ਜੀ ਕੋਲ ਆ ਬੈਠੀ ਹੋਵੇ।

ਲਓ ਬਈ ਚਾਹ ਪੀਓ... ਚਾਹ ਵਾਲਾ ਗੜਵਾ ਤੇ ਸੇਵੀਆਂ ਦੀ ਪਲੇਟ ਮੇਜ਼ 'ਤੇ ਰੱਖਦਾ ਕੁਲਤਾਰ ਬੋਲਿਆ।

ਕੁਲਤਾਰ ਦੇ ਮਗਰ ਹੀ ਕੱਪ ਚੁੱਕੀ ਮੰਗੀ ਵੀ ਆ ਗਈ ਤੇ ਤਾਰਨ ਵੱਲ ਦੇਖਦੀ ਖੁਸ਼ ਹੋ 'ਚ ਬੋਲੀ, ਲੈ ਬਈ ਤਾਰਨ..ਮੇਰਾ ਇਹ ਐਕਟਿਵਾ ਹੁਣ ਤੇਰੇ ਹਵਾਲੇ ਆ...ਮੇਰਾ ਮਤਲਬ ਇਹਨੂੰ ਹੁਣ ਤੂੰ ਹੀ ਚਲਾਉਣਾ...ਦਫਤਰ ਨੂੰ ਘੂਕਾਂ ਛੱਡਦੀ ਜਾਹ ਤੇ ਘੂਕਾਂ ਛੱਡਦੀ ਆ...ਤੇਰੀ ਬਈ ਆਹ ਚੁੱਪ ਮੈਨੂੰ ਬੜੀ ਚੁੱਭਦੀ ਆ..ਮੈਨੂੰ ਦੋ ਸਾਲ ਪਹਿਲਾਂ ਵਾਲੀ ਤਾਰਨ ਬਣ ਕੇ ਦਿਖਾ ਦੇ...ਹੱਸ ਹੱਸ ਗੱਲਾਂ ਕਰਨ ਵਾਲੀ..ਗਿੱਧਾ ਪਾਉਣ ਵਾਲੀ.. ਕਹਿੰਦੀ ਹੋਈ ਮੰਗੀ ਕੱਪਾਂ ਵਿੱਚ ਚਾਹ ਪਾਉਣ ਲੱਗ ਪਈ।

ਪਲ ਕੁ ਭਰ ਪਿੱਛੋਂ ਭਾਈਆ ਖੰਘੂਰਾ ਮਾਰ ਕੇ ਬੋਲਿਆ, ਪੁੱਤ ਹੌਂਸਲਾ ਨਈਂ ਛੱਡੀਦਾ...ਦੁਨੀਆਂ ਦਾ ਕੋਈ ਅੰਤ ਆ...ਇਹ ਤਾਂ ਹੋਰ ਪਰੇ ਤੇ ਹੋਰ..ਮੇਰਾ ਪੁੱਤ ਅਸੀਂ ਕਿਹੜਾ ਰੱਬ ਦੇ ਮਾਂਹ ਮਾਰੇ ਆ...ਮਾਹਰਾਜ ਕੋਈ ਚੰਗਾ ਈ ਢੋ ਢੁਕਾਊ... ਕਹਿੰਦੇ ਹੋਏ ਭਾਈਏ ਨੇ ਧੀ ਨੂੰ ਵੱਖੀ ਨਾਲ ਘੁੱਟ ਲਿਆ। ਲੰਮਾ ਸਾਰਾ ਹਉਕਾ ਲੈ ਕੇ ਭਾਈਆ ਬੋਲਿਆ, ਦੇਖੋ ਏਸ ਧੀ ਦਾ ਜਿਗਰਾ..ਯਾਰੋ ਓਥੇ ਕੱਲੀ ਬੈਠੀ ਝੱਲਦੀ ਰਹੀ ਦੁੱਖ-ਤਕਲੀਫ਼ਾਂ...ਰਤਾ ਧੂਹ ਨਈਂ ਕੱਢੀ..ਮੇਰੀ ਧਰਤੀ ਵਰਗੀ ਧੀ ਨੇ... ਬੋਲਦੇ ਹੋਏ ਭਾਈਏ ਦੀਆਂ ਅੱਖਾਂ ਛਲਕ ਪਈਆਂ। ਡੈਡ! ਹਾਇ ਦੇਖੋ ਇਹ ਤਾਂ ਅੱਥਰੂ ਕੇਰੀ ਜਾਂਦੀ ਆ... ਮੰਗੀ ਨੇ ਹਥਲਾ ਕੱਪ ਧਰ ਕੇ ਤਾਰਨ ਦਾ ਸਿਰ ਪਲੋਸਿਆ।

ਹਟ ਜਾ ਪੁੱਤ ਇਹਨੂੰ ਜੀ ਹੌਲਾ ਕਰ ਲੈਣ ਦੇ... ਕਹਿ ਕੇ ਭਾਈਏ ਨੇ ਤਾਰਨ ਵੱਲ ਦੇਖਿਆ ਤੇ ਫਿਰ ਅਸਮਾਨ ਵੱਲ ..ਤੇ ਨਲਕੇ ਵੱਲ ਜਾਂਦਾ ਬੁੜਬੁੜਾਇਆ, ਵਾਹ ਓਇ ਰੱਬਾ!...ਦੇਖ ਧੀਆਂ ਦੇ ਲੇਖ..

***

## ਮਾਪਿਆਂ ਲਈ ਬੱਚਿਆਂ ਨਾਲ

ਯਤਨਾਂ ਅਤੇ ਪ੍ਰਾਪਤੀਆਂ ਦੀ ਪ੍ਰਸ਼ੰਸਾ ਕਰੋ ਅਤੇ ਉਨ੍ਹਾਂ ਨੂੰ ਸਵੀਕਾਰ ਕਰੋ। ਬੱਚੇ ਦਾ ਆਤਮ ਵਿਸ਼ਵਾਸ ਵਧਾਉਣ ਲਈ ਉਸਦੇ ਛੋਟੇ-ਛੋਟੇ ਯਤਨਾਂ ਦੀ ਸਲਾਘਾ ਕਰੋ।

**8. ਗੱਲਬਾਤ ਲਈ ਸਮਰਪਿਤ ਸਮਾਂ ਰੱਖੋ:** ਇੱਕ ਰੁਟੀਨ ਬਣਾਓ ਜਿੱਥੇ ਤੁਸੀਂ ਅਤੇ ਤੁਹਾਡੇ ਬੱਚੇ ਨੂੰ ਬਿਨਾਂ ਕਿਸੇ ਰੁਕਾਵਟ ਦੇ ਗੱਲ ਕਰਨ ਅਤੇ ਜੁੜਨ ਲਈ ਨਿਯਮਿਤ ਤੌਰ 'ਤੇ ਸਮਾਂ ਹੋਵੇ। ਇਸ ਸਮੇਂ ਦੌਰਾਨ ਤੁਸੀਂ ਬੱਚੇ ਦੇ ਸਾਰੇ ਦਿਨ ਦੇ ਕੰਮਾਂ ਅਤੇ ਰੁਟੀਨ ਬਾਰੇ ਗੱਲ ਕਰ ਸਕਦੇ ਹੋ।

**9. ਇੱਕ ਰੋਲ ਮਾਡਲ ਬਣੋ:** ਆਪਣੇ ਬੱਚੇ ਨਾਲ ਆਦਰਯੋਗ, ਇਮਾਨਦਾਰ ਅਤੇ ਖੁੱਲ੍ਹ ਕੇ ਗੱਲਬਾਤ ਕਰਨ ਦੇ ਪ੍ਰਭਾਵਸ਼ਾਲੀ ਹੁਨਰ ਦਾ ਪ੍ਰਦਰਸ਼ਨ ਕਰੋ। ਇਸ ਨਾਲ ਤੁਹਾਡੇ ਬੱਚਿਆਂ ਵਿੱਚ ਤੁਹਾਡੇ ਪ੍ਰਤੀ ਪਿਆਰ ਅਤੇ ਸਤਿਕਾਰ ਹੋਰ ਵਧੇਗਾ।

**10. ਸਹਾਇਕ ਬਣੋ:** ਆਪਣੇ ਬੱਚੇ ਨੂੰ ਆਪਣੇ ਆਪ ਨੂੰ ਇਮਾਨਦਾਰੀ ਨਾਲ ਪ੍ਰਗਟ ਕਰਨ ਲਈ ਉਤਸ਼ਾਹਿਤ ਕਰੋ, ਭਾਵੇਂ ਉਸ ਦੇ ਵਿਚਾਰ ਜਾਂ ਭਾਵਨਾਵਾਂ ਤੁਹਾਡੇ ਤੋਂ ਵੱਖਰੀਆਂ ਹੋਣ। ਉਹਨਾਂ ਦੇ ਸਹਾਇਕ ਬਣੋ ਉਹਨਾਂ ਦੀ ਹਰ ਗੱਲ ਸੁਣੋ।

ਇਹ ਕੁਝ ਅਜਿਹੇ ਤਰੀਕੇ ਜਾਂ ਵਿਵਹਾਰ ਹਨ, ਜਿਨ੍ਹਾਂ ਰਾਹੀਂ ਮਾਪੇ ਆਪਣੇ ਬੱਚਿਆਂ ਦੇ ਚੰਗੇ ਦੋਸਤ ਬਣ ਸਕਦੇ ਹਨ, ਉਨ੍ਹਾਂ ਦਾ ਮਾਰਗ ਦਰਸ਼ਨ ਕਰ ਸਕਦੇ ਹਨ ਅਤੇ ਉਹਨਾਂ ਨੂੰ ਇੱਕ ਚੰਗੇ ਨਾਗਰਿਕ ਬਣਾ ਸਕਦੇ ਹਨ। ਜਿੰਨਾਂ ਬੱਚੇ ਤੁਹਾਡੇ ਨਾਲ ਗੱਲਾਂ ਸਾਂਝੀਆਂ ਕਰਨਗੇ, ਉਨੇਂ ਹੀ ਉਹ ਤੁਹਾਡੇ ਨੇੜੇ ਅਤੇ ਸੁਰਖਿਅਤ ਰਹਿਣਗੇ। ਮਾਪੇ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਬੱਚੇ ਦੀਆਂ ਬੁਨਿਆਦੀ ਲੋੜਾਂ ਤੋਂ ਵੀ ਅਹਿਮ ਹੈ ਬੱਚੇ ਨੂੰ ਸਮਾਂ ਦੇਣਾ ਅਤੇ ਉਸ ਨਾਲ ਗੱਲਾਂ ਕਰਨੀਆਂ ਤਾਂ ਜੋ ਤੁਸੀਂ ਆਪਣੇ ਬੱਚੇ ਦਾ ਸਹੀ ਮਾਰਗ ਦਰਸ਼ਨ ਕਰ ਸਕੋ। ਤੁਹਾਡਾ ਅਜਿਹੇ ਤਰੀਕੇ ਨਾਲ ਬੱਚੇ ਨਾਲ ਗੱਲਬਾਤ ਕਰਨਾ ਬੱਚੇ ਨੂੰ ਕਈ ਮਾਨਸਿਕ ਪਰੇਸ਼ਾਨੀਆਂ ਅਤੇ ਗਲਤ ਸੰਗਤ ਤੋਂ ਬਚਾਇਆ ਜਾ ਸਕਦਾ ਹੈ। ਤੁਹਾਡਾ ਅਜਿਹਾ ਵਿਵਹਾਰ ਹੀ ਬੱਚੇ ਨੂੰ ਪਰਿਵਾਰ ਦਾ ਇੱਕ ਸਮਝਦਾਰ ਮੈਂਬਰ ਅਤੇ ਸਮਾਜ ਦਾ ਇੱਕ ਜਿੰਮੇਵਾਰ ਨਾਗਰਿਕ ਬਣਾ ਸਕਦਾ ਹੈ।

***

## ਕੀ ਹੁਣ ਜੋਤਿਸ਼ ਵਿਦਿਆ ਨਾਲ

ਇਸ ਤਰ੍ਹਾਂ, ਅੱਜ ਭਾਰਤ 100 ਪਿੰਡਾਂ ਵਿੱਚ 35 ਮਿਲੀਅਨ ਬੱਚਿਆਂ ਤੱਕ ਪਹੁੰਚਣ ਲਈ ਪੇਂਡੂ ਜ਼ਮੀਨੀ ਪੱਧਰ ਦੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਦੇ ਨਾਲ-ਨਾਲ 10 ਲੱਖ ਖਿਡਾਰੀਆਂ ਨੂੰ ਰਜਿਸਟਰ ਕਰਨ ਅਤੇ ਫੁੱਟਬਾਲ ਸਕੂਲਾਂ ਰਾਹੀਂ 25 ਮਿਲੀਅਨ ਬੱਚਿਆਂ ਨੂੰ ਫੁੱਟਬਾਲ ਦੀ ਸਿੱਖਿਆ ਪ੍ਰਦਾਨ ਕਰਨ ਲਈ ਇੱਕ ਵੱਡੀ ਪਹਿਲਕਦਮੀ 'ਤੇ ਵਿਚਾਰ ਕਰ ਰਿਹਾ ਹੈ। ਉਂਝ, ਅੱਜ ਸਾਡੇ ਸਾਹਮਣੇ ਜੋ ਸਥਿਤੀ ਹੈ, ਉਸ ਵਿੱਚ ਇਹ ਸਾਰੀਆਂ ਗੱਲਾਂ ਅਤੇ ਵਾਅਦੇ ਖਾਲੀ ਹੀ ਕਹੇ ਜਾ ਸਕਦੇ ਹਨ। ਹਾਲਾਂ ਕਿ ਇਸ ਘਟਨਾ ਨੇ ਭਾਰਤੀ ਫੁੱਟਬਾਲ ਜਗਤ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਹੈ। ਇਹ ਉਨ੍ਹਾਂ ਨੌਜਵਾਨਾਂ ਲਈ ਬਹੁਤ ਵੱਡਾ ਝਟਕਾ ਹੈ ਜੋ ਸ਼ਾਇਦ ਇਸ ਖੇਡ ਦਾ ਹਿੱਸਾ ਬਣਨ ਦਾ ਸੁਪਨਾ ਲੈ ਰਹੇ ਹੋਣ। ਇਸ ਦੇ ਬਾਵਜੂਦ, ਸਾਨੂੰ ਭਾਰਤੀ ਫੁੱਟਬਾਲ ਦੇ ਪ੍ਰਦਰਸ਼ਨ ਵਿੱਚ ਗਿਰਾਵਟ ਦਾ ਮੁਲਾਂਕਣ ਕਰਨ ਅਤੇ ਲਗਾਤਾਰ ਕੋਚ ਬਦਲਣ ਦੀ ਆਪਣੀ ਪਰੰਪਰਾ ਲਈ ਫੈਡਰੇਸ਼ਨ ਦੀ ਆਲੋਚਨਾ ਕਰਨ ਤੋਂ ਗੁਰੇਜ਼ ਕਰਨ ਦੀ ਲੋੜ ਹੈ, ਕਿਉਂਕਿ ਅਸੀਂ ਪਿਛਲੇ ਛੇ ਦਹਾਕਿਆਂ ਤੋਂ ਅਜਿਹਾ ਹੀ ਕਰਦੇ ਆ ਰਹੇ ਹਾਂ। ਅੱਜ ਸਮਾਂ ਆ ਗਿਆ ਹੈ ਕਿ ਅਸੀਂ ਫੈਡਰੇਸ਼ਨ ਨੂੰ ਕਹੀਏ ਕਿ ਉਹ ਇਨ੍ਹਾਂ ਰੂੜ੍ਹੀਵਾਦੀ ਸੋਚ ਤੋਂ ਮੁਕਤ ਹੋ ਕੇ ਆਪਣੇ ਬਣਾਏ 'ਵਿਜ਼ਨ 2047' 'ਤੇ ਧਿਆਨ ਕੇਂਦਰਿਤ ਕਰੇ। ਫੁੱਟਬਾਲ ਦੇ ਮਹਾਂਰਥੀ ਵੀ ਇਸ ਗੱਲ 'ਤੇ ਜ਼ੋਰ ਦਿੰਦੇ ਰਹੇ ਹਨ ਕਿ ਭਾਰਤ 'ਚ ਇਸ ਖੇਡ ਦੇ ਵਿਕਾਸ ਲਈ ਪੁਰਾਣੇ ਪੈਟਰਨ 'ਤੇ ਚੱਲਣ ਦੀ ਬਜਾਏ ਕੁਝ ਨਵਾਂ ਸੋਚਣਾ ਹੋਵੇਗਾ ਅਤੇ ਜ਼ਮੀਨ 'ਤੇ ਲਾਗੂ ਕਰਨਾ ਹੋਵੇਗਾ। ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਕਲੱਬਾਂ ਨੂੰ ਮੁੜ ਸੁਰਜੀਤ ਕਰਨਾ ਹੋਵੇਗਾ। ਜੇਕਰ ਕਲੱਬ ਜ਼ਿੰਦਾ ਹਨ ਤਾਂ ਇਸ ਨਾਲ ਖਿਡਾਰੀਆਂ ਦੇ ਵਿਕਾਸ ਵਿੱਚ ਵੀ ਮਦਦ ਮਿਲੇਗੀ। ਸਥਾਨਕ ਟੂਰਨਾਮੈਂਟਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਅਤੇ ਜ਼ਮੀਨੀ ਪੱਧਰ ਤੱਕ ਸਹੂਲਤਾਂ ਦਿੱਤੀਆਂ ਜਾਣ।

***

## ਔਰਤਾਂ ਲਈ ਇਨਸਾਫ਼ 'ਚ

ਕੀ ਉੱਥੇ ਉਧਾਲੇ, ਬਲਾਤਕਾਰ, ਘਰੇਲੂ ਹਿੰਸਾ ਲਈ ਕੋਈ ਥਾਂ ਹੋਣੀ ਚਾਹੀਦੀ ਹੈ?

ਸਾਲ 2021 ਵਿੱਚ 43000 ਕੇਸ ਔਰਤਾਂ ਵਿਰੁੱਧ ਅੱਤਿਆਚਾਰ, ਅਪਰਾਧ ਆਦਿ ਦੇ ਦਰਜ਼ ਹੋਏ ਅਤੇ ਇਨਸਾਫ਼ ਦੀ ਉਡੀਕ ਵਿੱਚ ਮਾਸੂਮ, ਮਾਯੂਸ ਅੱਖਾਂ ਅਦਾਲਤੀ ਦਰਵਾਜ਼ਿਆਂ ਦਾ ਰੁਖ਼ ਕਰੀ ਬੈਠੀਆਂ ਹਨ। ਸਾਲ 1992 ਦੀ ਘਟਨਾ ਹੈ। ਇੱਕ ਆਦਿ ਵਾਸੀ ਕੁੜੀ ਜੋ ਗੁੰਗੀ ਬੋਲੀ ਸੀ, ਉਹ ਆਪਣੀ ਰੋਜ਼ੀ ਰੋਟੀ ਲਈ ਮਜ਼ਦੂਰੀ ਕਰਿਆ ਕਰਦੀ ਸੀ। ਇਸ ਨੰਨ੍ਹੀ ਬਾਲਕਾ ਦਾ ਬਲਾਤਕਾਰ ਹੋਇਆ। ਨਿਰਭੈ ਦਾ ਦਿੱਲੀ ਦੀਆਂ ਸੜਕਾਂ 'ਤੇ ਬਲਾਤਕਾਰ ਅਤੇ ਕਤਲ ਕਿਸ ਨੂੰ ਯਾਦ ਨਹੀਂ। ਨਿੱਤ ਦਿਹਾੜੇ ਪੇਂਡੂ ਭਾਰਤ ਜਿਸ ਦੀ ਆਬਾਦੀ 70 ਫੀਸਦੀ ਹੈ, ਉੱਥੇ ਬਲਾਤਕਾਰ ਹੁੰਦੇ ਹਨ, ਕਤਲ ਹੁੰਦੇ ਹਨ, ਸੁਪਨੇ ਕਤਲ ਹੁੰਦੇ ਹਨ, ਲੜਕੀਆਂ ਨੂੰ ਕਈ ਹਾਲਾਤਾਂ ਵਿੱਚ ਦੋਸ਼ੀ ਗਰਦਾਨਿਆਂ ਜਾਂਦਾ ਹੈ ਅਤੇ ਉਹਨਾਂ ਦੇ ਮੂੰਹ 'ਤੇ ਪੱਟੀ ਬੰਨ੍ਹ ਦਿੱਤੀ ਜਾਂਦੀ ਹੈ, ਸਮਾਜ ਵਿੱਚ ਬਦਨਾਮੀ ਦੇ ਡਰ ਦੀ ਪੱਟੀ ! ਉਸ ਵੇਲੇ ਆਖ਼ਿਰ ਕੁਦਰਤੀ ਇਨਸਾਫ਼ ਕਿੱਥੇ ਚਲਾ ਜਾਂਦਾ ਹੈ? ਉੱਥੇ ਪੰਚਾਇਤੀ ਇਨਸਾਫ਼ ਵੀ ਔਰਤਾਂ ਦੇ ਵਿਰੁੱਧ ਕਿਉਂ ਹੋ ਜਾਂਦਾ ਹੈ?

ਦੇਸ਼ ਦੀਆਂ ਵੱਡੀਆਂ ਅਦਾਲਤਾਂ ਪੇਚੀਦਾ ਪ੍ਰਕਿਰਿਆ ਅਤੇ ਪੰਚਾਇਤੀ ਅਦਾਲਤਾਂ ਦੀ ਚੁੱਪ ਤੇ ਸਾਜ਼ਿਸ਼ੀ ਢੰਗੀ ਪ੍ਰਕਿਰਿਆ ਔਰਤਾਂ ਦੇ ਜੀਵਨ ਦਾ ਰਾਹ ਹੀ ਬਦਲ ਦਿੰਦੀ ਹੈ। ਜ਼ਿੰਦਗੀ ਭਰ ਅਸਹਿਜਤਾ, ਮਨ ਉੱਤੇ ਮਣਾਂ ਮੂੰਹੀਂ ਭਾਰ ਚੁੱਕੀ ਫਿਰਦੀਆਂ ਇਹ ਬੇਕਸੂਰ ਔਰਤਾਂ ਕਈ ਹਾਲਾਤਾਂ ਵਿੱਚ ਆਪਣੇ ਆਪ ਨੂੰ ਸਮਾਜ ਤੇ ਭਾਰ ਸਮਝਣ ਲਗਦੀਆਂ ਹਨ। ਦੁੱਖ ਦੀ ਗੱਲ ਹੈ ਕਿ ਬਲਾਤਕਾਰ ਜਿਹੇ ਕੇਸ ਪੁਖਤਾ ਹੋਣ ਦੇ ਬਾਵਜੂਦ ਵੀ ਇਹਨਾਂ ਮਾਮਲਿਆਂ ਨੂੰ ਸਿੱਧ ਕਰਨਾ ਔਖਾ ਹੋਣ ਕਾਰਨ ਅਤੇ ਬਦਨਾਮੀ ਦੇ ਡਰੋਂ ਪੁਲਿਸ ਥਾਣੇ ਵਿੱਚ ਇਹੋ ਜਿਹੇ ਕੇਸਾਂ ਦੀ ਰਪਟ ਵੀ ਦਰਜ਼ ਨਹੀਂ ਕਰਵਾਈ ਜਾਂਦੀ। ਇਹੋ ਜਿਹੇ ਮਾਮਲਿਆਂ ਵਿੱਚ ਕਈ ਵਾਰ ਸਬੰਧਿਤਾਂ ਨਾਲ ਸਿੱਧਿਆਂ ਨਿਪਟਿਆ ਜਾਂਦਾ ਹੈ ਅਤੇ ਕਤਲ ਤੱਕ ਵੀ ਕਰ ਦਿੱਤੇ ਜਾਂਦੇ ਹਨ।

ਅਸਲ ਵਿੱਚ ਅਦਾਲਤੀ ਪਚੀਦਗੀਆਂ ਕਾਰਨ ਨਿਆਂ ਦੇ ਮੋਰਚੇ 'ਤੇ ਇੱਕ ਨਿਰਾਸ਼ਾਜਨਕ ਤਸਵੀਰ ਉਭਰਦੀ ਹੈ। ਜਿਸ ਦੇ ਵੱਡੇ ਤੋਂ ਵੱਡੇ ਕਾਰਨ ਵੀ ਹੀ ਸਕਦੇ ਹਨ ਅਤੇ ਛੋਟੇ ਤੋਂ ਛੋਟੇ ਕਾਰਨ ਵੀ ਪਰ ਔਰਤਾਂ ਨੂੰ ਇਸ ਦਰਿੰਦਗੀ ਭਰੇ ਵਰਤਾਓ ਵਿਰੁੱਧ ਇਨਸਾਫ਼ ਨਾ ਮਿਲਣਾ ਸਾਡੇ ਅਦਾਲਤੀ ਢਾਂਚੇ, ਮੌਜੂਦਾ ਕਾਨੂੰਨਾਂ ਸਬੰਧੀ ਵੱਡੇ ਪ੍ਰਸ਼ਨ ਖੜ੍ਹੇ ਕਰਦਾ ਹੈ। ਜਿਸ ਨੂੰ ਸਮਝ ਕੇ, ਘੋਖ ਕੇ, ਕਾਨੂੰਨੀ ਜਟਿਲਤਾ ਅਤੇ ਇਨਸਾਫ਼ ਦੀ ਢਿੱਲਾ ਰਵੱਈਆ ਖਤਮ ਕਰਨ ਹੋਵੇਗਾ ਕਿਉਂਕਿ ਨਿਆਂ ਪ੍ਰਣਾਲੀ ਦੀ ਢਿੱਲੜ ਤੋਰ, ਇਨਸਾਫ਼ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦੀ ਹੈ ਦੁੱਖ ਦੀ ਗੱਲ ਤਾਂ ਇਹ ਵੀ ਹੈ ਇਹੋ ਜਿਹੇ ਹਾਲਾਤਾਂ ਵਿੱਚ ਅਪਰਾਧਿਕ ਮਾਨਸਿਕਤਾ ਵਾਲੇ ਲੋਕਾਂ ਦੀ ਹਿੰਮਤ ਵਧਦੀ ਹੀ ਹੈ, ਚੜ੍ਹ ਮੱਚਦੀ ਹੈ ਅਤੇ ਇਨਸਾਫ਼ ਲਈ ਲੜਨ ਵਾਲੇ ਲੋਕ ਤੇ ਪੀੜਤ ਚੁਭਣ ਮਹਿਸੂਸ ਕਰਦੇ ਹਨ।

****

## ਜਮਹੂਰੀਅਤ ਤੇ ਸੰਘਵਾਦ ਲਈ ਨੁਕਸਾਨਦੇਹ ਹਨ

ਇਨ੍ਹਾਂ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਸਮੇਂ ਸਿਰ ਲਾਗੂ ਨਹੀਂ ਕੀਤਾ ਜਾ ਸਕੇਗਾ। ਪਰ ਸੰਕੇਤ ਮਿਲ ਰਹੇ ਹਨ ਕਿ ਸਰਕਾਰ ਇਸ ਦੀ ਪ੍ਰਕਿਰਿਆ ਸ਼ੁਰੂ ਕਰਨ ਜਾ ਰਹੀ ਹੈ। 18 ਤੋਂ 22 ਸਤੰਬਰ ਤੱਕ ਬੁਲਾਏ ਗਏ ਸੰਸਦ ਦੇ ਵਿਸ਼ੇਸ਼ ਇਜਲਾਸ 'ਚ ਇਸ ਸੰਬੰਧੀ ਕੋਈ ਐਲਾਨ ਹੋ ਸਕਦਾ ਹੈ। ਵਿਰੋਧੀ ਪਾਰਟੀਆਂ ਨੂੰ ਚੌਕਸ ਰਹਿਣਾ ਚਾਹੀਦਾ ਹੈ ਅਤੇ ਮੋਦੀ ਸਰਕਾਰ ਦੇ ਅਗਲੇ ਕਦਮ ਲਈ ਤਿਆਰ ਰਹਿਣਾ ਚਾਹੀਦਾ ਹੈ। ਉਨ੍ਹਾਂ ਨੂੰ ਤੁਰੰਤ ਇਕ ਵੱਡੀ ਮੁਹਿੰਮ ਨਾਲ ਲੋਕਾਂ ਕੋਲ ਜਾਣਾ ਚਾਹੀਦਾ ਹੈ ਅਤੇ ਦੱਸਣਾ ਚਾਹੀਦਾ ਹੈ ਕਿ ਵੰਨ ਨੇਸ਼ਨ, ਵੰਨ ਇਲੈਕਸ਼ਨ ਚੋਣ ਲੋਕਤੰਤਰ ਅਤੇ ਸੰਘਵਾਦ ਲਈ ਨੁਕਸਾਨਦੇਹ ਹੈ।

***

## ਆਮਦਨੀ ਅੱਠਨੀ ਖ਼ਰਚਾ

ਪੰਜਾਬ ਵਿੱਚ ਵੱਡੀ ਗਿਣਤੀ ਅਜਿਹੇ ਵੀ ਨੌਜਵਾਨ ਹਨ ਜੋ ਕਿ ਦੋ ਦੋ ਜਾਂ ਤਿੰਨ ਕੰਪਨੀਆਂ ਜਾਂ ਦਫ਼ਤਰਾਂ ਦਾ ਕੰਮ ਕਰਦੇ ਹਨ। ਕਈ ਤਾਂ ਵੱਖ ਵੱਖ ਅਦਾਰਿਆਂ ਵਿੱਚ ਘੰਟਿਆਂ ਦੇ ਹਿਸਾਬ ਨਾਲ ਵੀ ਕੰਮ ਕਰਦੇ ਹਨ ਤਾਂ ਕਿ ਉਹਨਾਂ ਨੂੰ ਦੋ ਪਾਸਿਓਂ ਆਮਦਨੀ ਹੋ ਸਕੇ। ਇਸ ਤੋਂ ਇਲਾਵਾ ਕਈ ਨ ਜਵਾਨ ਦਫਤਰ ਦੇ ਨਾਲ ਨਾਲ ਆਪਣੇ ਘਰ ਵਿਚ ਵੀ ਕੋਈ ਨਾ ਕੋਈ ਕੰਮ ਕਰਦੇ ਹਨ ਤਾਂ ਕਿ ਉਹਨਾਂ ਦੀ ਆਮਦਨੀ ਵਧੇ। ਬਹੁਤ ਸਾਰੇ ਨ ਜਵਾਨ ਅਜਿਹੇ ਹਨ ਜੋ ਕਿ ਸਵੇਰੇ 7 ਵਜੇ ਤੋਂ ਲੈ ਕੇ ਦੁਪਹਿਰ 2 ਵਜੇ ਤਕ ਇੱਕ ਦਫ਼ਤਰ ਵਿੱਚ ਕੰਮ ਕਰਦੇ ਹਨ ਅਤੇ ਦੁਪਹਿਰ 3 ਵਜੇ ਤੋਂ ਰਾਤ ਦੇ 9 ਵਜੇ ਤਕ ਕਿਸੇ ਹੋਰ ਦਫ਼ਤਰ ਵਿੱਚ ਕੰਮ ਕਰਦੇ ਹਨ। ਅਜਿਹੇ ਨੌਜਵਾਨਾਂ ਨੂੰ ਮਿਹਨਤ ਤਾਂ ਬਹੁਤ ਕਰਨੀ ਪੈਂਦੀ ਹੈ ਪਰ ਇਹਨਾਂ ਨੂੰ ਜਦੋਂ ਹਰ ਮਹੀਨੇ ਦੋ ਦਫ਼ਤਰਾਂ ਤੋਂ ਤਨਖਾਹ ਮਿਲਦੀ ਹੈ ਤਾਂ ਇਹਨਾਂ ਦੀ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ। ਪੰਜਾਬ ਦੇ ਵਿਹਲੇ ਫਿਰਦੇ ਨੌਜਵਾਨਾਂ ਨੂੰ ਵੀ ਅਜਿਹੇ ਦੋ ਦੋ ਕੰਮ ਕਰਨ ਵਾਲੇ ਨ ਜਵਾਨਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਕਿਉਂਕਿ ਮਾਪੇ ਸਦਾ ਨਹੀਂ ਰਹਿੰਦੇ ਅਤੇ ਨੌਜਵਾਨਾਂ ਨੂੰ ਸਮੇਂ ਸਿਰ ਰੁਜ਼ਗਾਰ ਪ੍ਰਾਪਤ ਕਰਕੇ ਆਪਣਾ ਖਰਚਾ ਆਪ ਚੁੱਕਣਾ ਚਾਹੀਦਾ ਹੈ।

***

## ਆਉਣ ਵਾਲੇ ਯੁੱਧਾਂ ਦੀ ਦਿਸ਼ਾ

ਆਸਟ੍ਰੇਲੀਆ ਖ਼ੁਦਮੁਖ਼ਤਿਆਰ ਹਥਿਆਰਾਂ ਦੀਆਂ ਸੰਭਾਵਨਾਵਾਂ ਵਿੱਚ ਵੀ ਡੂੰਘੀ ਦਿਲਚਸਪੀ ਰੱਖਦਾ ਹੈ।

ਹਾਲਾਂ ਕਿ ਅਮਰੀਕੀ ਉਪ ਰੱਖਿਆ ਮੰਤਰੀ ਦੇ ਇਸ ਐਲਾਨ ਤੋਂ ਬਾਅਦ ਚਰਚਾ ਚੱਲ ਰਹੀ ਹੈ ਕਿ ਕੀ ਨਵੀਂ ਬਹਾਦਰ ਫੌਜ ਬਣਾਈ ਜਾ ਰਹੀ ਹੈ। ਨਾਲ ਹੀ ਇਸ ਸਬੰਧੀ ਹੋਈ ਚਰਚਾ ਦੌਰਾਨ ਕੁਝ ਚਿੰਤਾਵਾਂ ਵੀ ਸਾਹਮਣੇ ਆਈਆਂ ਹਨ। ਦਰਅਸਲ, ਖ਼ੁਦਮੁਖ਼ਤਿਆਰ ਪ੍ਰਣਾਲੀਆਂ ਬਾਰੇ ਇੱਕ ਵੱਡੀ ਚਿੰਤਾ ਇਹ ਹੈ ਕਿ ਕੀ ਉਨ੍ਹਾਂ ਦੀ ਵਰਤੋਂ ਹਥਿਆਰਬੰਦ ਸੰਘਰਸ਼ ਦੇ ਕਾਨੂੰਨਾਂ ਦੇ ਅਨੁਕੂਲ ਹੋ ਸਕਦੀ ਹੈ? ਆਸ਼ਾਵਾਦੀ ਦਲੀਲ ਦਿੰਦੇ ਹਨ ਕਿ ਰੋਬੋਟਾਂ ਨੂੰ ਨਿਯਮਾਂ ਦੀ ਪਾਲਣਾ ਕਰਨ ਲਈ ਧਿਆਨ ਨਾਲ ਪ੍ਰੋਗਰਾਮ ਕੀਤਾ ਜਾ ਸਕਦਾ ਹੈ ਕਿਉਂਕਿ ਉਹ ਲੜਾਈ ਦੀ ਗਰਮੀ ਅਤੇ ਉਲਝਣ ਵਿੱਚ ਮਨੁੱਖਾਂ ਨਾਲੋਂ ਬਿਹਤਰ ਨਿਯਮਾਂ ਦੀ ਪਾਲਣਾ ਕਰ ਸਕਦੇ ਹਨ। ਦੂਜੇ ਪਾਸੇ, ਨਿਰਾਸ਼ਾਵਾਦੀ ਇਤਰਾਜ਼ ਕਰਦੇ ਹੋਏ ਕਹਿੰਦੇ ਹਨ ਕਿ ਸਾਰੀਆਂ ਸਥਿਤੀਆਂ ਦੀ ਭਵਿੱਖਬਾਣੀ ਨਹੀਂ ਕੀਤੀ ਜਾ ਸਕਦੀ ਅਤੇ ਰੋਬੋਟ ਗਲਤ ਸਮਝ ਸਕਦੇ ਹਨ ਅਤੇ ਹਮਲਾ ਕਰ ਸਕਦੇ ਹਨ, ਜੋ ਕਿ ਨਹੀਂ ਹੋਣਾ ਚਾਹੀਦਾ। ਇੱਥੇ ਇਹ ਵੀ ਦੱਸ ਦੇਈਏ ਕਿ ਪਹਿਲਾਂ ਦੀਆਂ ਖ਼ੁਦਮੁਖ਼ਤਿਆਰੀ ਫੌਜੀ ਪ੍ਰਣਾਲੀਆਂ ਵਿੱਚ, ਫਲੈਂਕਸ ਕਲੋਜ਼-ਇਨ ਪੁਆਇੰਟ ਡਿਫੈਂਸ ਗਨ ਅਤੇ ਪੈਟ੍ਰਿਅਟ ਸਰਫੇਸ-ਟੂ-ਏਅਰ ਮਿਜ਼ਾਈਲ ਨੇ ਮਾੜਾ ਪ੍ਰਦਰਸ਼ਨ ਕੀਤਾ, ਜਿਸ ਨਾਲ ਸਭ ਦਾ ਨੁਕਸਾਨ ਹੋਇਆ। ਖੈਰ ... ਇਹ ਦੇਖਣਾ ਦਿਲਚਸਪ ਹੋਵੇਗਾ ਕਿ ਰੋਬੋਟ ਭਵਿੱਖ ਦੀਆਂ ਲੜਾਈਆਂ ਕਿਵੇਂ ਲੜਦੇ ਹਨ?

***

## ਅਮਰੀਕੀ ਰਾਸ਼ਟਰਪਤੀ ਬਿਡੇਨ

ਮੁਕੱਦਮੇ ਤੋਂ ਬਚਾਉਣ ਦਾ ਦੋਸ਼ ਲਗਾਇਆ ਹੈ, ਅਤੇ ਉਨ੍ਹਾਂ ਨੇ ਵੀਸ 'ਤੇ ਉਸ 'ਤੇ ਆਸਾਨੀ ਨਾਲ ਚੱਲਣ ਦਾ ਦੋਸ਼ ਲਗਾਇਆ ਹੈ।

ਵ੍ਹਾਈਟ ਹਾਊਸ ਨੇ ਹੰਟਰ ਬਿਡੇਨ ਦੀ ਨਿਆਂ ਵਿਭਾਗ ਦੀ ਜਾਂਚ ਵਿਚ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ। ਰਾਸ਼ਟਰਪਤੀ ਬਿਡੇਨ ਨੇ ਇਹ ਵੀ ਕਿਹਾ ਹੈ ਕਿ ਉਨ੍ਹਾਂ ਨੇ ਜਾਂਚ ਬਾਰੇ ਆਪਣੇ ਬੇਟੇ ਨਾਲ ਗੱਲ ਨਹੀਂ ਕੀਤੀ ਹੈ। ਇਥੇ ਇਹ ਗੱਲ ਮਹੱਤਵਪੂਰਨ ਹੋ ਜਾਂਦੀ ਹੈ ਕਿ ਬਿਡੇਨ ਦੋਸ਼ੀ ਸਾਬਤ ਹੋਣ ਤੱਕ ਬੇਕਸੂਰ ਹੈ। ਉਸ ਨੇ ਅਜੇ ਤੱਕ ਆਪਣੇ 'ਤੇ ਲੱਗੇ ਦੋਸ਼ਾਂ ਦੀ ਪਟੀਸ਼ਨ ਦਾਇਰ ਨਹੀਂ ਕੀਤੀ ਹੈ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD

sling

CREDIBILITY

RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com